# PUNJAB VIDHAN SABHA

## DEBATES

*Friday, the 22nd February, 2019*

**Vol. VII – No. 8**

**OFFICIAL REPORT**

CONTENTS


| | | Page |
|---|---|---|
| Starred Questions and Answers | (8) | 1 |
| Written Answers to Starred Questions laid on the Table of the House under Rule 38 | (8) | 36 |
| Matters raised during Zero Hour | (8) | 40 |
| Walk Out | (8) | 46 |
| Matters raised during Zero Hour *(Resumption)* | (8) | 47 |
| Call Attention Notice under Rule 66 | (8) | 48 |
| Presentation of the Fourth Report of the Business Advisory Committee | (8) | 50 |



**Punjab Vidhan Sabha Secretariat, Chandigarh**

Price : Rs._________.

| | | |
|---|---|---|
| Papers Laid on the Table of the House | (8) | 52 |
| **Financial Business** | | |
| 1. (i) Presentation of the Excess Demands over Grants and Appropriations for the years 2011-12, 2012-13, 2013-14 and 2014-15 | (8) | 53 |
| (ii) Discussion and Voting on Excess Demands over Grants and Appropriations for the years 2011-12, 2012-13, 2013-14 and 2014-15 | (8) | 53 |
| (iii) The Punjab Appropriation Bill, 2019 | (8) | 57 |
| 2. (i) Presentation of the Supplementary Demands for Grants for Expenditure of the Government of Punjab for the year 2018-19 | (8) | 59 |
| (ii) Presentation of Report of the Committee on Estimates on the Supplementary Demands for Grants for Expenditure of the Government of Punjab for the year 2018-19 | (8) | (59) |
| (iii) Supplementary demands for Grants for Expenditure of the Government of Punjab for year 2018-19 | (8) | 60 |
| 1. Discussion on the Estimates of the Expenditure Charged on Revenue of the State | (8) | 60 |
| 2. Voting on the Demands for Supplementary Grants | (8) | 60 |
| (iv) The Punjab Appropriation (No. 2) Bill, 2019 | (8) | 75 |
| General Discussion on the Budget Estimates for the year 2019-20 | (8) | 77 |

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 1. | ਕੈਪਟਨ ਅਮਰਿੰਦਰ ਸਿੰਘ<br>ਮੁੱਖ ਮੰਤਰੀ | ਪ੍ਰਬੰਧਕੀ ਸੁਧਾਰ, ਖੇਤੀਬਾੜੀ ਅਤੇ ਕਿਸਾਨ ਭਲਾਈ, ਬਾਗਬਾਨੀ, ਭੂਮੀ ਅਤੇ ਜਲ ਸੰਭਾਲ, ਸ਼ਹਿਰੀ ਹਵਾਬਾਜ਼ੀ, ਰੱਖਿਆ ਸੇਵਾਵਾਂ ਭਲਾਈ, ਆਬਕਾਰੀ ਕਰ ਤੇ ਆਮ ਰਾਜ ਪ੍ਰਬੰਧ ਗ੍ਰਹਿ ਮਾਮਲੇ ਅਤੇ ਨਿਆਂ, ਪ੍ਰਾਹੁਣਾਚਾਰੀ, ਨਿਵੇਸ਼ ਪ੍ਰੋਤਸਾਹਨ, ਸੂਚਨਾ ਤੇ ਲੋਕ ਸੰਪਰਕ, ਕਾਨੂੰਨੀ ਤੇ ਵਿਧਾਨਕਾਰ ਮਾਮਲੇ, ਪਰਸੋਨਲ, ਵਾਤਾਵਰਨ, ਚੌਕਸੀ, ਜੰਗਲੀ ਜੀਵ, ਪ੍ਰਵਾਸੀ ਭਾਰਤੀ ਮਾਮਲੇ। |
| | Captain Amarinder Singh<br>Chief Minister | Administrative Reforms, Agriculture and Farmers' Welfare, Horticulture, Conservation of Land and Water, Civil Aviation, Defence Services Welfare, Excise & Taxation, General Administration, Home Affairs and Justice, Hospitality, Investment Promotion, Information & Public Relations, Legal & Legislative Affairs, Personnel, Environment, Vigilance, Wildlife, NRI Affairs. |
| 2. | ਸ਼੍ਰੀ ਬ੍ਰਹਮ ਮਹਿੰਦਰਾ | ਸਿਹਤ ਤੇ ਪਰਿਵਾਰ ਭਲਾਈ,ਮੈਡੀਕਲ ਸਿੱਖਿਆ ਤੇ ਖੋਜ, ਸੰਸਦੀ ਮਾਮਲੇ, ਚੋਣਾਂ, ਸ਼ਿਕਾਇਤ ਨਿਵਾਰਨ ਮੰਤਰੀ |
| | Shri Brahm Mohindra | Health & Family Welfare, Medical Education & Research , Parliamentary Affairs, Elections, Removal of Grievances Minister |
| 3. | ਸਰਦਾਰ ਨਵਜੋਤ ਸਿੰਘ ਸਿੱਧੂ | ਸਥਾਨਕ ਸਰਕਾਰ, ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ |
| | Sardar Navjot Singh Sidhu | Local Government, Tourism and Cultural Affairs Minister |

| | | |
|---|---|---|
| 4. | ਸਰਦਾਰ ਮਨਪ੍ਰੀਤ ਸਿੰਘ ਬਾਦਲ<br>Sardar Manpreet Singh Badal | ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ, ਪ੍ਰਸ਼ਾਸਨ ਸੁਧਾਰ ਮੰਤਰੀ<br>Finance, Planning, Programme Implementation, Governance Reforms Minister |
| 5. | ਸ਼੍ਰੀ ਓਮ ਪ੍ਰਕਾਸ਼ ਸੋਨੀ<br>Shri Om Parkash Soni | ਸਕੂਲ ਸਿੱਖਿਆ, ਆਜ਼ਾਦੀ ਘੁਲਾਟੀਏ ਅਤੇ ਫੂਡ ਪ੍ਰੋਸੈਸਿੰਗ ਮੰਤਰੀ<br>School Education , Freedom Fighters & Food Processing Minister |
| 6. | ਸਰਦਾਰ ਸਾਧੂ ਸਿੰਘ<br>Sardar Sadhu Singh | ਜੰਗਲਾਤ, ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ, ਛਪਾਈ ਤੇ ਲਿਖਣ ਸਮੱਗਰੀ ਮੰਤਰੀ<br>Forests, Social Justice Empowerment and Minorities, Printing & Stationery Minister |
| 7. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ<br>Sardar Tripat Rajinder Singh Bajwa | ਦਿਹਾਤੀ ਵਿਕਾਸ ਤੇ ਪੰਚਾਇਤਾਂ, ਮਕਾਨ ਤੇ ਸ਼ਹਿਰੀ ਵਿਕਾਸ ਮੰਤਰੀ<br>Rural Development & Panchayats, Housing & Urban Development Minister |
| 8. | ਰਾਣਾ ਗੁਰਮੀਤ ਸਿੰਘ ਸੋਢੀ<br>Rana Gurmeet Singh Sodhi | ਖੇਡਾਂ ਅਤੇ ਯੁਵਕ ਮਾਮਲੇ ਮੰਤਰੀ<br>Sports and Youth Affairs Minister |
| 9. | ਸਰਦਾਰ ਚਰਨਜੀਤ ਸਿੰਘ ਚੰਨੀ<br>Sardar Charanjit Singh Channi | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਰੁਜ਼ਗਾਰ ਉਤਪਤੀ ਅਤੇ ਟਰੇਨਿੰਗ, ਸਾਇੰਸ ਤੇ ਤਕਨਾਲੋਜੀ ਮੰਤਰੀ<br>Technical Education and Industrial Training, Employment Generation, Training, Science & Technology Minister |
| 10. | ਸ਼੍ਰੀਮਤੀ ਅਰੁਨਾ ਚੌਧਰੀ<br>Smt. Aruna Chaudhary, | ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ, ਟਰਾਂਸਪੋਰਟ ਮੰਤਰੀ<br>Social Security, Women & Child Development, Transport Minister |

| | | |
|---|---|---|
| 11. | ਸ਼੍ਰੀਮਤੀ ਰਜ਼ੀਆ ਸੁਲਤਾਨਾ<br>Smt. Razia Sultana | ਉਚੇਰੀ ਸਿੱਖਿਆ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ<br>Higher Education, Water Supply & Sanitation Minister |
| 12. | ਸਰਦਾਰ ਸੁਖਜਿੰਦਰ ਸਿੰਘ ਰੰਧਾਵਾ<br>Sardar Sukhjinder Singh Randhawa | ਸਹਿਕਾਰਤਾ, ਜੇਲ੍ਹਾਂ ਮੰਤਰੀ<br>Cooperation, Jails Minister |
| 13. | ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ<br>Sardar Sukhbinder Singh Sarkaria | ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ ਮੰਤਰੀ<br>Revenue, Rehabilitation and Disaster Management, Water Resources, Mines & Geology Minister |
| 14. | ਸਰਦਾਰ ਗੁਰਪ੍ਰੀਤ ਸਿੰਘ ਕਾਂਗੜ<br>Sardar Gurpreet Singh Kangar | ਊਰਜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ<br>Power, New and Renewable Energy Sources Minister |
| 15. | ਸਰਦਾਰ ਬਲਬੀਰ ਸਿੰਘ ਸਿੱਧੂ<br>Sardar Balbir Singh Sidhu | ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ, ਕਿਰਤ ਮੰਤਰੀ<br>Animal Husbandry, Fisheries, Dairy Development, Labour Minister |
| 16. | ਸ਼੍ਰੀ ਵਿਜੈ ਇੰਦਰ ਸਿੰਗਲਾ<br>Shri Vijay Inder Singla | ਲੋਕ ਨਿਰਮਾਣ, ਸੂਚਨਾ ਤਕਨਾਲੋਜੀ ਮੰਤਰੀ<br>Public Works, Information Technology Minister |
| 17. | ਸ਼੍ਰੀ ਸੁੰਦਰ ਸ਼ਾਮ ਅਰੋੜਾ<br>Shri Sunder Sham Arora | ਉਦਯੋਗ ਤੇ ਕਮਰਸ ਮੰਤਰੀ<br>Industries & Commerce Minister |
| 18. | ਸ਼੍ਰੀ ਭਾਰਤ ਭੂਸ਼ਣ ਆਸ਼ੂ<br>Shri Bharat Bhushan Ashu | ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ<br>Food & Civil Supplies and Consumer Affairs Minister |

## PUNJAB VIDHAN SABHA

***Friday, the 22nd February, 2019***

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Rana Kanwar Pal Singh) in the Chair.*

---

## STARRED QUESTIONS AND ANSWERS

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1799**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

**ਬੱਸ ਸਟੈਂਡਾਂ ਤੇ ਹੋਈ ਆਮਦਨ ਬਾਰੇ**

***1959. ਸ੍ਰੀ ਅਵਤਾਰ ਸਿੰਘ ਜੂਨੀਅਰ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਜਲੰਧਰ, ਲੁਧਿਆਣਾ ਅਤੇ ਪਟਿਆਲਾ ਬੱਸ ਸਟੈਂਡਾਂ ਤੇ ਪ੍ਰਾਈਵੇਟ ਬੱਸਾਂ ਤੋਂ ਕਿੰਨੀ ਅੱਡਾ ਫੀਸ ਵਸੂਲੀ ਜਾਂਦੀ ਹੈ;

(ਅ) ਜਲੰਧਰ, ਲੁਧਿਆਣਾ ਅਤੇ ਪਟਿਆਲਾ ਬੱਸ ਸਟੈਂਡਾਂ ਤੋਂ ਮਿਤੀ 1 ਅਪ੍ਰੈਲ, 2017 ਤੋਂ 31 ਮਾਰਚ, 2018 ਤੱਕ ਅੱਡਾ ਫੀਸ, ਇਸ਼ਤਿਹਾਰ, ਪਾਰਕਿੰਗ ਫੀਸ ਜਾਂ ਕੋਈ ਹੋਰ ਸਾਧਨਾਂ ਤੋਂ ਕੁੱਲ ਕਿੰਨੀ ਰਾਸ਼ੀ ਇਕੱਤਰ ਕੀਤੀ ਗਈ ਸੀ;

(ੲ) 1 ਅਪ੍ਰੈਲ, 2017 ਤੋਂ 31 ਮਾਰਚ, 2018 ਤੱਕ ਕ੍ਰਮਵਾਰ ਜਲੰਧਰ, ਲੁਧਿਆਣਾ ਅਤੇ ਪਟਿਆਲਾ ਬੱਸ ਸਟੈਂਡਾਂ ਦੇ ਸੁਧਾਰ ਲਈ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ?

**ਸ਼੍ਰੀਮਤੀ ਅਰੁਨਾ ਚੌਧਰੀ:**

(ੳ) ਬੱਸ ਸਟੈਂਡ ਜਲੰਧਰ, ਲੁਧਿਆਣਾ ਅਤੇ ਪਟਿਆਲਾ ਤੇ ਪ੍ਰਾਈਵੇਟ ਬੱਸਾਂ ਤੋਂ ਲਈ ਜਾ ਰਹੀ ਅੱਡਾ ਫੀਸ ਦਾ ਵੇਰਵਾ **ਅਨੁਲੱਗ-1** ਤੇ ਨੱਥੀ ਹੈ।

[ਟਰਾਂਸਪੋਰਟ ਮੰਤਰੀ]

(ਅ) ਮਿਤੀ 01 ਅਪ੍ਰੈਲ 2017 ਤੋਂ 31 ਮਾਰਚ 2018 ਤੱਕ ਬੱਸ ਸਟੈਂਡ ਜਲੰਧਰ, ਲੁਧਿਆਣਾ ਅਤੇ ਪਟਿਆਲਾ ਤੋਂ ਹੋ ਰਹੀ ਕੁੱਲ ਆਮਦਨ ਦਾ ਵੇਰਵਾ **ਅਨੁਲੱਗ-2** ਤੇ ਨੱਥੀ ਹੈ।

(ੲ) 01 ਅਪ੍ਰੈਲ 2017 ਤੋਂ 31 ਮਾਰਚ 2018 ਤੱਕ ਕ੍ਰਮਵਾਰ ਜਲੰਧਰ, ਲੁਧਿਆਣਾ ਅਤੇ ਪਟਿਆਲਾ ਬੱਸ ਸਟੈਂਡਾਂ ਦੇ ਸੁਧਾਰ ਲਈ ਕੁੱਲ ਖਰਚ ਕੀਤੀ ਰਕਮ ਦਾ ਵੇਰਵਾ **ਅਨੁਲੱਗ-3** ਤੇ ਨੱਥੀ ਹੈ।

**ਅਨੁਲੱਗ-1**

| ਬੱਸ ਸਟੈਂਡ ਦਾ ਨਾਮ | ਅੱਡਾ ਫੀਸ ਸਮੇਤ ਜੀ.ਐਸ.ਟੀ. ਪ੍ਰਤੀ ਬੱਸ, ਪ੍ਰਤੀ ਫੇਰਾ | |
|---|---|---|
| | ਸਧਾਰਨ ਬੱਸ (ਰੁਪਏ) | ਮਿੰਨੀ ਬੱਸ (ਰੁਪਏ) |
| ਜਲੰਧਰ | 94.40 | 47.20 |
| ਲੁਧਿਆਣਾ | 94.40 | 47.20 |
| ਪਟਿਆਲਾ | 118.00 | 59.00 |

**ਅਨੁਲੱਗ - 2**

| ਬੱਸ ਸਟੈਂਡ ਦਾ ਨਾਮ | ਅੱਡਾ ਫੀਸ, ਇਸ਼ਤਿਹਾਰ, ਪਾਰਕਿੰਗ ਫੀਸ ਜਾਂ ਹੋਰ ਸਾਧਨਾ ਤੋਂ ਹੋਈ ਕੁੱਲ ਆਮਦਨ (ਰੁਪਏ) ਮਿਤੀ 01.04.2017 ਤੋਂ 31.03.2018 ਤੱਕ |
|---|---|
| ਜਲੰਧਰ | 5,64,86,789/- |
| ਲੁਧਿਆਣਾ | 5,93,74,783/- |
| ਪਟਿਆਲਾ | 4,64,87,116/- |

**ਅਨੁਲੱਗ -3**

| ਬੱਸ ਸਟੈਂਡ ਦਾ ਨਾਮ | ਬੱਸ ਸਟੈਂਡਾਂ ਦੇ ਸੁਧਾਰ ਲਈ ਖਰਚ ਕੀਤੀ ਕੁੱਲ ਰਾਸ਼ੀ (ਰੁਪਏ) ਮਿਤੀ 01.04.2017 ਤੋਂ 31.03.2018 ਤੱਕ |
|---|---|
| ਜਲੰਧਰ | 1,92,19,076/- |
| ਲੁਧਿਆਣਾ | 1,49,59,993/- |
| ਪਟਿਆਲਾ | 35,61,408/- |

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਜਲੰਧਰ ਦਾ ਬੱਸ ਸਟੈਂਡ ਤੇ ਹੋਰ ਬੱਸ ਸਟੈਂਡ ਹਨ, ਇਹ ਬੀ.ਓ.ਟੀ. ਤੇ ਬਣੇ ਸਨ ਔਰ ਜਿਹੜੀ ਇਨ੍ਹਾਂ ਦੀ ਅੱਡਾ ਫੀਸ ਸੀ, ਉਹ ਲਗਭਗ 30/- ਰੁਪਏ ਸੀ ਪਰੰਤੂ ਜਦੋਂ ਗੌਰਮਿੰਟ ਨੇ ਟੇਕਓਵਰ ਕਰ ਲਿਆ, ਉਸ ਤੋਂ ਬਾਅਦ ਇਸ ਦੀ ਅੱਡਾ ਫੀਸ ਲਗਭਗ 50/- ਰੁਪਏ ਇਨਕਰੀਜ਼ ਕਰ ਦਿੱਤੀ ਗਈ ਅਤੇ ਹੁਣ ਜਦੋਂ ਠੇਕੇ ਉੱਤੇ ਦੇ ਦਿੱਤੇ ਗਏ ਤਾਂ ਉਸ ਦੀ ਅੱਡਾ ਫੀਸ ਲਗਭਗ 100/- ਰੁਪਏ ਹੋ ਗਈ ਹੈ। ਕੀ ਇਹ ਸਹੀ ਹੈ?

ਦੂਜਾ, ਜਿਸ ਹਿਸਾਬ ਨਾਲ ਇਸ ਵਿੱਚ ਵੇਰਵਾ ਦਿੱਤਾ ਗਿਆ ਹੈ, ਗੌਰਮਿੰਟ ਨੂੰ ਲਗਭਗ ਸਾਢੇ 12 ਕਰੋੜ ਰੁਪਏ ਦਾ ਮੁਨਾਫਾ ਹੋਇਆ ਹੈ। ਸਰ, ਇਹ ਜਿਹੜੀ ਅੱਡਾ ਫੀਸ ਹੈ, ਇਹ ਫੇਅਰ ਦੇ ਵਿੱਚ ਇਨਕਲੂਡ ਹੁੰਦੀ ਹੈ ਅਤੇ at end of the day ਸਭ ਤੋਂ ਗਰੀਬ ਆਦਮੀ ਇਸ ਚੀਜ਼ ਦੀ ਵਰਤੋਂ ਕਰਦਾ ਹੈ। ਕੀ ਇਸ ਵਿੱਚ ਘਾਟ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਮੰਤਰੀ:** ਸਪੀਕਰ ਸਾਹਿਬ, ਜਿਹੜਾ ਜਲੰਧਰ ਦਾ ਬੱਸ ਸਟੈਂਡ ਹੈ, ਉਹ 2007 ਵਿੱਚ ਹੈਂਡਓਵਰ ਹੋਇਆ ਸੀ ਔਰ ਇਸ ਦੀ ਬੱਸ ਦੀ ਫੀਸ 94.40 ਰੁਪਏ ਹੈ ਲੇਕਿਨ ਜਿਹੜਾ ਸਾਡਾ ਡਿਪਾਰਟਮੈਂਟ ਹੈ, ਇਹ ਇੱਕ ਕਮਰਸ਼ੀਅਲ ਅਦਾਰਾ ਹੈ। ਇਹ ਜ਼ਰੂਰੀ ਨਹੀਂ ਕਿ ਜਿਹੜੀ ਫੀਸ ਹੈ, ਉਹ ਬੱਸ ਦੇ ਸੁਧਾਰ ਲਈ ਖਰਚ ਕੀਤੀ ਜਾਂਦੀ ਹੈ ਪਰੰਤੂ ਉਸ ਦੇ ਨਾਲ overhead ਖਰਚੇ ਜਿਵੇਂ ਸਾਂਭ-ਸੰਭਾਲ ਆਦਿ ਲਈ ਵੀ ਵਰਤੀ ਜਾਂਦੀ ਹੈ। ਇਸ ਲਈ ਜਿੱਥੇ ਇਨਕਮ ਹੈ, ਉੱਥੇ ਐਕਸਪੈਂਡੀਚਰ ਵੀ ਹੈ। ਸੋ, ਇਸ ਨੂੰ ਫਿਲਹਾਲ ਘੱਟ ਕਰਨ ਬਾਰੇ ਕੋਈ ਵਿਚਾਰ ਨਹੀਂ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਮੇਰੀ ਗੁਜਾਰਿਸ਼ ਇਹ ਹੈ ਕਿ ਰੂਲਾਂ ਦੇ ਤਹਿਤ ਬੱਸ ਸਟੈਂਡ ਦੀ ਇਨਕਮ ਸਿਰਫ ਬੱਸ ਸਟੈਂਡ ਦੀ ਮੈਨਟੀਨੈਂਸ ਵਾਸਤੇ ਵਰਤੀ ਜਾ ਸਕਦੀ ਹੈ whereas ਇਹ ਡਿਪਾਰਟਮੈਂਟ ਪਨਬਸ ਜਾਂ ਰੋਡਵੇਜ਼ ਦੀ ਇਨਕਮ ਵਿੱਚ ਇਨਕਲੂਡ ਕਰਦਾ ਹੈ। ਕੀ ਇਹ ਸਹੀ ਗੱਲ ਹੈ ?

**ਮੰਤਰੀ:** ਸਪੀਕਰ ਸਾਹਿਬ, ਇਹ ਜ਼ਰੂਰੀ ਨਹੀਂ ਹੈ ਕਿ ਅਗਰ ਟਿਕਟ ਛਾਪਣ ਤੇ ਜਿੰਨੇ ਪੈਸੇ ਲੱਗਦੇ ਹਨ, ਉਹ ਸਿਰਫ ਟਿਕਟ ਛਾਪਣ ਤੇ ਹੀ ਲੱਗ ਸਕਦੇ ਹਨ, ਉਸ ਦੇ ਹੋਰ ਵੀ ਖਰਚੇ ਹੁੰਦੇ ਹਨ। ਕਈ ਅਜਿਹੇ ਬੱਸ ਸਟੈਂਡ ਹਨ, ਜਿਨ੍ਹਾਂ ਵਿੱਚ ਇਨਕਮ ਨਹੀਂ ਹੈ। ਸਾਰਿਆਂ ਨੂੰ ਬੈਲੰਸ ਕਰਨ ਵਾਸਤੇ ਇਹ ਜਿਹੜਾ ਖਰਚਾ ਹੈ, ਇਹ ਸਾਡੇ ਵਾਸਤੇ ਜ਼ਰੂਰੀ ਹੈ। ਸੋ, ਇਹ ਜ਼ਰੂਰੀ ਨਹੀਂ ਹੈ ਕਿ ਜਿਸ ਬੱਸ ਸਟੈਂਡ ਤੋਂ ਇਨਕਮ ਇਕੱਠੀ ਹੁੰਦੀ ਹੈ, ਉਹ ਸਿਰਫ ਉਸੇ ਹੀ ਬੱਸ ਸਟੈਂਡ ਤੇ ਖਰਚ ਕੀਤੀ ਜਾਵੇ। ਫਿਰ ਵੀ ਅਸੀਂ ਕਰੀਬ ਦੋ ਕਰੋੜ ਰੁਪਿਆ ਜਲੰਧਰ ਬੱਸ ਸਟੈਂਡ ਦੇ ਸੁਧਾਰ ਵਾਸਤੇ ਖਰਚਿਆ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਮੇਰਾ ਕੁਐਸਚਨ ਇਹ ਨਹੀਂ ਸੀ ਜੀ। ਮੈਂ ਇਹ ਬੇਨਤੀ ਕੀਤੀ ਸੀ ਕਿ ਕੀ ਇਸ ਦੀ ਇਨਕਮ ਰੋਡਵੇਜ਼ ਜਾਂ ਪਨਬਸ ਵਿੱਚ ਇਨਕਲੂਡ ਹੁੰਦੀ ਹੈ ? ਸਰ, ਉਨ੍ਹਾਂ ਬੱਸ ਸਟੈਂਡਾਂ ਦਾ ਕੋਈ ਸੁਧਾਰ ਨਹੀਂ ਹੋ ਰਿਹਾ। ਅਗਰ ਦੂਜੇ ਬੱਸ ਸਟੈਂਡਾਂ ਵਿੱਚ ਸੁਧਾਰ ਹੋ ਰਿਹਾ ਹੈ ਤਾਂ ਉਨ੍ਹਾਂ ਦੇ ਵੇਰਵੇ ਦੇ ਦਿਓ। ਸਰ, ਮੇਰੇ ਮੁਤਾਬਿਕ ਇਸ ਦੀ ਇਨਕਮ ਰੋਡਵੇਜ਼ ਜਾਂ ਪਨਬਸ ਵਿੱਚ ਇਨਕਲੂਡ ਹੋ ਰਹੀ ਹੈ। ਕੀ ਇਹ ਜਾਇਜ਼ ਹੈ?

**ਮਾਨਯੋਗ ਸਪੀਕਰ:** ਉਹ ਕਹਿ ਰਹੇ ਹਨ ਕਿ ਹੋ ਸਕਦਾ ਹੈ। ਉਨ੍ਹਾਂ ਨੇ ਕਹਿ ਦਿੱਤਾ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਰੂਲਜ਼ ਦੇ ਮੁਤਾਬਿਕ ਇਹ ਅਲਾਊਡ ਨਹੀਂ ਹੈ ਜੀ।

**ਮਾਨਯੋਗ ਸਪੀਕਰ:** ਇਹ ਤਾਂ ਤੁਸੀਂ ਕਹਿੰਦੇ ਹੋ। ਵਜ਼ੀਰ ਸਾਹਿਬ ਦਾ ਜਵਾਬ ਆ ਗਿਆ ਹੈ, ਇਸ ਨੂੰ ਚੈੱਕ ਕਰ ਲਓ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਧੰਨਵਾਦ ਸਪੀਕਰ ਸਾਹਿਬ। ਜਲੰਧਰ, ਲੁਧਿਆਣਾ, ਪਟਿਆਲਾ ਇਹ ਵੱਡੇ ਸ਼ਹਿਰਾਂ ਦੇ ਬੱਸ ਸਟੈਂਡ ਹਨ। ਇੱਥੇ ਫੁੱਟ-ਫਾਲ ਵੀ ਜ਼ਿਆਦਾ ਹੈ। ਇਸ ਨਾਲ ਆਪਾਂ ਅੰਮ੍ਰਿਤਸਰ ਵੀ ਜੋੜ ਸਕਦੇ ਹਾਂ। ਤੁਸੀਂ ਕਹੋਗੇ ਕਿ ਇਸ ਵਾਸਤੇ ਵੱਖਰੇ ਸਵਾਲ ਦੀ ਲੋੜ ਹੈ। ਇਨ੍ਹਾਂ ਸ਼ਹਿਰਾਂ ਵਿਚ ਜਿੰਨੀ ਜ਼ਿਆਦਾ ਫੁੱਟ-ਫਾਲ ਹੈ, ਮੈਂ ਮੰਤਰੀ ਸਾਹਿਬਾ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਸ ਹਿਸਾਬ ਨਾਲ ਉੱਥੇ ਪਬਲਿਕ ਯੂਟੀਲਿਟੀਜ਼ ਬਣਾਈਆਂ ਹੋਈਆਂ ਹਨ, ਬਾਥਰੂਮ ਆਦਿ ਪਰਾਪਰ ਉੱਥੇ ਚਲਦੇ ਹਨ? ਜੇ ਨਹੀਂ ਚਲਦੇ ਤਾਂ ਇਨ੍ਹਾਂ ਨੂੰ ਕਦੋਂ ਤੱਕ ਠੀਕ ਕਰੋਗੇ?

**ਮੰਤਰੀ:** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਅਸੀਂ ਇੱਥੋਂ ਦੇ ਬੱਸ ਅੱਡਿਆਂ ਤੇ ਰੂਟੀਨ ਵਿਚ ਖਰਚਾ ਕਰਦੇ ਹਾਂ। ਜੇ ਇਨ੍ਹਾਂ ਦੇ ਏਰੀਏ ਦੀ ਕੋਈ ਸਪੈਸ਼ਲ ਪਰਾਬਲਮ ਹੈ ਤਾਂ ਮੈਨੂੰ ਦੱਸ ਦੇਣ ਤੇ ਅਸੀਂ ਵਿਚਾਰ ਕਰ ਲਵਾਂਗੇ।

**ਮਾਨਯੋਗ ਸਪੀਕਰ:** ਅਗਲਾ ਸਵਾਲ, ਰਾਜ ਕੁਮਾਰ ਚੱਬੇਵਾਲ। ਸ਼੍ਰੀ ਅਵਤਾਰ ਸਿੰਘ ਜੀ, ਤੁਹਾਡੀਆਂ ਤਿੰਨ ਸਪਲੀਮੈਂਟਰੀਜ਼ ਹੋ ਗਈਆਂ ਹਨ....ਤਿੰਨ ਹੋ ਗਈਆਂ।

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਮੈਂ ਤਾਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਵਾਟਰ ਲਾਗਿੰਗ ਦੀ ਜਲੰਧਰ ਵਿਚ ਬਹੁਤ ਵੱਡੀ ਪ੍ਰਾਬਲਮ ਹੈ, ਇਹ ਕਦੋਂ ਤੱਕ ਠੀਕ ਕਰਵਾ ਦਿਓਗੇ?

**ਮੰਤਰੀ :** ਤੁਸੀਂ ਇਸ ਬਾਰੇ ਪ੍ਰੋਪੋਜ਼ਲ ਦੇ ਦਿਓ, ਇਸ ਤੇ ਵਿਚਾਰ ਕਰ ਲਵਾਂਗੇ।

**ਮਾਨਯੋਗ ਸਪੀਕਰ:** ਅਗਲਾ ਸਵਾਲ, ਰਾਜ ਕੁਮਾਰ ਚੱਬੇਵਾਲ।

---

## ਹਲਕਾ ਚੱਬੇਵਾਲ ਵਿੱਚ ਸਰਕਾਰੀ ਸਹਿ-ਸਿੱਖਿਆ ਡਿਗਰੀ ਕਾਲਜ ਖੋਲ੍ਹਣਾ

***1905. ਡਾਕਟਰ ਰਾਜ ਕੁਮਾਰ :** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਲੋਕਾਂ ਦੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਧਾਨ ਸਭਾ ਹਲਕਾ ਚੱਬੇਵਾਲ ਵਿੱਚ ਨਵਾਂ ਸਰਕਾਰੀ ਸਹਿ-ਸਿੱਖਿਆ ਡਿਗਰੀ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਰੱਖਦੀ ਹੈ; ਜੇਕਰ ਹੈ ਤਾਂ ਇਸ ਦੇ ਵੇਰਵੇ ਕੀ ਹਨ ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** ਹਾਂ ਜੀ। ਵਿੱਤ ਮੰਤਰੀ, ਪੰਜਾਬ ਵਲੋਂ ਬਜਟ 2019-20 ਦੀ ਤਕਰੀਰ ਵਿੱਚ ਚੱਬੇਵਾਲ ਵਿਖੇ ਕਾਲਜ ਖੋਲ੍ਹਣ ਸਬੰਧੀ ਘੋਸ਼ਣਾ ਕੀਤੀ ਗਈ ਹੈ।

**ਡਾਕਟਰ ਰਾਜ ਕੁਮਾਰ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਕੈਪਟਨ ਅਮਰਿੰਦਰ ਸਿੰਘ ਜੀ ਦਾ ਅਤੇ ਸਾਡੇ ਵਿੱਤ ਮੰਤਰੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਆਪਣੀ ਤਕਰੀਰ ਵਿਚ ਚੱਬੇਵਾਲ ਵਿਖੇ ਇੱਕ ਕਾਲਜ ਖੋਲ੍ਹਣ ਦੀ ਘੋਸ਼ਣਾ ਕੀਤੀ ਹੈ। ਮੈਂ ਆਪ ਜੀ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਾਲਜ ਕਦੋਂ ਬਣਨਾ ਸ਼ੁਰੂ ਹੋ ਜਾਵੇਗਾ? ਕਦੋਂ ਤੱਕ ਕੰਪਲੀਟ ਹੋ ਜਾਵੇਗਾ ਅਤੇ ਕਲਾਸਾਂ ਕਦੋਂ ਸ਼ੁਰੂ ਹੋ ਜਾਣਗੀਆਂ?

**ਮੰਤਰੀ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੈਂਬਰ ਸਾਹਿਬ ਨੂੰ ਥੋੜ੍ਹੀ ਜਿਹੀ ਡਿਟੇਲ ਦੱਸਣੀ ਚਾਹੁੰਦੀ ਹਾਂ ਕਿ ਜਿਹੜੇ ਪਹਿਲਾਂ ਵੀ ਸਾਡੇ ਕਾਲਜ ਅਨਾਊਂਸ ਹੋਏ ਸੀ, ਇਨ੍ਹਾਂ ਨੂੰ ਸ਼ੁਰੂ ਕਰਨ ਵਾਸਤੇ ਕਿੰਨਾ ਟਾਈਮ ਲੱਗਿਆ ਹੈ। ਮੈਂ ਪਹਿਲਾਂ ਵੀ ਹਾਊਸ ਦੇ ਵਿਚ ਵਾਅਦਾ ਕੀਤਾ ਸੀ ਕਿ ਮੈਂ ਆਪਣੀ ਲਿਸਟ ਲੈ ਕੇ ਆਵਾਂਗੀ। ਮੈਨੂੰ ਸਿਰਫ ਦੋ ਮਿੰਟ ਲੱਗਣੇ ਹਨ ਮੈਂ ਸਾਰੀ ਡਿਟੇਲ ਰੱਖਣਾ ਚਾਹੁੰਦੀ ਹਾਂ :-

ਪੰਜਾਬ ਵਿਚ ਕੁੱਲ 90 ਸਬ-ਡਵੀਜ਼ਨਾਂ ਹਨ ਜਿਨ੍ਹਾਂ ਵਿਚੋਂ ਕੁੱਲ 30 ਇਹੋ ਜਿਹੀਆਂ ਸਬ-ਡਵੀਜ਼ਨਾਂ ਹਨ, ਜਿੱਥੇ ਕੋਈ ਵੀ ਸਰਕਾਰੀ ਕਾਲਜ ਜਾਂ ਯੂਨੀਵਰਸਿਟੀ ਕਾਲਜ ਨਹੀਂ ਸਨ। ਕਾਂਗਰਸ ਪਾਰਟੀ ਦੇ ਚੋਣ ਮੈਨੀਫੈਸਟੋ ਅਨੁਸਾਰ ਪੰਜਾਬ ਰਾਜ ਵਿਚ ਘੱਟੋ-ਘੱਟ 50 ਨਵੇਂ ਕਾਲਜ ਖੋਲ੍ਹੇ ਜਾਣ ਦਾ ਵਾਅਦਾ ਸੀ ਤਾਂ ਜੋ ਹਰ ਸਬ-ਡਵੀਜ਼ਨ ਵਿਚ ਘੱਟੋ-ਘੱਟ ਇਕ ਸਰਕਾਰੀ ਕਾਲਜ ਹੋਵੇ। ਇਸ ਮੰਤਵ ਦੀ ਪੂਰਤੀ ਅਧੀਨ ਸਾਲ 2017-18 ਵਿਚ 5 ਕਾਲਜ ਕਲਾਨੌਰ (ਗੁਰਦਾਸਪੁਰ), ਦਾਨੇਵਾਲ (ਮਲੌਟ), ਸੈਕਟਰ-39 (ਲੁਧਿਆਣਾ ਈਸਟ), ਜਾਂਡਲਾ (ਨਵਾਂ ਸ਼ਹਿਰ), ਸ਼ਹਿਬਾਜ਼ਪੁਰ (ਖਡੂਰ ਸਾਹਿਬ) ਖੋਲ੍ਹੇ ਜਾਣ ਦਾ ਐਲਾਨ ਕੀਤਾ ਗਿਆ। ਇਨ੍ਹਾਂ ਵਿਚੋਂ ਕਲਾਨੌਰ (ਗੁਰਦਾਸਪੁਰ), ਦਾਨੇਵਾਲ (ਮਲੌਟ), ਸੈਕਟਰ-39 (ਲੁਧਿਆਣਾ ਈਸਟ), ਜਾਂਡਲਾ (ਨਵਾਂ ਸ਼ਹਿਰ) ਕਾਲਜਾਂ ਦੀ ਉਸਾਰੀ ਸ਼ੁਰੂ ਹੋ ਚੁੱਕੀ ਹੈ ਅਤੇ ਸਰਕਾਰੀ ਕਾਲਜ, ਸ਼ਹਿਬਾਜ਼ਪੁਰ

(ਖਡੂਰ ਸਾਹਿਬ) ਦੀ ਪ੍ਰਸ਼ਾਸਕੀ ਪ੍ਰਵਾਨਗੀ ਜਾਰੀ ਕੀਤੀ ਜਾ ਚੁੱਕੀ ਹੈ ਅਤੇ ਟੈਂਡਰ ਲਗਾਏ ਜਾ ਰਹੇ ਹਨ। ਸਾਲ 2018-19 ਵਿਚ ਹੇਠ ਲਿਖੇ 10 ਕਾਲਜ ਰੋਸ਼ਨਵਾਲਾ (ਭਵਾਨੀਗੜ੍ਹ), ਢੋਲਬਾਹਾ (ਹੁਸ਼ਿਆਰਪੁਰ), ਸਿੱਧਪੁਰ (ਦੀਨਾਨਗਰ), ਸ਼ਾਹਕੋਟ (ਜਲੰਧਰ), ਹੁਸਨਰ (ਗਿਦੜਬਾਹਾ), ਰਾਏਕੋਟ (ਲੁਧਿਆਣਾ), ਮਹੈਣ (ਅਨੰਦਪੁਰ ਸਾਹਿਬ), ਬੂਟਾ ਮੰਡੀ (ਜਲੰਧਰ-2), ਅਬੋਹਰ (ਫਾਜ਼ਿਲਕਾ) ਅਤੇ ਮਲੇਰਕੋਟਲਾ ਵਿਖੇ ਖੋਲ੍ਹੇ ਜਾਣ ਦਾ ਐਲਾਨ ਕੀਤਾ ਗਿਆ ਸੀ। ਇਨ੍ਹਾਂ ਵਿਚੋਂ ਦੋ ਸਰਕਾਰੀ ਕਾਲਜ ਰੋਸ਼ਨਵਾਲਾ (ਭਵਾਨੀਗੜ੍ਹ) ਅਤੇ ਸ਼ਾਹਕੋਟ (ਜਲੰਧਰ) ਦੀ ਉਸਾਰੀ ਹੋ ਚੁੱਕੀ ਹੈ। ਸਰਕਾਰੀ ਕਾਲਜ, ਢੋਲਬਾਹਾ (ਹੁਸ਼ਿਆਰਪੁਰ), ਸਿੱਧਪੁਰ (ਦੀਨਾਨਗਰ) ਅਤੇ ਹੁਸਨਰ (ਗਿੱਦੜਬਾਹਾ) ਤਿੰਨ ਕਾਲਜਾਂ ਦੀ ਪ੍ਰਸ਼ਾਸਕੀ ਪ੍ਰਵਾਨਗੀ ਜਾਰੀ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਬਾਕੀ ਰਹਿੰਦੇ 5 ਸਰਕਾਰੀ ਕਾਲਜ ਰਾਏਕੋਟ (ਲੁਧਿਆਣਾ), ਮਹੈਣ (ਅਨੰਦਪੁਰ ਸਾਹਿਬ), ਬੂਟਾ ਮੰਡੀ (ਜਲੰਧਰ-2), ਅਬੋਹਰ (ਫਾਜ਼ਿਲਕਾ) ਅਤੇ ਮਲੇਰਕੋਟਲਾ ਵਿਖੇ ਖੋਲ੍ਹਣ ਦੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ। ਇਨ੍ਹਾਂ ਕਾਲਜਾਂ ਲਈ ਜ਼ਮੀਨ ਪ੍ਰਾਪਤ ਕਰਨ ਅਤੇ ਬਿਲਡਿੰਗ ਦੀ ਉਸਾਰੀ ਲਈ ਪ੍ਰਸ਼ਾਸਕੀ ਪ੍ਰਵਾਨਗੀ ਵਿਚਾਰ ਅਧੀਨ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਉਤਸਵ ਦੇ ਸਬੰਧ ਵਿੱਚ ਸੁਲਤਾਨਪੁਰ ਲੋਧੀ ਵਿਖੇ ਬੇਬੇ ਨਾਨਕੀ ਸਰਕਾਰੀ ਕਾਲਜ (ਲੜਕੀਆਂ) ਵੀ ਖੋਲ੍ਹਣ ਦਾ ਐਲਾਨ ਕੀਤਾ ਗਿਆ ਸੀ ਜਿਸ ਲਈ ਜ਼ਮੀਨ ਅਲਾਟ ਕਰਨ ਉਪਰੰਤ ਬਿਲਡਿੰਗ ਦੀ ਉਸਾਰੀ ਲਈ ਪ੍ਰਸ਼ਾਸਕੀ ਪ੍ਰਵਾਨਗੀ ਲਈ ਕਾਰਵਾਈ ਅਰੰਭੀ ਜਾ ਚੁੱਕੀ ਹੈ। ਇਸ ਤਰ੍ਹਾਂ ਹੁਣ ਸਾਲ 2017-18 ਵਿੱਚ ਪੰਜ ਕਾਲਜ ਅਤੇ 2018-19 ਦੌਰਾਨ 11 ਕਾਲਜ, ਕੁੱਲ 16 ਸਰਕਾਰੀ ਡਿਗਰੀ ਕਾਲਜ ਸਥਾਪਤ ਕਰਨ ਦੀ ਕਾਰਵਾਈ ਚੱਲ ਰਹੀ ਹੈ। ਇਸ ਤੋਂ ਇਲਾਵਾ ਰਾਸ਼ਟਰੀ ਉਚਤਰ ਸਿੱਖਿਆ ਅਭਿਆਨ ਤਹਿਤ ਮੋਗਾ ਜਿਲ੍ਹੇ ਦੇ ਪਿੰਡ ਫਤਹਿਗੜ੍ਹ ਕੋਰੋਟਾਣਾ ਵਿਖੇ ਨਿਊ ਮਾਡਲ ਡਿਗਰੀ ਕਾਲਜ ਦੀ ਉਸਾਰੀ ਲਈ ਟੈਂਡਰ ਪ੍ਰਕ੍ਰਿਆ ਸ਼ੁਰੂ ਕਰ ਦਿੱਤੀ ਗਈ ਹੈ। ਸਰਕਾਰੀ ਕਾਲਜ ਲੁਧਿਆਣਾ ਈਸਟ, ਜੰਡਿਆਲਾ, ਸ਼ਹੀਦ ਭਗਤ ਸਿੰਘ ਨਗਰ ਅਤੇ ਕਲਾਨੌਰ (ਗੁਰਦਾਸਪੁਰ) ਵਿਖੇ ਸਾਲ 2018-19 ਸ਼ੈਸ਼ਨ ਲਈ ਕਲਾਸਾਂ ਵੀ ਚੱਲ ਰਹੀਆਂ ਹਨ। ਮਾਨਯੋਗ ਮੁੱਖ ਮੰਤਰੀ ਜੀ ਦੇ ਅਦੇਸ਼ਾਂ ਦੀ ਪਾਲਣਾ ਵਿੱਚ ਸਾਲ 2019-20 ਲਈ ਪੰਜਾਬ ਰਾਜ ਅੰਦਰ 10 ਹੋਰ ਨਵੇਂ ਡਿਗਰੀ ਕਾਲਜ ਖੋਲ੍ਹਣ ਸਬੰਧੀ ਬਜਟ ਵਿੱਚ ਕੀਤੇ ਐਲਾਨ ਦੀ ਪਾਲਣਾ ਵਿੱਚ ਤੁਰੰਤ ਕਾਰਵਾਈ ਅਰੰਭੀ ਜਾਵੇਗੀ।

ਸਪੀਕਰ ਸਾਹਿਬ, ਮੈਂ ਹੋਰ ਕਾਲਜਾਂ ਬਾਰੇ ਵੀ ਦੱਸ ਸਕਦੀ ਹਾਂ ਕਿ ਕਿਹੜੇ ਕਿਹੜੇ ਹਨ?

**ਮਾਨਯੋਗ ਸਪੀਕਰ :** ਇਹ ਉਨ੍ਹਾਂ ਕੋਲ ਰਿਟਨ ਵਿੱਚ ਚਲਾ ਗਿਆ ਹੋਵੇਗਾ?

**ਮੰਤਰੀ :** ਹਾਂ ਜੀ।

**ਮਾਨਯੋਗ ਸਪੀਕਰ :** ਬਸ ਫਿਰ ਠੀਕ ਹੈ, ਕੋਈ ਗੱਲ ਨਹੀਂ। ਪੜ੍ਹਨ ਦੀ ਲੋੜ ਨਹੀਂ।

**ਮੰਤਰੀ :** ਸਪੀਕਰ ਸਾਹਿਬ, ਮੈਂ ਸਿਰਫ ਇੰਨਾ ਕਹਿਣਾ ਚਾਹੁੰਦੀ ਹਾਂ ਕਿ ਹਕੀਕਤ ਨੂੰ ਜਾਣੇ ਬਿਨਾਂ ਸਰਕਾਰ ਦਾ ਅਕਸ ਖਰਾਬ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਲਈ ਇਹ ਮੂੰਹ ਤੇ ਡੈਸ਼-ਡੈਸ਼ ਹੈ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ) (ਬੈਠੇ-ਬੈਠੇ) :** ਵਾਹ ਵਾਹ। (ਥੰਪਿੰਗ)

**ਡਾਕਟਰ ਰਾਜ ਕੁਮਾਰ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਕੈਪਟਨ ਸਰਕਾਰ ਨੂੰ ਬਹੁਤ-ਬਹੁਤ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ ਕਿ ਪੜ੍ਹਾਈ ਦੇ ਖੇਤਰ ਵਿੱਚ ਬਹੁਤ ਮੱਲਾਂ ਮਾਰੀਆਂ ਜਾ ਰਹੀਆਂ ਹਨ। ਬਹੁਤ ਸਾਰੇ ਕਾਲਜਾਂ ਦੀ ਤਜਵੀਜ਼ ਮੰਤਰੀ ਸਾਹਿਬਾ ਨੇ ਪੇਸ਼ ਕੀਤੀ ਹੈ, ਮੈਂ ਉਨ੍ਹਾਂ ਦਾ ਬਹੁਤ ਧੰਨਵਾਦ ਕਰਨਾ ਚਾਹੁੰਦਾ ਹਾਂ ਪਰ ਇਸ ਦੇ ਨਾਲ ਹੀ ਮੈਂ ਮੰਤਰੀ ਸਾਹਿਬਾ ਨੂੰ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਕਾਲਜਾਂ ਦੀ ਇੰਨੀ ਇਨਫ੍ਰਾਸਟ੍ਰਕਚਰ ਡਿਵੈਲਪ ਕੀਤੀ ਜਾ ਰਹੀ ਹੈ, ਉਥੇ ਟੀਚਿੰਗ ਸਟਾਫ ਵਾਸਤੇ we are already running short. ਉਸ ਟੀਚਿੰਗ ਸਟਾਫ ਦੇ ਲਈ ਸਾਡੀ ਸਰਕਾਰ ਕੀ ਉਪਰਾਲੇ ਕਰ ਰਹੀ ਹੈ?

**ਮੰਤਰੀ :** ਸਪੀਕਰ ਸਾਹਿਬ, ਸਾਲ 2003 ਤੋਂ ਬੈਨ ਲੱਗਿਆ ਹੋਇਆ ਹੈ ਪਰ ਫਿਰ ਵੀ ਸਾਡੀ ਕੋਸ਼ਿਸ਼ ਜਾਰੀ ਹੈ, ਫਾਈਲ ਚਲਾਈ ਹੋਈ ਹੈ। ਅਸੀਂ ਉਮੀਦ ਕਰਦੇ ਹਾਂ ਕਿ ਇਹ ਮਸਲਾ ਜਲਦੀ ਤੋਂ ਜਲਦੀ ਹੱਲ ਹੋ ਜਾਵੇਗਾ। ਅਸੀਂ ਕੋਰਟ ਦੇ ਵਿੱਚ ਵੀ ਇਸ ਨੂੰ follow ਕਰ ਰਹੇ ਹਾਂ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਮੰਤਰੀ ਸਾਹਿਬਾ ਨੇ ਕਿਹਾ ਹੈ ਕਿ ਕਿੰਨੇ ਕਾਲਜ ਖੁੱਲ੍ਹ ਗਏ ਹਨ ਅਤੇ ਕਿੰਨੇ ਹੋਰ ਖੁੱਲ੍ਹ ਰਹੇ ਹਨ। ਭਵਾਨੀਗੜ੍ਹ, ਦਿੜ੍ਹਬਾ, ਮੂਣਕ, ਲਹਿਰਾਗਾਗਾ ਬਾਰੇ ਐਲਾਨ ਹੋਇਆ ਸੀ ਪਰ ਸੰਗਰੂਰ ਜ਼ਿਲ੍ਹੇ ਵਿੱਚ ਇੱਕ ਵੀ ਕਾਲਜ ਹਾਲੇ ਤੱਕ ਨਹੀਂ ਖੁੱਲ੍ਹਿਆ। Even ਮਲੇਰਕੋਟਲੇ ਦੀ ਵੀ ਗੱਲ ਕਰ ਰਹੇ ਹਨ....

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ।

**ਸਰਦਾਰ ਹਰਪਾਲ ਸਿੰਘ ਚੀਮਾ :** ਸਰ, ਮੈਂ ਉਹੀ ਕਹਿ ਰਿਹਾ ਹਾਂ। ਇਨ੍ਹਾਂ ਨੇ ਕਿਹਾ ਹੈ ਡੈਸ਼-ਡੈਸ਼-ਡੈਸ਼ ਪਰੰਤੂ ਪੰਜਾਬ ਵਿੱਚ ਟੀਚਰਾਂ ਦੀ ਭਰਤੀ ਇੱਕ ਨਹੀਂ ਹੋਈ। ਜਿਹੜੇ ਪੁਰਾਣੇ guest faculty ਵਾਲੇ ਹਨ, ਉਨ੍ਹਾਂ ਨੂੰ ਰੈਗੂਲਰ ਨਹੀਂ ਕੀਤਾ ਜਾਂ ਹੋਰ ਕੁਝ ਵੀ ਨਹੀਂ ਹੋ ਰਿਹਾ। ਮੈਂ ਕਹਿੰਦਾ ਹਾਂ ਕਿ ਇਹ ਸਿਰਫ਼ ਐਲਾਨ ਹਨ, ਕਿਤੇ ਕੋਈ ਬਿਲਡਿੰਗ ਨਹੀਂ ਬਣੀ। ਸਾਲ 2017 ਵਿੱਚ ਦਿੜ੍ਹਬਾ ਵਿਖੇ ਇਨ੍ਹਾਂ ਨੇ ਆਪ ਸਰਵੇ ਕਰਵਾਇਆ ਸੀ, ਉਸ ਕਾਲਜ ਦਾ ਕੀ ਬਣਿਆ? ਉਸ ਦਾ ਨਾਮ ਤੱਕ ਨਹੀਂ ਲਿਆ। ਮੈਂ ਸਮਝਦਾ ਹਾਂ ਕਿ ਜਿਹੜੀਆਂ ਗੱਲਾਂ ਇਨ੍ਹਾਂ ਨੂੰ ਸੂਟ ਕਰਦੀਆਂ ਹਨ, ਠੀਕ ਲਗਦੀਆਂ ਹਨ ਉਹ ਬੋਲ ਦਿੰਦੇ ਹਨ, ਦੂਜੀਆਂ ਨੂੰ ਡੈਸ਼-ਡੈਸ਼ ਕਹਿ ਦਿੰਦੇ ਹਨ।

**ਮਾਨਯੋਗ ਸਪੀਕਰ :** ਇਹ ਗੱਲ ਚੱਬੇਵਾਲ ਜੀ ਦੀ ਹੋ ਰਹੀ ਹੈ.... ਨਹੀਂ, ਇਸ ਤਰ੍ਹਾਂ ਨਹੀਂ ਹੁੰਦਾ। ਚੱਬੇਵਾਲ ਜੀ ਦੀ ਗੱਲ ਹੋ ਰਹੀ ਹੈ।

**ਸਰਦਾਰ ਹਰਪਾਲ ਸਿੰਘ ਚੀਮਾ :** ਗੱਲ ਇਨ੍ਹਾਂ ਨੇ ਕੀਤੀ ਹੈ, ਇਹ ਲਿਸਟ ਲੈ ਕੇ ਆਏ ਹਨ।

**ਮਾਨਯੋਗ ਸਪੀਕਰ :** ਚੱਬੇਵਾਲ ਜੀ ਦੀ ਗੱਲ ਹੋ ਰਹੀ ਹੈ। ਬੈਠੋ... ਬੈਠੋ।

**ਸਰਦਾਰ ਹਰਪਾਲ ਸਿੰਘ ਚੀਮਾ :** ਜਿਹੜੀ ਗੱਲ ਪਰਸੋਂ ਹੋਈ ਸੀ, ਉਸ ਦੇ ਜਵਾਬ ਵਿੱਚ ਇਹ ਲਿਸਟ ਲੈ ਕੇ ਆਏ ਹਨ। ਮੈਂ ਮੰਤਰੀ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ .....

**ਮਾਨਯੋਗ ਸਪੀਕਰ :** ਮੰਤਰੀ ਸਾਹਿਬਾ, ਬੈਠੋ। ਨੈਕਸਟ ਸਵਾਲ, ਅਮਿਤ ਵਿਜ....(ਵਿਘਨ)... ਅਗਲਾ ਸਵਾਲ, ਅਮਿਤ ਵਿਜ। ....(ਵਿਘਨ).... ਬੈਠੋ... ਬੈਠੋ... ਬੈਠੋ।

**ਮੰਤਰੀ :** ਸਪੀਕਰ ਸਹਿਬ, ਮੈਂ ਇਨ੍ਹਾਂ ਦੀ ਗੱਲ ਦਾ ਜਵਾਬ ਦੇਣਾ ਚਾਹੁੰਦੀ ਹਾਂ। ਭਵਾਨੀਗੜ੍ਹ ਕਾਲਜ ਦੀ ਬਿਲਡਿੰਗ ਬਣ ਰਹੀ ਹੈ। ਮਨਿਸਟਰ ਸਾਹਿਬ (ਸ਼੍ਰੀ ਵਿਜੈ ਇੰਦਰ ਸਿੰਗਲਾ ਵੱਲ ਇਸ਼ਾਰਾ) ਬੈਠੇ ਹਨ, ਇਹ ਦੱਸਣਗੇ ਕਿ ਭਵਾਨੀਗੜ੍ਹ ਕਾਲਜ ਦੀ ਬਿਲਡਿੰਗ ਬਣ ਰਹੀ ਹੈ। ਬਿਲਡਿੰਗ ਬਣਨ ਨੂੰ ਦੋ-ਢਾਈ ਸਾਲ ਲਗਦੇ ਹਨ। ਕੋਈ ਸਾਡੇ ਕੋਲ ਅਲਾਦੀਨ ਦਾ ਚਿਰਾਗ ਨਹੀਂ ਕਿ ਘਸਾਵਾਂਗੇ ਤੇ ਬਿਲਡਿੰਗ ਖੜ੍ਹੀ ਹੋ ਜਾਵੇਗੀ। ਦੋ-ਢਾਈ ਸਾਲ ਲੱਗਣਗੇ। ਕਿਤੇ-ਕਿਤੇ ਅਸੀਂ ਕਲਾਸਾਂ ਵੀ ਸ਼ੁਰੂ ਕਰ ਦਿੱਤੀਆਂ ਹਨ। ਭਵਾਨੀਗੜ੍ਹ ਦੀ ਬਿਲਡਿੰਗ ਬਣ ਰਹੀ ਹੈ, ਮਨਿਸਟਰ ਸਾਹਿਬ ਦੱਸਣਗੇ। ਇਹ ਬੈਠੇ ਹਨ। ਬਾਕੀ ਇਨ੍ਹਾਂ ਦੀਆਂ ਗੱਲਾਂ ਸਭ ਸਹੀ ਨਹੀਂ ਹਨ।

**ਮਾਨਯੋਗ ਸਪੀਕਰ :** ਰਜ਼ੀਆ ਜੀ, ਗੱਲ ਚੱਬੇਵਾਲ ਦੀ ਹੋ ਰਹੀ ਹੈ। ਤੁਸੀਂ ਬੈਠੋ।

**ਮੰਤਰੀ :** ਠੀਕ ਹੈ, ਸਰ।

---

## ਬੰਨ੍ਹ ਬਣਾਉਣ ਲਈ ਬਜਟ ਰਿਲੀਜ਼ ਕਰਨਾ

*__1866. ਸ਼੍ਰੀ ਅਮਿਤ ਵਿਜ:__ ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਪਠਾਨਕੋਟ ਦੀਆਂ ਵੱਖ-ਵੱਖ ਕਲੋਨੀਆਂ (ਬਜਰੀ ਕੰਪਨੀ/ਸੇਲੀ ਕੁਲਿਆਣ/ਡਿਫੈਂਸ ਕਲੋਨੀ/ਦੀਹਰ ਘਰਾਟ/ਮਮੂਨ) ਵਿੱਚ ਰਹਿ ਰਹੇ ਗਰੀਬ ਲੋਕਾਂ ਦੇ ਘਰਾਂ ਨੂੰ ਬਚਾਉਣ ਲਈ retaining walls (ਬੰਨ੍ਹ) ਬਣਾਉਣ ਲਈ ਤਕਰੀਬਨ 10 ਕਰੋੜ ਰੁਪਏ ਦੇ ਬਜਟ ਦਾ ਉਪਬੰਧ ਕਦੋਂ ਤੱਕ ਕਰ ਦਿੱਤਾ ਜਾਵੇਗਾ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਹਾਂ ਜੀ, ਇਸ ਸਬੰਧੀ 12.60 ਕਰੋੜ ਰੁਪਏ ਦਾ ਪ੍ਰਾਜੈਕਟ ਜਲ ਸਰੋਤ ਮਹਿਕਮੇ ਵੱਲੋਂ ਤਿਆਰ ਕੀਤਾ ਗਿਆ ਹੈ ਅਤੇ ਨਬਾਰਡ ਅਧੀਨ ਫੰਡਜ਼ ਪ੍ਰਾਪਤ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ। ਫੰਡਜ਼ ਪ੍ਰਾਪਤ ਹੋਣ ਤੇ ਇਹ ਕੰਮ ਕਰਵਾ ਦਿੱਤਾ ਜਾਵੇਗਾ।

**ਸ਼੍ਰੀ ਅਮਿਤ ਵਿਜ:** ਸਪੀਕਰ ਸਾਹਿਬ, ਇਹ ਪੰਜ-ਛੇ ਸੌ ਪਰਿਵਾਰ ਹਨ ਜਿਹੜੇ almost ਚੱਕੀ ਰਿਵਰ ਦੀ edge ਤੇ ਹਨ, ਇਹ ਬਹੁਤ ਗਰੀਬ ਪਰਿਵਾਰ ਹਨ। ਸਰ, ਮੈਂ ਪਰਸਨਲੀ ਸਾਰਿਆਂ ਨੂੰ ਦੇਖ ਆਇਆ ਹਾਂ ਕਿ ਨੈਕਸਟ ਮੌਨਸੂਨ ਨਹੀਂ ਨਿਕਲਣਾ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਅਤੇ ਐਫ.ਐਮ. ਸਾਹਿਬ ਨੂੰ ਵੀ ਰਿਕੁਐਸਟ ਕਰਦਾ ਹਾਂ ਕਿ ਜਿਹੜੇ ਬੜੇ critical areas ਹਨ ਉਨ੍ਹਾਂ ਨੂੰ kindly ਮੌਨਸੂਨ ਤੋਂ ਪਹਿਲਾਂ ਪ੍ਰੋਟੈਕਟ ਕਰ ਲਈਏ। ਉਨ੍ਹਾਂ ਕੋਲ ਪੈਸਾ ਬਿਲਕੁਲ ਨਹੀਂ ਹੈ ਜਿਸ ਕਾਰਨ ਉਥੇ ਜਾਨ-ਮਾਲ ਦਾ ਬਹੁਤ ਨੁਕਸਾਨ ਹੋ ਸਕਦਾ ਹੈ। ਸਰ, ਮੌਨਸੂਨ ਤੋਂ ਪਹਿਲਾਂ ਚਾਰ-ਪੰਜ ਕਰੋੜ ਰੁਪਿਆ ਚਾਹੀਦਾ ਹੋਵੇਗਾ, ਉਸ ਦੀ ਪ੍ਰੋਵੀਜ਼ਨ ਕਰ ਦੇਣ। ਇਨ੍ਹਾਂ ਦੇ ਆਫੀਸਰਜ਼ ਨੇ ਵੀ ਜਾ ਕੇ ਸਾਰਾ ਏਰੀਆ ਦੇਖ ਲਿਆ ਹੈ, I am highlighting this because this is very critical thing.

**ਮਾਨਯੋਗ ਸਪੀਕਰ:** ਮੰਤਰੀ ਜੀ, ਮੌਨਸੂਨ ਤੋਂ ਪਹਿਲਾਂ ਉਥੇ ਬੰਦੋਬਸਤ ਕਰਵਾ ਦਿਉਗੇ?

**ਮੰਤਰੀ:** ਸਪੀਕਰ ਸਾਹਿਬ, ਜਦੋਂ ਨਾਬਾਰਡ ਕੋਲੋਂ ਪੈਸੇ ਆ ਗਏ ਤਾਂ ਉਦੋਂ ਹੀ ਹੋਵੇਗਾ ਪਰ ਜਿਹੜੀ ਗੱਲ ਇਹ ਕਹਿ ਰਹੇ ਹਨ, ਇਨ੍ਹਾਂ ਦੀ ਗੱਲ ਵਾਜਬ ਹੈ, ਲੋੜ ਉਥੇ ਬਹੁਤ ਹੈ। ਅਸੀਂ ਹੜ੍ਹ ਰੋਕੂ ਪ੍ਰੋਗਰਾਮ ਵਿਚ ਇਸ ਨੂੰ ਵੀ ਪਾਇਆ ਹੈ। ਮੈਂ ਵੀ ਐਫ.ਐਮ.ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਜੇਕਰ ਸਾਨੂੰ 4-5 ਕਰੋੜ ਰੁਪਿਆ ਦੇ ਦਿੰਦੇ ਹਨ ਤਾਂ ਅਸੀਂ ਪਹਿਲਾਂ ਹੀ ਕਰਵਾ ਦਿਆਂਗੇ।

**ਮਾਨਯੋਗ ਸਪੀਕਰ:** ਅਗਲਾ ਸਵਾਲ। ਸ਼੍ਰੀ ਅਰੁਣ ਨਾਰੰਗ।

## ਹਲਕਾ ਅਬੋਹਰ ਦੇ ਘਰਾਂ ਅਤੇ ਢਾਣੀਆਂ ਨੂੰ ਬਿਜਲੀ ਸਪਲਾਈ ਦੇਣਾ

***2034. ਸ਼੍ਰੀ ਅਰੁਣ ਨਾਰੰਗ:** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਵਿਧਾਨ ਸਭਾ ਹਲਕਾ ਅਬੋਹਰ ਦੇ ਸਾਰੇ ਘਰਾਂ ਅਤੇ ਢਾਣੀਆਂ ਨੂੰ ਬਿਜਲੀ ਸਪਲਾਈ ਦੇਣ ਦੀ ਕੋਈ ਸਕੀਮ ਚੱਲ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਵਲੋਂ ਇਸ ਸਕੀਮ ਲਈ ਕਿੰਨੇ-ਕਿੰਨੇ ਫੰਡ ਦਿੱਤੇ ਗਏ ਹਨ ਤੇ ਇਸ ਕੰਮ ਦੀ ਅਜੋਕੀ ਸਥਿਤੀ ਕੀ ਹੈ ਅਤੇ ਇਸ ਕੰਮ ਨੂੰ ਕਦੋਂ ਤੱਕ ਮੁਕੰਮਲ ਕਰ ਲਿਆ ਜਾਵੇਗਾ, ਵੇਰਵੇ ਸਹਿਤ ਦੱਸਿਆ ਜਾਵੇ।

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ:** ਹਾਂ ਜੀ। ਅਬੋਹਰ ਵਿਧਾਨ ਸਭਾ ਹਲਕਾ ਅਧੀਨ 170 ਬੇਚਿਰਾਗ ਢਾਣੀਆਂ ਅਤੇ 72 ਚਿਰਾਗ ਢਾਣੀਆਂ ਨੂੰ 24 ਘੰਟੇ ਸਪਲਾਈ ਨਾਲ ਜੋੜਨ ਲਈ ਪੰਜਾਬ ਸਰਕਾਰ ਵਲੋਂ 3.70 ਕਰੋੜ ਰੁਪਏ ਦੀ ਰਾਸ਼ੀ ਮਿਤੀ 20.12.2018 ਨੂੰ ਜਾਰੀ ਕਰ ਦਿੱਤੀ ਗਈ ਹੈ। ਕੰਮ ਕਾਰਵਾਈ ਅਧੀਨ ਹੈ ਅਤੇ 4 ਮਹੀਨੇ ਦੇ ਅੰਦਰ ਮੁਕੰਮਲ ਕਰ ਦਿੱਤਾ ਜਾਵੇਗਾ।

**ਸ਼੍ਰੀ ਅਰੁਣ ਨਾਰੰਗ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਸੈਂਟਰ ਸਰਕਾਰ ਦੀ ਸਕੀਮ ਆਈ ਸੀ, ਜਿਸ ਵਿਚ ਹਰ ਢਾਣੀ, ਹਰ ਘਰ ਨੂੰ ਫਰੀ ਬਿਜਲੀ ਦੇਣੀ ਹੈ ਲੇਕਿਨ ਪ੍ਰਤੀ ਖੰਭਾ ਲਗਭਗ ਇੱਕ ਹਜ਼ਾਰ ਰੁਪਏ ਅਤੇ ਟਰਾਂਸਫਾਰਮਰ ਵਾਸਤੇ 4,000 ਤੋਂ 5,000 ਰੁਪਏ ਤੱਕ ਰਿਸ਼ਵਤ ਚਲੀ ਜਾਂਦੀ ਹੈ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਰਿਸ਼ਵਤ ਨੂੰ ਵੀ ਕੰਟਰੋਲ ਕਰੋਗੇ? ਇਹ ਗਰੀਬਾਂ ਨੂੰ ਫਰੀ ਬਿਜਲੀ ਦੇਣ ਦੀ ਸਕੀਮ ਹੈ।

**ਮੰਤਰੀ:** ਸਪੀਕਰ ਸਾਹਿਬ, ਜਿਥੋਂ ਤੱਕ ਰਿਸ਼ਵਤ ਲੈਣ ਦੀ ਗੱਲ ਹੈ, ਮੈਂਬਰ ਸਾਹਿਬ ਨੇ ਧਿਆਨ ਵਿਚ ਲਿਆਂਦਾ ਹੈ। ਜਿਹੜੀ ਇਨ੍ਹਾਂ ਨੇ ਇਹ ਗੱਲ ਕਹੀ ਹੈ, ਇਹ ਮੈਨੂੰ ਦੱਸ ਦੇਣ, ਸਾਡਾ ਜਿਹੜਾ ਕੋਈ ਅਫ਼ਸਰ ਐਸ.ਡੀ.ਓ., ਐਕਸੀਅਨ ਇਨਵਾਲਵ ਹੋਵੇਗਾ ਉਸ ਦੇ ਖਿਲਾਫ ਬਣਦੀ ਕਾਨੂੰਨਣ ਕਾਰਵਾਈ ਕਰਕੇ ਬਿਲਕੁਲ ਉਸ ਉਤੇ ਕਾਰਵਾਈ ਕੀਤੀ ਜਾਵੇਗੀ।

**ਸ਼੍ਰੀ ਅਰੁਣ ਨਾਰੰਗ:** ਸਪੀਕਰ ਸਾਹਿਬ, ਅਬੋਹਰ ਦਾ ਬਿਜਲੀ ਮਹਿਕਮਾ ਜਾਣ ਬੁੱਝ ਕੇ ਕੁਝ ਢਾਣੀਆਂ ਨੂੰ ਲੇਟ ਕਰੇਗਾ ਤੇ ਕੁਝ ਦਾ ਕੰਮ ਅੱਗੇ ਪਾਵੇਗਾ ਤਾਂ ਕਿ ਉਹ ਆ ਕੇ ਰਿਸ਼ਵਤ ਦੇਣ। ਇਹ ਇਨਕੁਆਰੀ ਕਰਵਾ ਲੈਣ, ਬਿਲਕੁਲ ਕਲੀਅਰ ਹੋ ਜਾਵੇਗਾ ਕਿ ਉਥੇ ਬਿਨਾਂ ਪੈਸੇ ਤੋਂ ਬਿਜਲੀ ਨਹੀਂ ਲਗਦੀ।

**ਮੰਤਰੀ:** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਅਬੋਹਰ

ਵਿਧਾਨ ਸਭਾ ਹਲਕਾ ਅਧੀਨ 170 ਬੇਚਿਰਾਗ ਢਾਣੀਆਂ ਨੂੰ ਅਤੇ 72 ਚਿਰਾਗ ਢਾਣੀਆਂ ਨੂੰ 24 ਘੰਟੇ ਸਪਲਾਈ ਨਾਲ ਜੋੜਨ ਲਈ ਮਿਤੀ 14.1.19 ਨੂੰ ਟੈਂਡਰ ਕਾਲ ਕੀਤੇ ਗਏ ਸਨ ਜੋ ਮਿਤੀ 7.2.19 ਨੂੰ ਖੋਲ੍ਹੇ ਗਏ ਹਨ। ਕੁੱਲ 19 ਫਰਮਾਂ ਦੁਆਰਾ ਟੈਂਡਰ ਪ੍ਰਕਿਰਿਆ ਵਿੱਚ ਹਿੱਸਾ ਲਿਆ ਗਿਆ, ਜਿਨ੍ਹਾਂ ਵਿਚੋਂ 14 ਫਰਮਾਂ ਦੇ ਟੈਂਡਰ ਯੋਗ ਪਾਏ ਗਏ ਹਨ, ਵਰਕ ਆਰਡਰ ਜਾਰੀ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਇਹ ਤਿੰਨ-ਚਾਰ ਮਹੀਨਿਆਂ ਅੰਦਰ ਮੁਕੰਮਲ ਹੋ ਜਾਵੇਗਾ। ਫਿਰ ਵੀ ਤੁਸੀਂ ਮੈਨੂੰ ਲਿਖ ਕੇ ਦਿਉ, ਜਿਹੜੀ ਵੀ ਕੋਈ ਢਾਣੀ ਰਹਿੰਦੀ ਹੈ, ਤੁਹਾਡੇ ਧਿਆਨ ਵਿਚ ਹੈ, ਤੁਸੀਂ ਲਿਖ ਕੇ ਮੈਨੂੰ ਪਰਸਨਲ ਤੌਰ ਤੇ ਭੇਜ ਦਿਉ, ਬਹੁਤ ਜਲਦ ਹੀ ਇਸ ਤੋਂ ਵੀ ਪਹਿਲਾਂ ਕਰਵਾ ਦਿਆਂਗੇ।

**ਸ਼੍ਰੀ ਅਰੁਣ ਨਾਰੰਗ:** ਬਹੁਤ-ਬਹੁਤ ਧੰਨਵਾਦ ਜੀ।

---

## ਵਿਧਾਨ ਸਭਾ ਹਲਕਾ ਜ਼ੀਰਾ ਦੇ ਵੱਖ-ਵੱਖ ਪਸ਼ੂ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ ਖਾਲੀ ਅਸਾਮੀਆਂ ਭਰਨਾ

***2067. ਸਰਦਾਰ ਕੁਲਬੀਰ ਸਿੰਘ :** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਜ਼ੀਰਾ ਵਿੱਚ ਵੱਖ-ਵੱਖ ਪਸ਼ੂ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ ਡਾਕਟਰਾਂ ਅਤੇ ਪੈਰਾ-ਮੈਡੀਕਲ ਸਟਾਫ਼ ਦੀਆਂ ਕਿੰਨੀਆਂ ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਇਹ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

**ਸਰਦਾਰ ਬਲਬੀਰ ਸਿੰਘ ਸਿੱਧੂ :** ਵਿਧਾਨ ਸਭਾ ਹਲਕਾ ਜ਼ੀਰਾ ਦੇ ਵੱਖ- ਵੱਖ ਪਸ਼ੂ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ ਡਾਕਟਰਾਂ ਅਤੇ ਪੈਰਾ-ਮੈਡੀਕਲ ਸਟਾਫ਼ ਦੀਆਂ ਖਾਲੀ ਅਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਸੰਸਥਾ ਦਾ ਨਾਂ | ਅਸਾਮੀ ਦਾ ਨਾਂ | ਖਾਲੀ ਅਸਾਮੀਆਂ |
|---|---|---|
| ਪਸ਼ੂ ਹਸਪਤਾਲ | ਵੈਟਰਨਰੀ ਅਫ਼ਸਰ | 11 |
| | ਪੈਰਾ ਮੈਡੀਕਲ ਸਟਾਫ਼ (ਵੈਟਰਨਰੀ ਇੰਸਪੈਕਟਰ) | 2 |
| ਪਸ਼ੂ ਡਿਸਪੈਂਸਰੀਆਂ | ਪੈਰਾ ਮੈਡੀਕਲ ਸਟਾਫ਼ (ਵੈਟਰਨਰੀ ਇੰਸਪੈਕਟਰ) | 9 |

[ਪਸ਼ੂ ਪਾਲਣ ਮੰਤਰੀ]

ਪਸ਼ੂ ਪਾਲਣ ਵਿਭਾਗ ਤਹਿਤ ਵੈਟਰਨਰੀ ਅਫਸਰਾਂ ਦੀਆਂ ਖਾਲੀ ਪਈਆਂ 423 ਅਸਾਮੀਆਂ ਵਿਚੋਂ 117 ਅਸਾਮੀਆਂ ਨੂੰ ਭਰਨ ਲਈ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਨੂੰ ਤਜਵੀਜ਼ ਭੇਜੀ ਜਾ ਚੁੱਕੀ ਹੈ ।ਉਨ੍ਹਾਂ ਵੱਲੋਂ ਸਿਲੈਕਟ ਕੀਤੇ ਉਮੀਦਵਾਰਾਂ ਸਬੰਧੀ ਸਿਫ਼ਾਰਸ਼ ਪ੍ਰਾਪਤ ਹੋਣ ਤੇ ਹਲਕਾ ਜ਼ੀਰਾ ਦੇ ਵੱਖ-ਵੱਖ ਪਸ਼ੂ ਹਸਪਤਾਲਾਂ ਵਿਚ ਖਾਲੀ ਅਸਾਮੀਆਂ ਭਰਨ ਸਬੰਧੀ ਯੋਗ ਕਾਰਵਾਈ ਕੀਤੀ ਜਾਵੇਗੀ। ਪੈਰਾ ਮੈਡੀਕਲ ਸਟਾਫ਼ (ਵੈਟਰਨਰੀ ਇੰਸਪੈਕਟਰਾਂ) ਦੀਆਂ ਖਾਲੀ ਅਸਾਮੀਆਂ ਨੂੰ ਵੀ ਪੂਰੀ ਵਿਧੀ ਨਾਲ ਭਰਨ ਲਈ ਕਦਮ ਚੁੱਕੇ ਜਾ ਰਹੇ ਹਨ।

**ਸਰਦਾਰ ਕੁਲਬੀਰ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਜ਼ਿਲ੍ਹੇ ਦੇ ਸ਼ਹਿਰਾਂ ਵਿੱਚ 7 ਗਊਸ਼ਾਲਾਵਾਂ ਹਨ। ਜ਼ੀਰਾ ਹਲਕੇ ਦੇ 234 ਪਿੰਡ ਹਨ। ਸਰਕਾਰੀ ਹਸਪਤਾਲਾਂ ਵਿੱਚ ਡਾਕਟਰ ਨਾ ਹੋਣ ਕਾਰਨ ਲੋਕਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪ੍ਰਾਈਵੇਟ ਡਾਕਟਰ ਲੁੱਟ ਦਾ ਅੱਡਾ ਬਣੇ ਹੋਏ ਹਨ। ਲੋਕਾਂ ਵਲੋਂ ਜਿਹੜਾ ਪਸ਼ੂ ਬਿਮਾਰ ਹੁੰਦਾ ਹੈ, ਉਸ ਨੂੰ ਖੁੱਲ੍ਹਾ ਛੱਡ ਦਿੱਤਾ ਜਾਂਦਾ ਹੈ। ਇਹ ਅਵਾਰਾ ਪਸ਼ੂ ਐਕਸੀਡੈਂਟ ਦਾ ਕਾਰਨ ਬਣਦੇ ਹਨ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜ਼ੀਰਾ ਵਿਖੇ 11 ਪੋਸਟਾਂ ਖਾਲੀ ਹਨ। ਇਸ ਦਾ ਕੋਈ ਨਾ ਕੋਈ ਹੱਲ ਜ਼ਰੂਰ ਕੱਢਿਆ ਜਾਵੇ ਕਿਉਂਕਿ ਜ਼ੀਰਾ ਪੱਛੜਿਆ ਹੋਇਆ ਇਲਾਕਾ ਹੈ ਅਤੇ ਬਾਰਡਰ ਤੇ ਪੈਂਦਾ ਹੈ। ਇਸ ਕਰਕੇ ਜ਼ਰੂਰ ਕੁਝ ਨਾ ਕੁਝ ਸੋਚਿਆ ਜਾਵੇ ਕਿਉਂਕਿ ਜੇਕਰ ਆਪਾਂ ਇਹ ਉਡੀਕਦੇ ਰਹਾਂਗੇ ਕਿ ਰੱਖਾਂਗੇ ਤਾਂ ਉਦੋਂ ਤੱਕ ਸਮਾਂ ਬਹੁਤ ਲੰਘ ਜਾਵੇਗਾ। ਇਹ ਮੇਰੀ ਬੇਨਤੀ ਮਨਜ਼ੂਰ ਕੀਤੀ ਜਾਵੇ।

**ਮਾਨਯੋਗ ਸਪੀਕਰ :** ਇਨ੍ਹਾਂ ਦਾ ਸਵਾਲ ਨਹੀਂ ਹੈ, ਬੇਨਤੀ ਹੈ।

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਦੀ ਬੇਨਤੀ ਬੜੀ ਵਾਜਬ ਹੈ। ਜ਼ੀਰਾ ਹੀ ਨਹੀਂ, ਪਿਛਲੀ ਸਰਕਾਰ ਨੇ ਆਪਣੇ 10 ਸਾਲਾਂ ਵਿੱਚ ਕੋਈ ਭਰਤੀ ਨਹੀਂ ਕੀਤੀ। ਪੂਰੇ ਪੰਜਾਬ ਦੇ ਸਿਵਲ ਹਸਪਤਾਲਾਂ ਵਿੱਚ 423 ਡਾਕਟਰਾਂ ਦੀਆਂ ਅਸਾਮੀਆਂ ਖਾਲੀ ਹਨ। ਪੂਰੇ ਪੰਜਾਬ ਵਿੱਚ ਵੈਟਰਨਰੀ ਇੰਸਪੈਕਟਰਾਂ ਦੀਆਂ 450 ਅਸਾਮੀਆਂ ਖਾਲੀ ਹਨ, ਜਿਹੜੀਆਂ ਕਲਾਸ-IV ਦੀਆਂ ਅਸਾਮੀਆਂ ਹਨ, ਉਹ 2549 ਵਿਚੋਂ ਸਿਰਫ਼ 1786 ਭਰੀਆਂ ਹੋਈਆਂ ਹਨ ਅਤੇ 763 ਖਾਲੀ ਹਨ। ਮੈਂ ਫਾਈਲ ਮੂਵ ਕੀਤੀ ਹੋਈ ਹੈ। ਮੈਨੂੰ ਵੀ ਚਿੰਤਾ ਹੈ ਕਿਉਂਕਿ ਜਦੋਂ ਵੈਕਸੀਨੇਸ਼ਨ ਕਰਵਾਉਣੀ ਹੁੰਦੀ ਹੈ ਤਾਂ ਉਸ ਵੇਲੇ ਡਾਕਟਰਾਂ ਦੀ ਬੜੀ ਜ਼ਰੂਰਤ ਹੁੰਦੀ ਹੈ। ਇਹ ਬੜੀ ਵੱਡੀ ਕਮੀ ਹੈ। ਸੀ.ਐਮ. ਸਾਹਿਬ ਨੇ ਭਰੋਸਾ ਦਿੱਤਾ ਹੈ ਕਿ ਇਨ੍ਹਾਂ ਪੋਸਟਾਂ ਨੂੰ ਜਲਦੀ ਤੋਂ ਜਲਦੀ ਭਰਾਂਗੇ।

**ਖੰਨਾ ਤੋਂ ਬਰਵਾਲੀ ਅਤੇ ਬਰਵਾਲੀ ਤੋਂ ਖਮਾਣੋਂ ਸੜਕ ਦੀ ਰਿਪੇਅਰ ਕਰਨਾ**

***1782. ਸਰਦਾਰ ਗੁਰਕੀਰਤ ਸਿੰਘ ਕੋਟਲੀ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਖੰਨਾ ਤੋਂ ਬਰਵਾਲੀ ਅਤੇ ਬਰਵਾਲੀ ਤੋਂ ਖਮਾਣੋਂ ਸੜਕ ਦੀ ਅਤਿ ਨਾਜ਼ੁਕ ਹਾਲਤ ਹੋਣ ਕਰਕੇ ਇਸ ਨੂੰ ਰਿਪੇਅਰ ਕਰਨ ਦਾ ਕੰਮ ਕਦੋਂ ਤੱਕ ਸ਼ੁਰੂ ਹੋ ਜਾਵੇਗਾ;

(ਅ) ਕੀ ਖੰਨਾ ਤੋਂ ਬਰਵਾਲੀ ਤੱਕ ਸੜਕ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਸੜਕ ਨੂੰ ਕਦੋਂ ਤੱਕ ਚੌੜਾ ਕਰ ਦਿੱਤਾ ਜਾਵੇਗਾ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਸ਼੍ਰੀਮਾਨ ਜੀ,

(ੳ) ਖੰਨਾ ਤੋਂ ਬਰਵਾਲੀ ਤੱਕ ਸੜਕ ਦੀ ਲੰਬਾਈ 8.33 ਕਿਲੋਮੀਟਰ ਅਤੇ ਚੌੜਾਈ 12 ਫੁੱਟ ਹੈ। ਇਸ ਸੜਕ ਤੇ ਨਬਾਰਡ-19 ਵਿੱਚ ਕੰਮ ਕਰਵਾਇਆ ਗਿਆ ਸੀ। ਇਸ ਦੀ last date of surfacing 05/2016 ਹੈ। ਬਰਵਾਲੀ ਤੋਂ ਖਮਾਣੋਂ ਸੜਕ ਦੀ ਸਪੈਸ਼ਲ ਰਿਪੇਅਰ ਦਾ ਕੰਮ 45% ਹੋ ਚੁੱਕਾ ਹੈ, ਬਾਕੀ ਰਹਿੰਦਾ ਕੰਮ 30.06.2019 ਤੱਕ ਕੰਪਲੀਟ ਕਰ ਦਿੱਤਾ ਜਾਵੇਗਾ।

(ਅ) ਨਹੀਂ ਜੀ। ਇਸ ਸੜਕ ਨੂੰ ਚੌੜਾ ਕਰਨ ਜਾਂ ਰਿਪੇਅਰ ਕਰਨ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

ਸਮੁੱਚੇ ਪੰਜਾਬ ਵਿੱਚ ਨਾਬਾਰਡ 24 ਅਧੀਨ ਕੰਮ ਚੱਲ ਰਿਹਾ ਹੈ। 325 ਕਰੋੜ ਰੁਪਏ ਨਾਲ ਸੜਕਾਂ ਦੀ ਵਾਈਡਨਿੰਗ ਅਤੇ ਅਪਗ੍ਰੇਡੇਸ਼ਨ ਦਾ ਕੰਮ ਚੱਲ ਰਿਹਾ ਹੈ। ਉਸ ਅਧੀਨ ਖੰਨਾ ਤੋਂ ਬਰਵਾਲੀ ਸੜਕ ਦਾ ਕੰਮ ਵੀ ਚੱਲ ਰਿਹਾ ਹੈ।

**ਸਰਦਾਰ ਗੁਰਕੀਰਤ ਸਿੰਘ ਕੋਟਲੀ :** ਸਪਲੀਮੈਂਟਰੀ, ਸਪੀਕਰ ਸਾਹਿਬ। ਜਵਾਬ ਨਹੀਂ ਆਇਆ।

**ਮਾਨਯੋਗ ਸਪੀਕਰ :** ਜਵਾਬ ਨਹੀਂ ਆਇਆ? ਦੱਸੋ, ਕੀ ਪੁੱਛਣਾ ਚਾਹੁੰਦੇ ਹੋ?

**ਸਰਦਾਰ ਗੁਰਕੀਰਤ ਸਿੰਘ ਕੋਟਲੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਸ ਗੱਲ ਦੀ ਮੰਗ ਕਰਦਾ ਹਾਂ ਕਿ ਇਹ ਬੜੀ ਅਹਿਮ ਰੋਡ ਹੈ ਅਤੇ ਸਾਡੇ ਨਾਲ ਬੜੇ ਲੰਬੇ ਸਮੇਂ ਤੋਂ ਵਿਤਕਰਾ ਹੋ ਰਿਹਾ ਹੈ। ਖਮਾਣੋਂ ਤੋਂ ਬਰਵਾਲੀ ਤੱਕ ਰੋਡ ਦੀ ਚੌੜਾਈ 18 ਫੁੱਟ ਹੈ ਅਤੇ ਬਰਵਾਲੀ ਤੋਂ ਖੰਨਾ ਤੱਕ 12 ਫੁੱਟ ਹੈ। ਸਪੀਕਰ ਸਾਹਿਬ, ਇਹ ਦੋ ਜ਼ਿਲ੍ਹਿਆਂ ਫਤਹਿਗੜ੍ਹ ਸਾਹਿਬ ਅਤੇ ਲੁਧਿਆਣਾ ਵਿੱਚ ਵੰਡੀ ਹੋਈ

ਹੈ। ਇਸ ਕਰਕੇ ਮੇਰੀ ਮੰਤਰੀ ਜੀ ਨੂੰ ਗੁਜ਼ਾਰਿਸ਼ ਹੈ ਕਿ ਬਰਵਾਲੀ ਤੋਂ ਖੰਨਾ ਤੱਕ ਸੜਕ ਦੀ ਚੌੜਾਈ ਵੀ 18 ਫੁੱਟ ਕੀਤੀ ਜਾਵੇ। ਇਸ ਸੜਕ ਦੀ ਹਾਲਤ ਬਹੁਤ ਨਾਜ਼ੁਕ ਹੈ ਅਤੇ ਇਸ ਨੂੰ ਜਲਦੀ ਤੋਂ ਜਲਦੀ ਰਿਪੇਅਰ ਕੀਤਾ ਜਾਵੇ। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਇਨ੍ਹਾਂ ਦਾ ਜਵਾਬ ਨਾਂਹ ਵਿੱਚ ਆਇਆ ਹੈ, ਇਹ ਹਾਂ ਵਿੱਚ ਕਦੋਂ ਤਬਦੀਲ ਹੋ ਜਾਵੇਗਾ, ਇਸ ਗੱਲ ਦਾ ਆਸ਼ਵਾਸਨ ਦੇਣ।

**ਮਾਨਯੋਗ ਸਪੀਕਰ :** ਸਿੰਗਲਾ ਜੀ, ਹਾਂ ਵਿੱਚ ਤਬਦੀਲ ਕਰੋ।

**ਮੰਤਰੀ :** ਸਪੀਕਰ ਸਾਹਿਬ, ਹਾਂ ਵਿੱਚ ਕਰ ਦਿੰਦੇ ਹਾਂ। ਤੁਹਾਡਾ ਹੁਕਮ ਹੋ ਗਿਆ ਹੈ। ਮਾਨਯੋਗ ਮੈਂਬਰ ਸਾਹਿਬ ਨੇ ਪਹਿਲਾਂ ਵੀ ਮੇਰੇ ਕੋਲ ਆ ਕੇ ਦਫ਼ਤਰ ਵਿੱਚ ਇਹ ਗੱਲ ਰੱਖੀ ਸੀ ਅਤੇ ਅਸੀਂ ਇਸ ਵਾਸਤੇ ਪ੍ਰਪੋਜ਼ਲ ਬਣਾਈ ਹੈ। ਸਾਢੇ ਚਾਰ ਕਰੋੜ ਰੁਪਿਆ ਇਸ ਸੜਕ ਨੂੰ 18 ਫੁੱਟ ਵਾਈਡ ਕਰਨ ਵਾਸਤੇ ਅਤੇ ਅਪਗ੍ਰੇਡ ਕਰਨ ਵਾਸਤੇ ਖਰਚ ਹੋਣਾ ਹੈ। ਇਹ ਸਵਰਗਵਾਸੀ ਸਰਦਾਰ ਬੇਅੰਤ ਸਿੰਘ ਜੀ ਦਾ ਇਲਾਕਾ ਹੈ, ਉਨ੍ਹਾਂ ਦੀ ਆਪਣੇ ਪੰਜਾਬ ਵਾਸਤੇ ਬੜੀ ਕੰਟਰੀਬਿਊਸ਼ਨ ਰਹੀ ਹੈ। ਜਿਹੜਾ ਮਾਮਲਾ ਗੁਰਕੀਰਤ ਜੀ ਨੇ ਰੱਖਿਆ ਹੈ, ਇਸ ਵਾਸਤੇ ਪੈਸਾ ਆਉਣ ਵਾਲੇ ਬਜਟ ਵਿੱਚ ਮਨਜ਼ੂਰ ਕਰਕੇ ਇਸ ਸੜਕ ਨੂੰ ਪ੍ਰਵਾਨ ਕਰਾਂਗੇ।

**ਸਰਦਾਰ ਗੁਰਕੀਰਤ ਸਿੰਘ ਕੋਟਲੀ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਬਹੁਤ ਬਹੁਤ ਧੰਨਵਾਦੀ ਹਾਂ, ਉਨ੍ਹਾਂ ਨੇ ਆਸ਼ਵਾਸਨ ਦਿੱਤਾ ਹੈ। ਮੰਤਰੀ ਜੀ, ਇਸ ਨੂੰ ਜਲਦੀ ਸ਼ੁਰੂ ਕਰਵਾ ਕੇ ਜਲਦੀ ਨੇਪਰੇ ਚੜ੍ਹਾਇਆ ਜਾਵੇ।

---

## ਜ਼ਿਲ੍ਹਾ ਬਰਨਾਲਾ ਦੇ ਪਿੰਡਾਂ ਗੰਗੋਹਰ ਅਤੇ ਮਹਿਲ ਖੁਰਦ ਨੂੰ ਜੋੜਨ ਵਾਲੀ ਸੜਕ ਦੇ ਕੱਚੇ ਰਸਤੇ ਨੂੰ ਪੱਕਾ ਕਰਨਾ

***1917. ਸਰਦਾਰ ਕੁਲਵੰਤ ਸਿੰਘ ਪੰਡੋਰੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਗੰਗੋਹਰ (ਜ਼ਿਲ੍ਹਾ ਬਰਨਾਲਾ) ਤੋਂ ਲੈ ਕੇ ਪਿੰਡ ਮਹਿਲ ਖੁਰਦ (ਜ਼ਿਲ੍ਹਾ ਬਰਨਾਲਾ) ਨੂੰ ਜੋੜਦੀ ਸੜਕ ਦੇ ਦੋ ਕਿਲੋਮੀਟਰ ਕੱਚੇ ਰਸਤੇ ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ) :** ਨਹੀਂ ਜੀ।

**ਸਰਦਾਰ ਕੁਲਵੰਤ ਸਿੰਘ ਪੰਡੋਰੀ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮਹਿਲਕਲਾਂ ਦੇ ਨਾਲ ਰਾਜ/ਰੋਹਨਦੀਪ ਟੋਲ

ਲੱਗਿਆ ਹੋਇਆ ਹੈ। ਜਿਹੜਾ ਮਹਿਲ ਖੁਰਦ ਪਿੰਡ ਹੈ ਉਸ ਦਾ ਦੋ ਕਿਲੋਮੀਟਰ ਦਾ ਟੋਟਾ ਹੈ ਅਤੇ ਇੱਧਰ ਮਹਿਲਕਲਾਂ ਤੋਂ ਸਹੋਰ ਪੈਂਦਾ ਹੈ, ਇਹ ਰਾਜ ਮਾਰਗ ਹੈ। ਬਠਿੰਡਾ ਤੋਂ ਜਿੰਨੀਆਂ ਐਂਬੂਲੈਂਸਾਂ ਚਲਦੀਆਂ ਹਨ, ਉਹ ਲੁਧਿਆਣਾ ਵਿਖੇ ਦਇਆਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਨੂੰ ਆਉਂਦੀਆਂ ਹਨ। ਮੈਂ ਉਥੋਂ ਕਵਰੇਜ ਕਰਦਾ ਰਿਹਾ ਹਾਂ। ਕਿਰਪਾ ਕਰਕੇ ਮੈਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਇਹ ਰਸਤਾ ਕਾਫ਼ੀ ਕੱਚਾ ਹੈ, ਜਿਸ ਕਾਰਨ ਕਾਫ਼ੀ ਮਰੀਜ਼ਾਂ ਦੀ ਮੌਤ ਹੋ ਚੁੱਕੀ ਹੈ। ਮਹਿਲਕਲਾਂ ਨੂੰ ਮਟਕਾ ਚੌਂਕ ਕਹਿੰਦੇ ਹਨ। ਮਹੀਨੇ ਵਿੱਚ 5-6 ਧਰਨੇ ਹੁੰਦੇ ਰਹਿੰਦੇ ਹਨ। ਇਸ ਕਾਰਨ ਵੀ ਮਰੀਜ਼ਾਂ ਦੀਆਂ ਕਾਫ਼ੀ ਮੌਤਾਂ ਹੋ ਜਾਂਦੀਆਂ ਹਨ। ਮੈਂ ਮੰਤਰੀ ਜੀ ਨੂੰ ਕਹਿੰਦਾ ਹਾਂ ਕਿ ਜਾਂ ਤਾਂ ਇੱਥੇ ਧਰਨੇ ਲੱਗਣੇ ਬੰਦ ਕਰਵਾ ਦਿਓ ਜਾਂ ਫੇਰ ਸੜਕ ਬਣਵਾ ਦਿਓ।

**ਮਾਨਯੋਗ ਸਪੀਕਰ :** ਬੇਨਤੀ ਕੀਤੀ ਹੈ ਜੀ।

**ਮੰਤਰੀ:** ਸਪੀਕਰ ਸਾਹਿਬ, ਇਨ੍ਹਾਂ ਦੇ ਕਹਿਣ ਮੁਤਾਬਕ ਇਹ ਬਹੁਤ ਜ਼ਰੂਰੀ ਹੈ।

**ਮਾਨਯੋਗ ਸਪੀਕਰ:** ਮੰਤਰੀ ਜੀ, ਗੌਰ ਕਰ ਲਵੋ।

**ਮੰਤਰੀ:** ਸਪੀਕਰ ਸਾਹਿਬ, ਜ਼ਰੂਰ ਗੌਰ ਕਰ ਲਵਾਂਗੇ ਜੀ।

---

## ਨੈਸ਼ਨਲ ਹੈਲਥ ਮਿਸ਼ਨ ਅਧੀਨ ਕਰਮਚਾਰੀਆਂ ਨੂੰ ਸਰਵਿਸ ਬਾਈ ਲਾਅਜ਼ ਅਧੀਨ ਪੇਅ ਸਕੇਲ ਦੇਣਾ

***1876. ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਨੈਸ਼ਨਲ ਹੈਲਥ ਮਿਸ਼ਨ ਅਧੀਨ ਕੰਮ ਕਰਦੇ ਕਰਮਚਾਰੀਆਂ ਨੂੰ ਹਰਿਆਣਾ ਰਾਜ ਦੀ ਤਰਜ ਤੇ ਸਰਵਿਸ ਬਾਈ ਲਾਅ ਅਧੀਨ ਪੇਅ ਸਕੇਲ ਅਤੇ ਮਹਿੰਗਾਈ ਭੱਤਾ ਦਿੱਤੇ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;

(ਅ) ਕੀ ਨੈਸ਼ਨਲ ਹੈਲਥ ਮਿਸ਼ਨ ਅਧੀਨ ਕੰਮ ਕਰਦੇ ਕਰਮਚਾਰੀਆਂ ਨੂੰ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਇਲਾਜ ਅਤੇ ਬੀਮਾ ਸਹੂਲਤਾਂ ਦਿੱਤੇ ਜਾਣ ਦੀ ਵੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਾਨ ਜੀ, (ੳ) ਨੈਸ਼ਨਲ ਹੈਲਥ ਮਿਸ਼ਨ ਪੰਜਾਬ ਅਧੀਨ

ਠੇਕਾ ਅਧਾਰਤ ਕਰਮਚਾਰੀਆਂ ਲਈ ਸਰਵਿਸ ਬਾਈ ਲਾਅ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

(ਅ) ਨੈਸ਼ਨਲ ਹੈਲਥ ਮਿਸ਼ਨ ਪੰਜਾਬ ਅਧੀਨ ਠੇਕਾ ਅਧਾਰਤ ਕਰਮਚਾਰੀਆਂ ਨੂੰ ਆਯੂਸ਼ਮਾਨ ਭਾਰਤ ਯੋਜਨਾ ਅਧੀਨ ਸਿਹਤ ਬੀਮਾ ਦਾ ਲਾਭ ਦਿੱਤਾ ਜਾਵੇਗਾ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਕਰਮਚਾਰੀਆਂ ਲਈ ਜੋ ਸਰਵਿਸ ਬਾਈ ਲਾਅ ਬਣਾਉਣ ਦੀ ਪਾਲਿਸੀ ਹੈ, ਕੀ ਉਹ ਟਾਈਮ ਬਾਊਂਡ ਹੋਵੇਗੀ? ਇਹ ਵੀ ਦੱਸਿਆ ਜਾਵੇ ਕਿ ਕੀ ਸਰਕਾਰ ਨੇ ਇਨ੍ਹਾਂ ਮੁਲਾਜ਼ਮਾਂ ਦੇ ਬਾਈ ਲਾਅ ਨੂੰ ਲੈ ਕੇ ਕੋਈ ਬਲਿਊ ਪ੍ਰਿੰਟ ਤਿਆਰ ਕੀਤਾ ਹੈ?

**ਮਾਨਯੋਗ ਸਪੀਕਰ:** ਇਹ ਜਲਦੀ ਚਾਹੁੰਦੇ ਹਨ ਜੀ।

**ਮੰਤਰੀ:** ਸਰ, ਇਨ੍ਹਾਂ ਦਾ ਸਵਾਲ ਬਹੁਤ ਠੀਕ ਹੈ। ਐਨ.ਆਰ.ਐਚ.ਐਮ. ਤਹਿਤ 7,000 ਇੰਪਲਾਈ ਹਨ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਰ, 9,000 ਹਨ।

**ਮੰਤਰੀ:** ਮੈਂ ਖੁਦ ਕਨਸਰਨਡ ਹਾਂ, ਮੁੱਖ ਮੰਤਰੀ ਜੀ ਕਨਸਰਨਡ ਹਨ ਕਿ ਇਨ੍ਹਾਂ 7,000 ਇੰਪਲਾਈਜ਼ ਦੀ ਵੈਲਫੇਅਰ ਅਸੀਂ ਦੇਖਣੀ ਹੈ। ਜਿਹੜੇ ਪਰੈਜੈਂਟ ਬਾਈ ਲਾਅਜ਼ ਹਨ, ਉਨ੍ਹਾਂ ਨੂੰ ਠੀਕ ਕਰਨ ਵਾਸਤੇ ਨੈਸ਼ਨਲ ਹੈਲਥ ਮਿਸ਼ਨ, ਗੌਰਮਿੰਟ ਆਫ਼ ਇੰਡੀਆ ਦੀ ਸਕੀਮ ਦੇ ਮੁਤਾਬਕ ਸਟੱਡੀ ਹੋ ਰਿਹਾ ਹੈ। ਸਪੀਕਰ ਸਾਹਿਬ, ਹਰਿਆਣਾ ਵੀ ਇਸ ਦੇ ਵਿੱਚ ਹੈ। ਅਸੀਂ ਇਸ ਵਾਸਤੇ ਇੱਕ ਸਕੀਮ ਜਲਦੀ ਹੀ ਲੈ ਕੇ ਆ ਰਹੇ ਹਾਂ ਜੀ। ਇਸ ਦੇ ਰੂਲਜ਼ ਬਹੁਤ ਜਲਦੀ ਫਰੇਮ ਹੋ ਜਾਣਗੇ, ਜਿਸ ਵਾਸਤੇ ਅਸੀਂ ਇਹ ਫ਼ੈਸਲਾ ਕੀਤਾ ਹੈ ਕਿ ਇੱਕ ਰਿਟਾਇਰਡ ਸੈਸ਼ਨ ਜੱਜ ਨੂੰ ਅਪੁਆਇੰਟ ਕਰਕੇ ਪਰਾਪਰ ਰੂਲਜ਼ ਬਣਾਈਏ, ਜਿਹੜੇ ਇਨ੍ਹਾਂ ਇੰਪਲਾਈਜ਼ ਦੀ ਫੇਵਰ ਵਿੱਚ ਹੋਣ, ਜਿਹੜੇ ਇਨ੍ਹਾਂ ਦੀ ਮਦਦ ਕਰਦੇ ਹੋਣ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਪਲੀਮੈਂਟਰੀ ਜੀ।

**ਮਾਨਯੋਗ ਸਪੀਕਰ:** ਰੂਬੀ ਜੀ, ਮੇਰਾ ਖਿਆਲ ਹੈ, ਤੁਹਾਡਾ ਜਵਾਬ ਆ ਗਿਆ ਹੈ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਪੀਕਰ ਸਾਹਿਬ, ਇਸ ਨੂੰ ਟਾਈਮ ਬਾਊਂਡ ਕਰ ਦੇਣ ਜੀ ਕਿਉਂਕਿ ਐਨ.ਆਰ.ਐਚ.ਐਮ. ਤਹਿਤ 9,000 ਮੁਲਾਜ਼ਮ ਹਨ। ਛੇ ਮਹੀਨੇ ਜਾਂ ਸਾਲ, ਕਦੋਂ ਤੱਕ ਕਰ ਦੇਣਗੇ, ਟਾਈਮ ਬਾਊਂਡ ਕਰ ਦੇਣ।

**ਮਾਨਯੋਗ ਸਪੀਕਰ:** ਰੂਬੀ ਜੀ, ਮੰਤਰੀ ਜੀ ਨੇ ਆਪਣੀ ਸਿਨਸੈਰਿਟੀ ਦੱਸ ਦਿੱਤੀ

ਹੈ ਕਿ ਜਲਦੀ ਹੀ ਕਰਨਗੇ। ਮੇਰਾ ਖਿਆਲ ਹੈ ਕਿ ਟਾਈਮ ਬਾਊਂਡ ਤਾਂ ਨਹੀਂ ਹੋ ਸਕੇਗਾ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਪੀਕਰ ਸਾਹਿਬ, ਮੰਤਰੀ ਜੀ ਐਸ਼ੋਰੈਂਸ ਦੇ ਦੇਣ।

**ਮਾਨਯੋਗ ਸਪੀਕਰ:** ਉਨ੍ਹਾਂ ਨੇ ਐਸ਼ੋਰੈਂਸ ਤਾਂ ਦਿੱਤੀ ਹੈ।

**ਮੰਤਰੀ:** ਸਪੀਕਰ ਸਾਹਿਬ, ਐਸ਼ੋਰੈਂਸ ਦਿੱਤੀ ਹੈ ਪ੍ਰੰਤੂ ਤੁਹਾਨੂੰ ਪਤਾ ਹੀ ਹੈ ਕਿ ਕਈ ਵਾਰ ਸਰਕਾਰ ਦੇ ਕੰਮਕਾਰ ਵਿੱਚ ਦਿੱਕਤਾਂ ਆ ਜਾਂਦੀਆਂ ਹਨ। ਅਸੀਂ ਇਹ ਜਲਦੀ ਹੀ ਕਰਾਂਗੇ ਕਿਉਂਕਿ ਮੈਂ ਖੁਦ ਚਾਹੁੰਦਾ ਹਾਂ ਕਿ ਇਸ ਦਾ ਹੱਲ ਹੋਵੇ। ਇਕੱਲਾ ਇਨ੍ਹਾਂ ਦਾ ਹੀ ਨਹੀਂ ਸਗੋਂ ਮੇਰਾ ਵੀ ਨਾਲ ਕਨਸਰਨ ਹੈ, ਸਾਡੇ ਸਾਰੇ ਐਮ.ਐਲ.ਏਜ਼ ਦਾ ਕਨਸਰਨ ਹੈ ਕਿਉਂਕਿ ਐਨ.ਆਰ.ਐਚ.ਐਮ. ਇੰਪਲਾਈਜ ਇਨ੍ਹਾਂ ਸਾਰਿਆਂ ਨੂੰ ਮਿਲਦੇ ਰਹਿੰਦੇ ਹਨ। ਅਸੀਂ ਸਭ ਵੀ ਚਾਹੁੰਦੇ ਹਾਂ ਕਿ ਇਹ ਠੀਕ ਹੋਵੇ।

---

## ਕਾਦੀਆਂ ਵਿੱਚ ਸੀਵਰੇਜ ਦਾ ਕੰਮ ਸ਼ੁਰੂ ਕਰਨਾ

***2027. ਸਰਦਾਰ ਫਤਹਿਜੰਗ ਸਿੰਘ ਬਾਜਵਾ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮੁੱਖ ਮੰਤਰੀ ਜੀ ਨੇ 15 ਅਗਸਤ, 2017 ਨੂੰ ਗੁਰਦਾਸਪੁਰ ਵਿਖੇ ਕਾਦੀਆਂ ਵਿੱਚ ਸੀਵਰੇਜ ਦਾ ਕੰਮ ਕਰਨ ਲਈ ਐਲਾਨ ਕੀਤਾ ਸੀ; ਜੇਕਰ ਅਜਿਹਾ ਹੋਵੇ ਤਾਂ ਕਾਦੀਆਂ ਸ਼ਹਿਰ ਦੇ ਸੀਵਰੇਜ ਦਾ ਕੰਮ ਕਦੋਂ ਤੱਕ ਸ਼ੁਰੂ ਕੀਤਾ ਜਾਵੇਗਾ?

**ਸਰਦਾਰ ਨਵਜੋਤ ਸਿੰਘ ਸਿੱਧੂ:** ਇਹ ਠੀਕ ਹੈ ਕਿ ਮਾਨਯੋਗ ਮੁੱਖ ਮੰਤਰੀ ਜੀ ਵੱਲੋਂ ਮਿਤੀ 15 ਅਗਸਤ, 2017 ਨੂੰ ਗੁਰਦਾਸਪੁਰ ਵਿਖੇ ਕਾਦੀਆਂ ਸ਼ਹਿਰ ਵਿੱਚ ਸੀਵਰੇਜ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਐਲਾਨ ਕੀਤਾ ਗਿਆ ਸੀ, ਜਿਸ ਲਈ ਨਗਰ ਕੌਂਸਲ, ਕਾਦੀਆਂ ਵੱਲੋਂ ਮੇਨ ਪੰਪਿੰਗ ਸਟੇਸ਼ਨ ਅਤੇ ਸੀਵੇਜ਼ ਟਰੀਟਮੈਂਟ ਪਲਾਂਟ ਵਾਸਤੇ ਜ਼ਮੀਨ ਦਾ ਉਪਬੰਧ ਕੀਤਾ ਜਾ ਰਿਹਾ ਹੈ। ਜ਼ਮੀਨ ਪ੍ਰਾਪਤ ਹੋਣ ਉਪਰੰਤ, ਲੋੜੀਂਦੇ ਫੰਡਜ਼ ਦੀ ਪ੍ਰੋਵੀਜ਼ਨ ਕਰਕੇ ਇਹ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

**ਸਰਦਾਰ ਫਤਹਿਜੰਗ ਸਿੰਘ ਬਾਜਵਾ:** ਸਪੀਕਰ ਸਾਹਿਬ, ਮੈਂ ਤੁਹਾਡੇ ਮਾਰਫ਼ਤ ਸਾਡੇ ਬਹੁਤ ਹੀ ਅਜ਼ੀਜ਼ ਮੰਤਰੀ ਜੀ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਕਾਦੀਆਂ ਸ਼ਹਿਰ ਅਹਿਮਦੀਆਂ ਸੈਕਟਰ ਦਾ ਹੈੱਡ ਕੁਆਰਟਰ ਹੋਣ ਕਾਰਨ ਨੈਸ਼ਨਲ ਮੈਪ ਤੇ ਹੈ। ਤਕਰੀਬਨ 40-50 ਦੇਸ਼ਾਂ ਤੋਂ ਇੱਥੇ ਹਰ ਸਾਲ devotees ਆਉਂਦੇ ਹਨ। ਬਾਰਸ਼ਾਂ ਦੇ ਮੌਕੇ ਗਲੀਆਂ ਵਿੱਚ ਪਾਣੀ ਖੜ੍ਹਾ ਰਹਿਣ ਕਾਰਨ ਸਾਨੂੰ ਹਰ ਬੰਦਾ ਪੁੱਛਦਾ

ਹੈ ਕਿ ਅੱਜ ਤੋਂ 100 ਸਾਲ ਪਹਿਲਾਂ ਜਦੋਂ ਕਾਦੀਆਂ ਸ਼ਹਿਰ ਬਣਾਇਆ ਗਿਆ ਸੀ, ਉਦੋਂ ਤਾਂ ਇੰਨਾ ਸੋਹਣਾ ਸੀ ਪ੍ਰੰਤੂ ਹੁਣ ਇੱਥੇ ਪਾਣੀ ਦੀ ਲੌਗਿੰਗ ਕਿਉਂ ਹੈ? ਮੇਰੇ ਛੋਟੇ ਵੀਰ ਮੰਤਰੀ ਜੀ, ਜਿਹੜੇ ਕਿ ਅੱਜ ** ** ਵਾਗੂੰ ਖੜ੍ਹੇ ਹਨ, ਜੇ ਅੱਜ ਇਨ੍ਹਾਂ ਨੂੰ ਜ਼ਮੀਨ ਮੁਹੱਈਆ ਕਰਵਾਈ ਜਾਵੇ ਤਾਂ ਕਿੰਨੇ ਚਿਰ ਵਿੱਚ ਸਾਡੇ ਉਥੇ ਸੀਵਰੇਜ ਦਾ ਹੱਲ ਕਰ ਦਿੱਤਾ ਜਾਵੇਗਾ?

**ਮਾਨਯੋਗ ਸਪੀਕਰ:** ਮੈਂਬਰ ਸਾਹਿਬ ਕਹਿੰਦੇ ਹਨ ਕਿ ਜੇ ਜ਼ਮੀਨ ਮੁਹੱਈਆ ਕਰਵਾ ਦੇਈਏ ਤਾਂ ਇਹ ਹੋ ਜਾਵੇਗਾ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਰੰਗ ਵਿੱਚ ਹੀ ਰੰਗਿਆ ਹੋਇਆ ਹਾਂ, (ਹਾਸਾ) ਭਾਵੇਂ ** ** ਹੋਵੇ, ਭਾਵੇਂ ਕੋਈ ਰੰਗ ਹੋਵੇ, ਇਹ ਮੇਰਾ ਵੱਡਾ ਭਰਾ ਹੈ ਲੇਕਿਨ ਗੌਰਮਿੰਟ ਦਾ ਇੱਕ ਪ੍ਰੋਸੀਜਰ ਹੁੰਦਾ ਹੈ, ਅਸੀਂ ਕੌਂਸਲ ਨੂੰ ਤਿੰਨ ਚਿੱਠੀਆਂ ਲਿਖੀਆਂ ਹਨ, ਮੈਂ ਡੇਟਸ ਦੱਸ ਦਿੰਦਾ ਹਾਂ। ਉਪ ਮੰਡਲ ਇੰਜੀਨੀਅਰ, ਬਟਾਲਾ ਵਲੋਂ ਪੱਤਰ ਨੰਬਰ 1070 ਮਿਤੀ 10.12.2018 ਨੂੰ ਗਿਆ ਹੈ ਜੀ। ਫਿਰ ਮਿਤੀ 7.1.2019 ਨੂੰ ਅਤੇ ਫਿਰ 18.2.2019 ਰਾਹੀਂ ਪੱਤਰ ਗਿਆ ਹੈ ਕਿ ਵਾਰ-ਵਾਰ ਲਿਖਣ ਉਪਰੰਤ ਵੀ ਨਗਰ ਕੌਂਸਲ, ਕਾਦੀਆਂ ਵਲੋਂ ਮੇਨ ਪੰਪਿੰਗ ਸਟੇਸ਼ਨ ਅਤੇ ਸੀਵਰੇਜ ਟਰੀਟਮੈਂਟ ਪਲਾਂਟ ਵਾਸਤੇ ਜ਼ਮੀਨ ਮੁਹੱਈਆ ਨਹੀਂ ਕਰਵਾਈ ਗਈ। ਸਪੀਕਰ ਸਾਹਿਬ, ਜਦੋਂ ਤੱਕ ਜ਼ਮੀਨ ਮੁਹੱਈਆ ਨਹੀਂ ਹੋਣੀ, ਅਸੀਂ ਫੰਡ ਰਿਲੀਜ਼ ਨਹੀਂ ਕਰ ਸਕਦੇ। ਇਹ ਵੱਡੇ ਭਾਈ ਹਨ, ਇਹ ਕੁਝ ਵੀ ਕਹਿ ਲੈਣ, ਮੈਂ ਇਨ੍ਹਾਂ ਦੇ ਅੱਗੇ ਹਮੇਸ਼ਾ ਝੁਕਦਾ ਰਹਾਂਗਾ।

**ਮਾਨਯੋਗ ਸਪੀਕਰ:** ਜ਼ਮੀਨ ਦਿਓ ਜੀ?

**ਸਰਦਾਰ ਫਤਹਿਜੰਗ ਸਿੰਘ ਬਾਜਵਾ:** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਜ਼ਮੀਨ ਇਨ੍ਹਾਂ ਨੂੰ at the earliest ਮੁਹੱਈਆ ਕਰਵਾ ਦਿੱਤੀ ਜਾਵੇ ਤਾਂ ਜਿਹੜਾ 2200 ਕਰੋੜ ਰੁਪਏ ਦਾ ਫੰਡ ਆਇਆ ਹੈ, ਉਸ ਦੇ ਵਿੱਚੋਂ ਕਿੰਨੀ ਜਲਦੀ ਸਾਨੂੰ ਫੰਡ ਮੁਹੱਈਆ ਕਰਵਾਇਆ ਜਾ ਸਕਦਾ ਹੈ?

**ਮੰਤਰੀ:** ਸਪੀਕਰ ਸਾਹਿਬ, ਹੁਣ ਫਿਰ ਇਨ੍ਹਾਂ ਨੇ 'ਜੇਕਰ' ਕਿਹਾ ਹੈ। ਕੱਲ੍ਹ ਵੀ ਇੱਕ 'ਜੇ' ਵਾਲਾ ਸਵਾਲ ਆਇਆ ਸੀ ਮੈਂ 'ਜੇ' ਦਾ ਜਵਾਬ ਨਹੀਂ ਦੇ ਸਕਦਾ ਹਾਂ ਪਰ ਜਿਸ ਦਿਨ ਵੀ ਇਹ ਮੈਨੂੰ ਜ਼ਮੀਨ ਮੁਹੱਈਆ ਕਰਵਾ ਦੇਣਗੇ, ਅੱਧੇ ਮਿੰਟ ਵਿੱਚ ਇਨ੍ਹਾਂ ਦਾ ਕੰਮ ਪੂਰਾ ਹੋ ਜਾਵੇਗਾ।

---

** **Expunged as ordered by the Hon'ble Speaker.

**ਸ਼੍ਰੀ ਐਨ.ਕੇ. ਸ਼ਰਮਾ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਸੀ ਕਿ ਸਾਡੇ ਲਾਲੜੂ ਵਿੱਚ ਜ਼ਮੀਨ ਵੀ ਹੈ, ਫੰਡ ਵੀ ਹੈ, ਉਥੇ 30 ਕਿਲੋਮੀਟਰ ਸੀਵਰੇਜ ਪੈ ਚੁੱਕਿਆ ਹੈ।

**ਮਾਨਯੋਗ ਸਪੀਕਰ:** ਕੀ ਇਹ ਗੱਲ ਕਰਨ ਵਾਲੀ ਹੈ? ਇਹ ਗੱਲ ਕਾਦੀਆਂ ਦੀ ਹੋ ਰਹੀ ਹੈ (ਵਿਘਨ) ਗੱਲ ਕਾਦੀਆਂ ਦੀ ਹੋ ਰਹੀ ਹੈ।

**ਸ਼੍ਰੀ ਐਨ.ਕੇ. ਸ਼ਰਮਾ:** ਸਪੀਕਰ ਸਾਹਿਬ, ਲਾਲੜੂ ਟ੍ਰੀਟਮੈਂਟ ਪਲਾਂਟ ਦਾ ਕੰਮ ਹੋ ਰਿਹਾ ਸੀ ਪਰ 2 ਸਾਲ ਤੋਂ ਬੰਦ ਪਿਆ ਰਹਿਣ ਕਾਰਨ ਜਿਹੜਾ 30 ਕਿਲੋਮੀਟਰ ਸੀਵਰੇਜ ਪੈ ਚੁੱਕਾ ਹੈ, ਉਹ ਡੈਮੇਜ ਹੋ ਜਾਣਾ ਹੈ। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਸ ਕੰਮ ਨੂੰ ਸਿਰੇ ਲਗਵਾ ਦਿਓ। ਕੀ ਮੰਤਰੀ ਜੀ ਇਹ ਕਰਵਾ ਦੇਣਗੇ?

**ਮਾਨਯੋਗ ਸਪੀਕਰ:** ਅਗਲਾ ਸਵਾਲ ਜੀ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2030**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

## ਮੌਜੂਦਾ ਸ਼ਾਸਨ ਕਾਲ ਦੌਰਾਨ ਬਣਾਈਆਂ ਗਈਆਂ ਨੇਚਰ ਪਾਰਕਾਂ ਅਤੇ ਹੋਰ ਪਾਰਕਾਂ ਦਾ ਵੇਰਵਾ

***2099. ਸਰਦਾਰ ਰਣਦੀਪ ਸਿੰਘ :** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਰਾਜ ਵਿੱਚ ਮੌਜੂਦਾ ਸ਼ਾਸਨ ਕਾਲ ਦੌਰਾਨ ਕਿੰਨੀਆਂ ਨੇਚਰ ਪਾਰਕਾਂ ਅਤੇ ਹੋਰ ਪਾਰਕਾਂ ਬਣਾਈਆਂ ਗਈਆਂ ਅਤੇ ਇਸ ਦੇ ਵੇਰਵੇ ਕੀ ਹਨ?

(ਅ) ਉਪਰੋਕਤ ਦਰਸਾਏ ਗਏ ਪਾਰਕਾਂ ਉੱਤੇ ਖਰਚ ਹੋਏ ਫੰਡਾਂ ਦੇ ਵੇਰਵੇ ਕੀ ਹਨ ਅਤੇ ਮਿਤੀ ਅੰਤ ਤੱਕ ਇਨ੍ਹਾਂ ਉੱਤੇ ਕਿੰਨੀ ਰਕਮ ਖਰਚ ਕੀਤੀ ਗਈ?

**ਸਰਦਾਰ ਸਾਧੂ ਸਿੰਘ :** ਸ਼੍ਰੀਮਾਨ ਜੀ,

(ੳ) ਰਾਜ ਵਿੱਚ ਮੌਜੂਦਾ ਸ਼ਾਸਨ ਕਾਲ ਦੌਰਾਨ ਵਣ ਵਿਭਾਗ ਵੱਲੋਂ ਇੱਕ ਨੇਚਰ ਪਾਰਕ ਪਟਿਆਲਾ ਵਿਖੇ ਬਣਾਇਆ ਗਿਆ ਹੈ ਅਤੇ ਇਸ ਤੋਂ ਇਲਾਵਾ ਕੁੱਲ 10 ਹੋਰ ਨੇਚਰ ਪਾਰਕ/ਬਾਇਓਡਾਈਵਰਸਿਟੀ ਪਾਰਕ ਆਦਿ ਵੱਖ-ਵੱਖ ਜ਼ਿਲ੍ਹਿਆਂ

ਵਿੱਚ ਬਣਾਏ ਜਾ ਰਹੇ ਹਨ, ਜਿਨ੍ਹਾਂ ਦਾ ਵੇਰਵਾ **ਅਨੁਲੱਗ-1** ਵਿੱਚ ਦਿੱਤਾ ਗਿਆ ਹੈ।

(ਅ) ਉਪਰੋਕਤ ਦਰਸਾਏ ਗਏ ਪਾਰਕਾਂ ਉੱਤੇ ਮਿਤੀ 20.2.2019 ਤੱਕ 578.36 ਲੱਖ ਰੁਪਏ ਦਾ ਖਰਚਾ ਕੀਤਾ ਗਿਆ ਹੈ, ਜਿਸ ਦਾ ਵੇਰਵਾ ਵੀ **ਅਨੁਲੱਗ-1** ਵਿੱਚ ਸ਼ਾਮਲ ਹੈ।

**ਅਨੁਲੱਗ-1**

**ਮੌਜੂਦਾ ਸ਼ਾਸਨ ਕਾਲ ਦੌਰਾਨ ਬਣਾਏ ਗਏ/ਉਸਾਰੇ ਜਾ ਰਹੇ ਪਾਰਕਾਂ ਦਾ ਵੇਰਵਾ**

| ਲੜੀ ਨੰ: | ਜ਼ਿਲ੍ਹੇ ਦੇ ਨਾਂ | ਪਾਰਕ ਦਾ ਨਾਂ | ਹੁਣ ਤੱਕ ਕੀਤਾ ਗਿਆ ਖਰਚਾ (ਰੁ: ਲੱਖਾਂ ਵਿੱਚ) | ਵਿਸ਼ੇਸ਼ ਕਥਨ |
|---|---|---|---|---|
| 1 | *ਪਟਿਆਲਾ | ਨੇਚਰ ਪਾਰਕ 20 ਨੰ: ਫਾਟਕ | 20.65 | ਮੁਕੰਮਲ ਹੋ ਚੁੱਕਾ ਹੈ |
| 2 | ਪਟਿਆਲਾ | ਨੇਚਰ ਪਾਰਕ ਅੰਨੀਆਂ ਢੇਰੀਆਂ | 62.26 | ਉਸਾਰੀ ਅਧੀਨ |
| 3 | ਪਟਿਆਲਾ | ਇਨਵਾਇਰਨਮੈਂਟ ਪਾਰਕ ਬੀੜ ਅਮਲੋਹ | 11.58 | ਉਸਾਰੀ ਅਧੀਨ |
| 4 | ਸੰਗਰੂਰ | ਬਾਇਓਡਾਈਵਰਸਿਟੀ ਪਾਰਕ, ਭਵਾਨੀਗੜ੍ਹ | 39.00 | ਉਸਾਰੀ ਅਧੀਨ |
| 5 | ਬਠਿੰਡਾ | ਨਗਰ ਵਣ ਉਦਿਆਨ ਯੋਜਨਾ, ਬੀੜ ਮੰਡੀ ਫੂਲ, ਰਾਮਪੁਰਾ | 10.18 | ਉਸਾਰੀ ਅਧੀਨ |
| 6 | **ਅੰਮ੍ਰਿਤਸਰ | ਨਗਰ ਵਣ ਉਦਿਆਨ ਯੋਜਨਾ, ਐਮ.ਬੀ.ਬੀ.ਐਲ. ਆਰ.ਡੀ. 87-101 ਦ/ਪ | 44.10 | ਉਸਾਰੀ ਅਧੀਨ |
| 7 | ***ਐਸ.ਏ. ਐਸ. ਨਗਰ | ਨਗਰ ਵਣ ਉਦਿਆਨ ਯੋਜਨਾ, ਬੀੜ ਦੰਦਰਾਲਾ | 26.10 | ਉਸਾਰੀ ਅਧੀਨ |
| 8 | ਐਸ.ਏ.ਐਸ. ਨਗਰ | ਨਗਰ ਵਣ ਉਦਿਆਨ ਯੋਜਨਾ, ਸੀਸਵਾਂ | 45.00 | ਉਸਾਰੀ ਅਧੀਨ |

| | | | | |
|---|---|---|---|---|
| 9 | ਲੁਧਿਆਣਾ | ਨਗਰ ਵਣ ਉਦਿਆਨ ਯੋਜਨਾ, ਕਾਦੀਆਂ | 16.00 | ਉਸਾਰੀ ਅਧੀਨ |
| 10 | **** ਹੁਸ਼ਿਆਰਪੁਰ | ਨਗਰ ਵਣ ਉਦਿਆਨ ਯੋਜਨਾ, ਬੱਸੀ ਪੁਰਾਣੀ | 59.00 | ਉਸਾਰੀ ਅਧੀਨ |
| 11 | ਫਾਜ਼ਿਲਕਾ | ਸ਼੍ਰੀਮਤੀ ਅੰਮ੍ਰਿਤਾ ਦੇਵੀ ਸਮਾਰਕ ਅਤੇ ਈਕੋ ਪਾਰਕ | 244.49 | ਉਸਾਰੀ ਅਧੀਨ |
| **ਜੋੜ:** | | | **578.36** | |

* ਵਰਕਿੰਗ ਪਲੈਨ ਦੇ ਸੈਕਸ਼ਨ 1.1.5 ਵਿੱਚ ਕੀਤੀ ਵਿਵਸਥਾ ਅਨੁਸਾਰ

** ਵਰਕਿੰਗ ਪਲੈਨ ਦੇ ਸੈਕਸ਼ਨ 8.1 ਵਿੱਚ ਕੀਤੀ ਵਿਵਸਥਾ ਅਨੁਸਾਰ

*** ਵਰਕਿੰਗ ਪਲੈਨ ਦੇ ਸੈਕਸ਼ਨ 1.1.8 ਵਿੱਚ ਕੀਤੀ ਵਿਵਸਥਾ ਅਨੁਸਾਰ

**** ਵਰਕਿੰਗ ਪਲੈਨ ਦੇ ਸੈਕਸ਼ਨ 30-V ਵਿੱਚ ਕੀਤੀ ਵਿਵਸਥਾ ਅਨੁਸਾਰ

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੈਨੂੰ ਬੜੇ ਅਫ਼ਸੋਸ ਨਾਲ ਤੁਹਾਡੇ ਜ਼ਰੀਏ ਜ਼ਿਕਰ ਕਰਨਾ ਪੈ ਰਿਹਾ ਹੈ ਕਿ ਇਹ ਠੀਕ ਹੈ, ਸਰਕਾਰ ਦੀ ਮਨਸ਼ਾ ਅੱਛੀ ਹੈ। ਇਨ੍ਹਾਂ ਨੇ ਜ਼ਿਕਰ ਕੀਤਾ ਹੈ ਅਤੇ ਜਿਹੜੀ ਲਿਸਟ ਮੈਨੂੰ ਭੇਜੀ ਹੈ ਉਹ 11 ਨੇਚਰ ਪਾਰਕਾਂ ਦੀ ਹੈ। ਸਪੀਕਰ ਸਾਹਿਬ, ਜਿਹੜਾ ਮੇਰਾ ਸਵਾਲ ਸੀ ਮੈਂ ਤੁਹਾਨੂੰ ਪੜ੍ਹ ਕੇ ਸੁਣਾ ਰਿਹਾ ਹਾਂ: The Funds utilised in respect of above mentioned parks and the details of up to date expenditure incurred? ਮੈਨੂੰ ਖਰਚੇ ਦਾ ਇਨ੍ਹਾਂ ਨੇ ਪੂਰਾ ਵੇਰਵਾ ਦੇ ਦਿੱਤਾ ਹੈ ਪਰ ਮੈਨੂੰ ਪੂਰੀ ਡਿਟੇਲ ਨਹੀਂ ਦਿੱਤੀ ਕਿ ਕਿਸ ਪਾਰਕ ਤੇ ਕਿੰਨੀ ਲਾਗਤ ਹੋਈ ਹੈ। ਇੱਕ ਤਾਂ ਇਨ੍ਹਾਂ ਦਾ answer incomplete ਹੈ। ਦੂਜੀ ਗੱਲ, ਮੈਂ ਪਹਿਲਾਂ ਹੀ ਜ਼ਿਕਰ ਕੀਤਾ ਹੈ, ਇਹ ਫੋਟੋਆਂ ਮੈਂ on the table of the House ਰੱਖ ਦਿੰਦਾ ਹਾਂ, ਜਿੱਥੇ ਸਾਡੇ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ, ਸ਼੍ਰੀ ਰਾਜੀਵ ਗਾਂਧੀ ਜੀ ਦਾ ਨਾਭੇ ਵਿੱਚ ਪਾਰਕ ਹੈ ਜਿਸ ਦਾ ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ ਨੇ ਉਦਘਾਟਨ ਕੀਤਾ ਹੈ, ਉਥੇ ਇੱਕ ਡੰਪ ਬਣਾਇਆ ਗਿਆ ਹੈ। ਇਸ ਨੇਚਰ ਪਾਰਕ ਦਾ ਜ਼ਿਕਰ ਇਸ ਲਿਸਟ ਵਿੱਚ ਨਹੀਂ ਹੈ। ਨਾਭੇ ਦੇ ਇਸ ਨੇਚਰ ਪਾਰਕ ਵਿੱਚ garbage dump ਬਣਾਇਆ ਗਿਆ ਹੈ, ਜਿਸ ਬਾਰੇ ਵੇਰਵਾ ਲਿਸਟ ਵਿੱਚ ਨਹੀਂ ਹੈ। ਸਪੀਕਰ ਸਾਹਿਬ, ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਜਦੋਂ 6 ਮਹੀਨੇ ਬਾਅਦ ਸੈਸ਼ਨ ਆਉਂਦਾ ਹੈ, ਆਪਣਾ ਸਵਾਲ ਲੱਗਦਾ ਹੈ, ਘੱਟ ਤੋਂ ਘੱਟ ਮੰਤਰੀ ਸਾਹਿਬ ਇੰਨਾ ਤਾਂ ਐਸ਼ਿਓਰ

[ਸਰਦਾਰ ਰਣਦੀਪ ਸਿੰਘ]

ਕਰ ਸਕਦੇ ਹਨ ਕਿ ਜਿਹੜਾ ਮੈਂ specific question ਪੁੱਛਿਆ ਹੈ, ਉਸ ਦੀ ਪੂਰੀ ਡਿਟੇਲ ਦੇ ਦੇਣ, ਪੂਰੇ ਖਰਚੇ ਦੀ ਡਿਟੇਲ ਦੇ ਦੇਣ ਕਿ ਕਿਸ ਤੇ ਕਿੰਨੀ ਲਾਗਤ ਹੋਈ ਹੈ। ਜੇ ਇਹ ਦੇਣਾ ਨਹੀਂ ਹੈ ਤਾਂ ਸਰਕਾਰ ਛੁਪਾ ਕਿਉਂ ਰਹੀ ਹੈ ਜਾਂ ਫਿਰ ਇਨਕੁਆਰੀ ਕਰਵਾ ਲਓ ਜੀ।

**ਮੰਤਰੀ:** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਿਆ ਹੈ, ਮੈਂ ਪੂਰਾ ਜਵਾਬ ਵੀ ਪੜ੍ਹ ਕੇ ਸੁਣਾ ਦਿੰਦਾ ਹਾਂ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਫਿਰ ਮਿਸਗਾਈਡ ਕਰ ਰਹੇ ਹਨ। ਸਪੀਕਰ ਸਾਹਿਬ , ਮੈਂ ਪੰਜਾਬੀ ਵਿੱਚ ਪੜ੍ਹ ਦਿੰਦਾ ਹਾਂ ਜੇ ਕਿਤੇ ਇਨ੍ਹਾਂ ਨੂੰ ਅੰਗਰੇਜ਼ੀ ਵਿੱਚ ਸਮੱਸਿਆ ਆਈ ਹੈ। ਮੇਰਾ (ਅ) ਸਵਾਲ ਹੈ ਕਿ ਉਪਰੋਕਤ ਦਰਸਾਏ ਗਏ ਪਾਰਕਾਂ ਤੇ ਕਿੰਨਾ ਖਰਚ ਹੋਇਆ ਅਤੇ ਇਨ੍ਹਾਂ ਫੰਡਾਂ ਦਾ ਵੇਰਵਾ ਕੀ ਹੈ?

**ਮੰਤਰੀ :** ਦੱਸ ਤਾਂ ਰਿਹਾ ਹਾਂ।

**ਸਰਦਾਰ ਰਣਦੀਪ ਸਿੰਘ :** ਇੱਕ ਮਿੰਟ ਜੀ। ਇਨ੍ਹਾਂ ਤੇ ਕਿੰਨੀ ਰਕਮ ਕੁੱਲ ਖਰਚ ਹੋਈ ਹੈ? ਇਹ ਕੁੱਲ ਰਕਮ ਤਾਂ ਦੱਸ ਰਹੇ ਹਨ ਪਰ ਮੈਂ ਪੁੱਛ ਰਿਹਾ ਹਾਂ ਕਿ ਜਿਹੜਾ ਵੇਰਵਾ ਹੈ, ਘੱਟੋ-ਘੱਟ ਉਸ ਦੀ ਡਿਟੇਲ ਮੈਨੂੰ ਦੇ ਦੇਣ।

**ਮੰਤਰੀ :** ਸਰ, ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਪੰਜਾਬੀ ਸਮਝ ਨਹੀਂ ਆਉਂਦੀ, ਅੰਗਰੇਜ਼ੀ ਆਉਂਦੀ ਹੈ। ਹੁਣ ਅੰਗਰੇਜ਼ੀ ਵਿੱਚ ਕਿੱਥੋਂ ਲਿਆਈਏ? ਇਨ੍ਹਾਂ ਨੂੰ ਦੱਸ ਦਿੱਤਾ ਕਿ ਫਲਾਣੀ-ਫਲਾਣੀ ਜਗ੍ਹਾ ਇੰਨੇ ਖਰਚ ਹੋਏ ਹਨ। ਹੋਰ ਮੈਂ ਕਿਹੜੀ ਬੋਲੀ ਵਿੱਚ ਸਮਝਾਵਾਂ, ਮੈਨੂੰ ਤਾਂ ਸਮਝ ਨਹੀਂ ਆਉਂਦੀ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਹ ਪਰਸਨਲ ਲੈ ਗਏ। ਸਪੀਕਰ ਸਾਹਿਬ, ਤੁਹਾਡੇ ਜ਼ਰੀਏ ਮੈਂ ਇਹੀ ਪੁੱਛਿਆ ਹੈ ਕਿ ਜਿਹੜਾ ਖਰਚਾ ਪਾਰਕਾਂ ਤੇ ਹੋਇਆ ਹੈ, ਉਸ ਦੀ ਡਿਟੇਲ ਦਿੱਤੀ ਜਾਵੇ। ਮੈਂ ਟੋਟਲ ਕਾਸਟ ਨਹੀਂ ਪੁੱਛੀ, ਟੋਟਲ ਦਾ ਅਲੱਗ ਸਵਾਲ ਨਾਲ ਲੱਗਿਆ ਹੋਇਆ ਹੈ।

**ਮੰਤਰੀ :** ਸਪੀਕਰ ਸਾਹਿਬ, ਇਹ ਡਿਟੇਲ ਮੈਂ ਟੇਬਲ ਤੇ ਰਖਵਾ ਦਿੰਦਾ ਹਾਂ, ਮੈਂ ਪੜ੍ਹ ਕੇ ਵੀ ਸੁਣਾਈ ਹੈ। ਸਾਰੇ ਮੈਂਬਰ ਸਾਹਿਬ ਜਾਣਦੇ ਹਨ। ਇਕੱਲਾ-ਇਕੱਲਾ ਦੱਸਿਆ ਹੈ ਕਿ ਅੰਮ੍ਰਿਤਸਰ ਕਿੰਨੇ ਪੈਸੇ ਲੱਗੇ ਹਨ, ਫਲਾਣੀ ਜਗ੍ਹਾ ਕਿੰਨੇ ਪੈਸੇ ਲੱਗੇ ਹਨ, ਟੋਟਲ ਮੈਂ ਦੱਸ ਦਿੱਤਾ ਹੈ।

**ਮਾਨਯੋਗ ਸਪੀਕਰ :** ਇਹ ਅਨੁਲੱਗ-1 ਹੈ ਜੀ, ਜਿਸ ਵਿੱਚ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਪਟਿਆਲਾ ਨੇਚਰ ਪਾਰਕ, 20 ਨੰਬਰ ਫਾਟਕ ਦੇ ਨੇੜੇ 20.65 ਲੱਖ ਦੀ ਕਾਸਟ ਨਾਲ ਮੁਕੰਮਲ ਹੋ ਚੁੱਕਾ ਹੈ। ਨੈਕਸਟ ਪਟਿਆਲਾ ਨੇਚਰ ਪਾਰਕ,

ਅੰਨੀਆਂ ਢੇਰੀਆਂ ਵਿਖੇ 62.26 ਲੱਖ ਰੁਪਏ ਨਾਲ ਉਸਾਰੀ ਅਧੀਨ ਦੱਸਿਆ ਹੈ, ਅੰਡਰ ਕੰਸਟ੍ਰੱਕਸ਼ਨ ਹੈ। ਨਾਭਾ ਜੀ, ਇਸੇ ਢੰਗ ਨਾਲ ਅਗਲੇ ਜਿੰਨੇ ਪਾਰਕ ਹਨ, ਉਹ ਉਸਾਰੀ ਅਧੀਨ ਦੱਸੇ ਹਨ। ਜਿਹੜਾ ਇਨ੍ਹਾਂ ਨੇ ਕੁੱਲ ਜੋੜ ਦੱਸਿਆ ਹੈ, ਉਹ 5 ਕਰੋੜ 78 ਲੱਖ ਦਾ ਟੋਟਲ ਦੱਸਿਆ ਹੈ। ਹੁਣ ਕੀ ਪੁੱਛਣਾ ਚਾਹੁੰਦੇ ਹੋ?

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਇਹ ਟੋਟਲ ਦਾ ਵੇਰਵਾ ਦਿੱਤਾ ਗਿਆ ਹੈ ਕਿ 5 ਕਰੋੜ, 78 ਲੱਖ, 36 ਹਜ਼ਾਰ ਰੁਪਏ ਹੈ। ਮੇਰੇ ਸਵਾਲ ਵਿੱਚ ਸਪੈਸੀਫਿਕਲੀ ਬਕਾਇਦਾ (ੳ) ਅਤੇ (ਅ) ਵਿੱਚ ਪੁੱਛਿਆ ਗਿਆ ਹੈ ਕਿ ਇਨ੍ਹਾਂ ਦੀ ਜਿਹੜੀ ਲਾਗਤ ਹੈ ਜਿਵੇਂ ਕਿ ਜਾਲੀ ਤੇ ਕਿੰਨਾ ਲਾਇਆ, ਬੂਟੇ ਕਿੰਨੇ ਲਾਏ, ਕਿੰਨੇ ਬੈਂਚ ਲਾਏ ਗਏ ਹਨ,ਮੈਂ ਉਨ੍ਹਾਂ ਦੀ ਡਿਟੇਲ ਨਾਲ ਮੰਗੀ ਹੈ। ਮੈਨੂੰ ਉਹ ਜਵਾਬ ਨਹੀਂ ਦਿੱਤਾ ਗਿਆ।

**ਮਾਨਯੋਗ ਸਪੀਕਰ :** ਡਿਟੇਲ ਭੇਜ ਦਿਉ ਜੀ।

**ਮੰਤਰੀ :** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਮੁਕੰਮਲ ਹੋ ਜਾਣਗੇ ਤਾਂ ਬੈਂਚਾਂ ਦਾ ਵੀ ਦੱਸ ਦਿਆਂਗੇ, ਜਾਲੀ ਦਾ ਵੀ ਦੱਸ ਦਿਆਂਗੇ, ਇੱਟਾਂ ਦਾ ਵੀ ਦੱਸ ਦਿਆਂਗੇ, ਦਿਹਾੜੀਦਾਰਾਂ ਬਾਰੇ ਵੀ ਦੱਸ ਦਿਆਂਗੇ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਫਿਰ ਸਵਾਲ.....

**ਮਾਨਯੋਗ ਸਪੀਕਰ :** ਨਾਭਾ ਜੀ, ਮੁਕੰਮਲ ਹੋਣ ਤੇ ਦੱਸਣਗੇ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੇਰੀ ਇੱਕ ਬੇਨਤੀ ਹੋਰ ਹੈ ਕਿ ਇਨ੍ਹਾਂ ਨੇ ਆਪ ਜ਼ਿਕਰ ਕੀਤਾ ਹੈ ਕਿ ਪਟਿਆਲਾ ਦਾ ਇੱਕ ਪਾਰਕ ਤਾਂ ਮੁਕੰਮਲ ਹੋ ਗਿਆ ਹੈ। ਉੱਥੇ ਰਾਜੀਵ ਗਾਂਧੀ ਦਾ ਬੁੱਤ ਲੱਗਿਆ ਹੋਇਆ ਹੈ ਜੋ ਸਾਡੇ ਦੇਸ਼ ਦੇ ਮਹਿਬੂਬ ਪ੍ਰਧਾਨ ਮੰਤਰੀ ਰਹੇ ਹਨ, ਉਨ੍ਹਾਂ ਦਾ ਬੇਟਾ ਰਾਹੁਲ ਗਾਂਧੀ ਸਾਡਾ ਪ੍ਰਧਾਨ ਹੈ, ਉਸ ਪਾਰਕ ਦਾ ਐਸਾ ਹਾਲ ਹੈ। ਮੈਂ ਤੁਹਾਨੂੰ ਤਾਂ ਹੀ ਬੇਨਤੀ ਕਰ ਰਿਹਾ ਹਾਂ ਕਿ ਬੇਸ਼ੱਕ ਇਨਕੁਆਰੀ ਕਰਵਾ ਲਉ।

**ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਸ਼ਾਇਦ ਜਾਣਦੇ ਨਹੀਂ ਹਨ ਕਿ ਉਹ ਪਾਰਕ ਜੰਗਲਾਤ ਵਿਭਾਗ ਥੱਲੇ ਨਹੀਂ ਆਉਂਦਾ, ਮਿਊਂਸਿਪਲ ਕੌਂਸਲ ਥੱਲੇ ਆਉਂਦਾ ਹੈ। ਉਹ ਮਿਊਂਸਿਪਲ ਕੌਂਸਲ ਦਾ ਪਾਰਕ ਹੈ, ਸਾਡਾ ਨਹੀਂ ਹੈ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਨੇਚਰ ਪਾਰਕ ਪਟਿਆਲਾ ਦੀ ਡਿਟੇਲ ਤਾਂ ਦੇ ਦਿਉ।

**ਮਾਨਯੋਗ ਸਪੀਕਰ :** ਲਿਖ ਕੇ ਘੱਲ ਦਿਉ ਜੀ।

**ਸ਼੍ਰੀ ਐਨ.ਕੇ. ਸ਼ਰਮਾ :** ਸਪੀਕਰ ਸਾਹਿਬ, ਮੰਤਰੀ ਜੀ ਨੇ ਦੰਦਰਾਲਾ ਬੀੜ ਬਾਰੇ ਦੱਸਿਆ ਹੈ, ਇਹ ਮੇਰੇ ਹਲਕੇ ਵਿੱਚ ਹੈ। ਉਸ ਦਾ ਲਗਭਗ 27 ਲੱਖ ਰੁਪਿਆ ਖਰਚ ਆਇਆ ਹੋਇਆ ਹੈ ਉਸਦਾ ਡੇਢ ਕੁ ਸਾਲ ਪਹਿਲਾਂ ਕੰਮ ਸ਼ੁਰੂ ਹੋ ਗਿਆ ਸੀ ਪਰੰਤੂ ਸਿਰਫ਼ ਨੀਹਾਂ ਭਰਨ ਉਪਰੰਤ ਤਿੰਨ ਕੁ ਰਦੇ ਲਗਾ ਕੇ ਉਹ ਕੰਮ ਬੰਦ ਕਰ ਦਿੱਤਾ ਗਿਆ ਸੀ।ਉਹ ਡੇਢ ਸਾਲ ਤੋਂ ਬੰਦ ਪਿਆ ਹੈ, ਉਹ ਕੰਮ ਚੱਲ ਨਹੀਂ ਰਿਹਾ। ਦੂਸਰਾ, ਇਨ੍ਹਾਂ ਨੇ ਦੋ-ਤਿੰਨ ਨੇਚਰ ਪਾਰਕਾਂ ਛੱਡ ਦਿੱਤੀਆਂ ਹਨ, ਜਿੱਥੇ ਕੰਮ ਚੱਲ ਰਿਹਾ ਸੀ, ਇਨ੍ਹਾਂ ਵਿਚੋਂ ਇੱਕ ਜ਼ੀਰਕਪੁਰ ਵਿੱਚ ਪੀਰ ਮੁਛੱਲਾ ਹੈ, ਇਹ ਪਾਰਕ 50 ਏਕੜ ਵਿੱਚ ਬਣ ਰਿਹਾ ਸੀ ਅਤੇ ਇੱਕ ਬਲਟਾਣਾ ਵਿੱਚ 15 ਏਕੜ ਵਿੱਚ ਬਣ ਰਿਹਾ ਸੀ। ਤਿੰਨ ਕਰੋੜ ਰੁਪਏ ਗਮਾਡਾ ਤੋਂ ਇਨ੍ਹਾਂ ਦੇ ਮਹਿਕਮੇ ਨੂੰ ਸੈਂਕਸ਼ਨ ਹੋਏ ਸਨ ਅਤੇ ਦੋ ਕਰੋੜ ਰੁਪਏ ਦੇ ਫੰਡ ਟ੍ਰਾਂਸਫ਼ਰ ਵੀ ਹੋ ਗਏ ਸੀ।

**ਮਾਨਯੋਗ ਸਪੀਕਰ:** ਪ੍ਰਸ਼ਨ, ਪ੍ਰਸ਼ਨ, ਪ੍ਰਸ਼ਨ ਪੁੱਛੋ।

**ਸ਼੍ਰੀ ਐਨ.ਕੇ. ਸ਼ਰਮਾ:** ਸਪੀਕਰ ਸਾਹਿਬ, ਉਹ ਕੰਮ ਕਾਫ਼ੀ ਚੱਲ ਰਿਹਾ ਸੀ...

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਨੱਥੂ ਰਾਮ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਸ਼੍ਰੀ ਨੱਥੂ ਰਾਮ ਜੀ, ਰੁਕੋ ਜ਼ਰਾ....(ਵਿਘਨ) ਨੱਥੂ ਰਾਮ ਜੀ, ਰੁਕੋ.... ਰੁਕੋ ਤਾਂ ਸਹੀ ਜ਼ਰਾ.... ਰੁਕੋ ਤਾਂ ਸਹੀ।ਸ਼੍ਰੀ ਨੱਥੂ ਰਾਮ ਜੀ, ਰੁਕੋ ਜ਼ਰਾ।

**ਸ਼੍ਰੀ ਐਨ.ਕੇ. ਸ਼ਰਮਾ:** ਸਪੀਕਰ ਸਾਹਿਬ, ਇਹ ਤਿੰਨੋਂ ਪਾਰਕਾਂ ਦਾ ਕੰਮ ਪਿਛਲੇ ਪੌਣੇ ਦੋ ਸਾਲਾਂ ਤੋਂ ਬੰਦ ਪਿਆ ਹੈ। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਔਰ ਪ੍ਰਸ਼ਨ ਵੀ ਕਰਦਾ ਹਾਂ ਕਿ ਇਹ ਕੰਮ ਕਿਉਂ ਬੰਦ ਪਿਆ ਹੈ? ਇਹ ਕੰਮ ਕਿੰਨੀ ਦੇਰ ਵਿੱਚ ਸ਼ੁਰੂ ਕਰਵਾ ਦੇਣਗੇ? ਜੇ ਕੋਈ ਫੰਡਾਂ ਦੀ ਪ੍ਰਾਬਲਮ ਵੀ ਹੈ ਤਾਂ ਅਸੀਂ ਤਾਂ ਰਿਕੁਐਸਟ ਵੀ ਕੀਤੀ ਸੀ ਕਿ ਕਮੇਟੀ ਨੂੰ ਐਨ.ਓ.ਸੀ. ਦੇ ਦਿਓ, ਅਸੀਂ ਉੱਥੋਂ ਮੰਤਰੀ ਜੀ ਤੋਂ ਪਰਮਿਸ਼ਨ ਲੈ ਕੇ ਬਣਵਾ ਦਿਆਂਗੇ। ਫੰਡ ਵੀ ਹਨ, ਕੰਮ ਚੱਲ ਰਿਹਾ ਸੀ, ਸਾਰਾ ਕੁਝ ਰੁਲ ਜਾਣਾ ਹੈ। ਜਿਹੜੇ ਪੈਸੇ ਲੱਗੇ ਹਨ, ਉਹ ਵੀ ਖ਼ਤਮ ਹੋ ਜਾਣੇ ਹਨ। ਇਹ ਤਿੰਨ ਪਾਰਕ ਹਨ, ਇਹ ਕਿੰਨੀ ਦੇਰ ਵਿੱਚ ਕੰਪਲੀਟ ਕਰਵਾ ਦਿੱਤੇ ਜਾਣਗੇ?

**ਮੰਤਰੀ :** ਸਪੀਕਰ ਸਾਹਿਬ, ਇਹ ਵੱਖਰਾ ਸਵਾਲ ਆਉਣਾ ਚਾਹੀਦਾ ਹੈ। ਇਹ ਲਿਖ ਕੇ ਭੇਜ ਦੇਣ, ਇਨ੍ਹਾਂ ਦੀ ਗੱਲ ਤੇ ਜ਼ਰੂਰ ਅਮਲ ਕੀਤਾ ਜਾਵੇਗਾ।

**ਸ਼੍ਰੀ ਨੱਥੂ ਰਾਮ:** ਸਪੀਕਰ ਸਾਹਿਬ, ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦੀ ਹਾਂ। ਜਿਹੜਾ

ਕਾਕਾ ਜੀ ਨੇ ਪ੍ਰਸ਼ਨ ਕੀਤਾ ਹੈ ਉਸ ਦੇ ਜਵਾਬ ਦੀ ਲਿਸਟ ਵਿੱਚ ਇੱਕ ਅੰਮ੍ਰਿਤਾ ਦੇਵੀ ਪਾਰਕ ਹੈ, ਜੋ ਕਿ ਮੇਰੇ ਹਲਕੇ ਵਿੱਚ ਮਹਿਰਾਜਵਾਲਾ ਪਿੰਡ ਵਿੱਚ ਹੈ। ਮਹਿਰਾਣਾ ਪਿੰਡ ਵੀ ਹੈ ਅਤੇ ਮਹਿਰਾਜਪੁਰ ਵੀ ਹੈ। ਪਿਛਲੇ ਦੋ-ਤਿੰਨ ਮਹੀਨੇ ਪਹਿਲਾਂ ਮੰਤਰੀ ਸਾਹਿਬ ਨੇ ਉਸ ਜਗ੍ਹਾ ਦਾ ਦੌਰਾ ਕੀਤਾ ਹੈ। ਉਨ੍ਹਾਂ ਨੇ ਉਸ ਵਿੱਚ ਕਈ ਬੇਨਿਯਮੀਆਂ ਦੇਖੀਆਂ ਸਨ ਅਤੇ ਉੱਥੇ ਹੀ ਇਨਕੁਆਇਰੀ ਮਾਰਕ ਕਰਨ ਦਾ ਐਲਾਨ ਕੀਤਾ ਸੀ। ਮੈਂ ਮੰਤਰੀ ਸਾਹਿਬ ਨੂੰ ਤੁਹਾਡੇ ਜ਼ਰੀਏ ਪੁੱਛਣਾ ਚਾਹਾਂਗਾ ਕਿ ਕੀ ਉਸ ਵਾਸਤੇ ਇਨ੍ਹਾਂ ਨੇ ਕੋਈ ਇਨਕੁਆਇਰੀ ਫਿਕਸ ਕੀਤੀ ਹੈ? ਜੇ ਕੀਤੀ ਹੈ ਤਾਂ ਕਿਹੜੇ ਅਫ਼ਸਰ ਨੂੰ ਡਿਪਿਊਟ ਕੀਤਾ ਹੈ ਅਤੇ ਉਸ ਅਫ਼ਸਰ ਨੇ ਇਨਕੁਆਇਰੀ ਦਾ ਕੀ ਰਿਜ਼ਲਟ ਦਿੱਤਾ ਹੈ? ਕੀ ਮੰਤਰੀ ਸਾਹਿਬ ਉਸ ਦੀ ਰਿਪੋਰਟ ਸਦਨ ਦੀ ਟੇਬਲ ਤੇ ਰੱਖਣਗੇ?

**ਮੰਤਰੀ:** ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਠੀਕ ਕਿਹਾ ਹੈ। ਮੈਂ ਆਪ ਉਸ ਪਾਰਕ ਵਿੱਚ ਗਿਆ ਸੀ, ਮੈਨੂੰ ਗੜਬੜ ਲੱਗੀ ਸੀ। ਸ਼੍ਰੀਮਤੀ ਅੰਮ੍ਰਿਤਾ ਦੇਵੀ ਸਮਾਰਕ ਅਤੇ ਈਕੋ ਪਾਰਕ ਤੇ ਦੋ ਕਰੋੜ, 44 ਲੱਖ, 49 ਹਜ਼ਾਰ ਰੁਪਏ ਖਰਚੇ ਗਏ ਹਨ। ਮੈਨੂੰ ਗੜਬੜ ਲੱਗੀ ਸੀ। ਇਸ ਲਈ ਮੈਂ ਇਨਕੁਆਇਰੀ ਮਾਰਕ ਕੀਤੀ ਹੈ। ਉਸ ਦੀ ਜੋ ਵੀ ਰਿਪੋਰਟ ਹੈ, ਮੈਂ ਇਨ੍ਹਾਂ ਨੂੰ ਦਫ਼ਤਰ ਭੇਜ ਦਿਆਂਗਾ ਜਾਂ ਮੈਂ ਆਪ ਜਾ ਕੇ ਦੇ ਦਿਆਂਗਾ।

---

## ਰਾਜ ਵਿੱਚ ਪ੍ਰਧਾਨ ਮੰਤਰੀ ਆਵਾਸ ਯੋਜਨਾ ਵਾਸਤੇ ਵੱਖਰੀ ਕਸੌਟੀ ਨਿਰਧਾਰਤ ਕਰਨਾ

***1794. ਸਰਦਾਰ ਲਖਵੀਰ ਸਿੰਘ ਲੱਖਾ:** ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਵਿੱਚ ਪ੍ਰਧਾਨ ਮੰਤਰੀ ਅਵਾਸ ਯੋਜਨਾ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੇ ਯੋਗ ਬਣਾਉਣ ਲਈ ਪੰਜਾਬ ਰਾਜ ਵਾਸਤੇ ਵੱਖਰੀ ਕਸੌਟੀ ਨਿਰਧਾਰਤ ਕਰਨ ਲਈ ਕੇਂਦਰ ਸਰਕਾਰ ਤੱਕ ਪਹੁੰਚ ਕਰੇਗੀ?

**ਸਰਦਾਰ ਨਵਜੋਤ ਸਿੰਘ ਸਿੱਧੂ (ਸਥਾਨਕ ਸਰਕਾਰ ਮੰਤਰੀ) :** ਹਾਂ ਜੀ, ਪੰਜਾਬ ਸ਼ਹਿਰੀ ਆਵਾਸ ਯੋਜਨਾ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਲੋੜ ਪੈਣ ਤੇ ਸਰਕਾਰ ਭਾਰਤ ਸਰਕਾਰ ਤੱਕ ਪਹੁੰਚ ਕਰੇਗੀ। ਇਸ ਸਕੀਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਪੰਜਾਬ ਸਰਕਾਰ ਵੱਲੋਂ ਹੇਠ ਅਨੁਸਾਰ ਸੋਧਾਂ ਆਪਣੇ ਪੱਧਰ ਤੇ ਕੀਤੀਆਂ ਗਈਆਂ ਹਨ:-

[ਸਥਾਨਕ ਸਰਕਾਰ ਮੰਤਰੀ]

1. **ਬੀ.ਐਲ.ਸੀ. (Beneficiary led construction):** ਇਸ ਸਕੀਮ ਦਾ ਲਾਭ ਲੈਣ ਲਈ ਬਿਨੈਕਾਰ ਕੋਲ ਮਾਲਕੀ ਸਬੂਤ ਹੋਣਾ ਜ਼ਰੂਰੀ ਹੈ ਪ੍ਰੰਤੂ ਲਾਲ ਲਕੀਰ ਦੇ ਅੰਦਰ ਰਹਿੰਦੇ ਕਈ ਵਸਨੀਕਾਂ ਕੋਲ ਰਜਿਸਟਰਡ ਮਾਲਕੀ ਸਬੂਤ ਉਪਲਬਧ ਨਾ ਹੋਣ ਕਾਰਨ ਉਨ੍ਹਾਂ ਨੂੰ ਇਸ ਸਕੀਮ ਦਾ ਲਾਭ ਨਹੀਂ ਮਿਲ ਸਕਿਆ। ਇਸ ਕਰਕੇ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਸੋਧਾਂ ਕੀਤੀਆਂ ਹਨ। ਚਾਹੇ ਤੁਹਾਡੇ ਕੋਲ ਸੀਵਰੇਜ ਦਾ ਬਿੱਲ ਹੋਵੇ, ਚਾਹੇ ਤੁਹਾਡੇ ਕੋਲ ਬਿਜਲੀ ਦਾ ਬਿੱਲ ਹੋਵੇ, ਚਾਹੇ ਤੁਹਾਡੇ ਕੋਲ ਪਾਣੀ ਦਾ ਬਿੱਲ ਹੋਵੇ ਤੁਹਾਨੂੰ ਇਸ ਸਕੀਮ ਦਾ ਲਾਭ ਹੋਵੇਗਾ। ਇਹ ਇੱਕ ਰੈਵੋਲਿਊਸ਼ਨਰੀ ਸਟੈਪ ਹੈ, ਇਹ ਇੱਕ ਇਤਿਹਾਸਕ ਸਟੈੱਪ ਹੈ। ਜਿਹੜਾ ਪੰਜਾਬ ਸਰਕਾਰ ਨੇ ਨਗਰ ਨਿਗਮਾਂ ਵਿੱਚ ਔਰ ਨਗਰ ਕੌਂਸਲਾਂ ਵਿੱਚ ਔਰ ਪਿੰਡਾਂ ਵਿੱਚ ਵੀ ਲਾਗੂ ਕੀਤਾ ਹੈ।ਸਪੀਕਰ ਸਾਹਿਬ, ਜਿਹੜੇ ਲਾਭਪਾਤਰੀ ਹਨ, ਇਹ ਡਾਇਰੈਕਟ ਬੈਨੀਫਿਟ ਸਕੀਮ ਹੈ, ਕਿਸੇ ਵਿਚੋਲੇ ਨੂੰ ਪੈਸੇ ਨਹੀਂ ਜਾਂਦੇ ਹਨ। ਵਿਚੋਲਾ ਤਾਂ ਚਾਹੇ ਵਿਆਹ ਵਾਲਾ ਵੀ ਹੋਵੇ, ਉਸ ਦੇ ** ** ਹੀ ਪੈਂਦੇ ਹਨ।

(ੳ) ਜਿਹੜੇ ਲਾਭਪਾਤਰੀ ਪਹਿਲਾਂ ਕੀਤੇ ਸਰਵੇ ਵਿੱਚ ਲਾਭ ਲੈਣ ਤੋਂ ਰਹਿ ਗਏ ਹਨ ਉਨ੍ਹਾਂ ਨੂੰ ਲਾਭ ਦੇਣ ਦੇ ਮੰਤਵ ਨਾਲ ਮਿਤੀ 15.02.19 ਤੋਂ ਮੁੜ ਡਿਮਾਂਡ ਸਰਵੇ ਸ਼ੁਰੂ ਕੀਤਾ ਗਿਆ ਹੈ। ਨਗਰ ਨਿਗਮਾਂ/ਨਗਰ ਕੌਂਸਲਾਂ ਵਿੱਚ ਹੈਲਪ-ਡੈਸਕ ਲਗਾ ਦਿੱਤੇ ਗਏ ਹਨ ਜੋ ਕਿ ਬਿਨੈਕਾਰਾਂ ਨੂੰ ਆਨਲਾਈਨ ਦਰਖਾਸਤਾਂ ਭਰਨ ਵਿੱਚ ਮਦਦ ਕਰਨਗੇ।

2. **ਸੀ.ਐਲ.ਐਸ.ਐਸ. (Credit linked subsidy scheme):** ਪੰਜਾਬ ਸ਼ਹਿਰੀ ਅਵਾਸ ਯੋਜਨਾ ਅਧੀਨ ਪੰਜਾਬ ਸਰਕਾਰ ਵੱਲੋਂ ਲਾਭਪਾਤਰੀਆਂ ਦੇ ਪਰਿਵਾਰਾਂ ਦੀ ਸਾਲਾਨਾ ਆਮਦਨ 3.00 ਲੱਖ ਤੋਂ ਵਧਾ ਕੇ 18 ਲੱਖ ਤੱਕ ਕਰ ਦਿੱਤੀ ਗਈ ਹੈ।

3. **ਸਲੱਮ ਰਿਹੈਬਿਲੀਟੇਸ਼ਨ (In-situ Slum Re-development Scheme):** ਪੰਜਾਬ ਸਰਕਾਰ ਵੱਲੋਂ ਗਰਾਊਂਡ+3 ਮੰਜ਼ਿਲ ਦੀ ਸ਼ਰਤ ਨੂੰ ਹਟਾ ਦਿੱਤਾ ਗਿਆ ਹੈ ਜਿਸ ਨਾਲ ਇਸ ਸਕੀਮ ਵਿੱਚ ਨਵੇਂ ਪ੍ਰਾਜੈਕਟ ਆਉਣ ਦੀ ਸੰਭਾਵਨਾ ਹੈ।

4. **ਅਫੋਰਡੇਬਲ ਹਾਊਸਿੰਗ ਇੰਨ ਪਾਰਟਨਰਸ਼ਿਪ (Affordable Housing in Partnership):** ਸਰਕਾਰ ਵੱਲੋਂ ਬੇਘਰ ਐਸ.ਸੀ./ਬੀ.ਸੀ. ਪਰਿਵਾਰ ਜਿਨ੍ਹਾਂ ਦੀ ਸਾਲਾਨਾ ਆਮਦਨੀ 3 ਲੱਖ ਰੁਪਏ ਤੋਂ ਘੱਟ ਹੋਵੇ (ਫੇਜ਼-1) ਅਤੇ ਜਿਨ੍ਹਾਂ ਦੀ ਸਾਲਾਨਾ ਆਮਦਨੀ 5 ਲੱਖ ਰੁਪਏ ਤੋਂ ਘੱਟ ਹੋਵੇ (ਫੇਜ਼-2) ਨੂੰ ਮੁਫ਼ਤ ਘਰ ਦੇਣ ਲਈ ਨਵੀਂ ਯੋਜਨਾ, ਪੰਜਾਬ ਸ਼ਹਿਰੀ ਅਵਾਸ ਯੋਜਨਾ ਮਿਤੀ 11.08.2017 ਨੂੰ ਉਲੀਕੀ ਗਈ।

** **Expunged as ordered by the Chair.

**ਮਾਨਯੋਗ ਸਪੀਕਰ:** ** ** ਸ਼ਬਦ ਐਕਸਪੰਜ ਕਰ ਦਿਓ।

**ਸਰਦਾਰ ਲਖਵੀਰ ਸਿੰਘ ਲੱਖਾ:** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਪਰ ਇਸ ਵਿੱਚ ਇੱਕ ਮੁਸ਼ਕਲ ਆਉਂਦੀ ਹੈ ਕਿ ਗਰੀਬ ਲੋਕ ਜੋ ਲਾਲ-ਲਕੀਰ ਦੇ ਦਾਇਰੇ ਵਿੱਚ ਰਹਿੰਦੇ ਹਨ, ਉਨ੍ਹਾਂ ਕੋਲ ਰਜਿਸਟਰੀਆਂ ਨਹੀਂ ਹੁੰਦੀਆਂ। ਜਦੋਂ ਉਹ ਇਸ ਸਕੀਮ ਦਾ ਫਾਇਦਾ ਲੈਣ ਦੀ ਗੱਲ ਕਰਦੇ ਹਨ ਤਾਂ ਸਬੰਧਿਤ ਈ.ਓ. ਨਾ ਤਾਂ ਵਾਟਰ ਸਪਲਾਈ ਦੇ ਬਿੱਲ ਮੰਨਦੇ ਹਨ ਔਰ ਨਾ ਹੀ ਬਿਜਲੀ ਦਾ ਬਿੱਲ ਮੰਨਦਾ ਹੈ, ਉਹ ਸਿਰਫ਼ ਰਜਿਸਟਰੀ ਮੰਗਦੇ ਹਨ। ਜੇ ਇਨ੍ਹਾਂ ਨੇ ਸਕੀਮ ਲਾਗੂ ਕੀਤੀ ਤਾਂ ਉਹ ਕਿਉਂ ਇੰਪਲੀਮੈਂਟ ਨਹੀਂ ਹੋ ਰਹੀ, ਮੈਨੂੰ ਇਸ ਦਾ ਜਵਾਬ ਚਾਹੀਦਾ ਹੈ ਜੀ।

**ਮੰਤਰੀ :** ਸਪੀਕਰ ਸਾਹਿਬ, ਇਹ ਇੰਨ-ਬਿੰਨ ਲਾਗੂ ਹੋਇਆ ਹੈ ਅਤੇ ਥੋੜ੍ਹੀ ਦੇਰ ਪਹਿਲਾਂ ਹੀ ਲਾਗੂ ਹੋਇਆ ਹੈ, ਇਸ ਦਾ ਇਫੈਕਟ ਆਉਣ ਦੇ ਲਈ ਐਟਲੀਸਟ ਇੱਕ-ਡੇਢ ਮਹੀਨਾ ਚਾਹੀਦਾ ਹੈ। ਇਹ ਬਹੁਤ ਹੀ ਰੈਵੋਲਿਊਸ਼ਨਰੀ ਸਟੈੱਪ ਹੈ। ਮੈਂਬਰ ਸਾਹਿਬ ਦੀ ਗੱਲ ਬਿਲਕੁਲ ਠੀਕ ਹੈ, ਪਹਿਲਾਂ ਮਾਲਕੀ ਸਬੂਤ ਮੰਗਦੇ ਸੀ ਪਰ ਹੁਣ ਤੁਸੀਂ ਕੋਈ ਵੀ ਬਿੱਲ ਪੇਸ਼ ਕਰ ਦਿਉ ਅਤੇ ਇਹ ਲਾਭ ਉਸ ਲਾਭ-ਪਾਤਰੀ ਨੂੰ ਮਿਲ ਸਕਦਾ ਹੈ।

**ਮਾਨਯੋਗ ਸਪੀਕਰ:** ਹਾਂ ਜੀ, ਵਡਾਲਾ ਜੀ।

**ਸਰਦਾਰ ਲਖਵੀਰ ਸਿੰਘ ਲੱਖਾ:** ਸਪੀਕਰ ਸਾਹਿਬ, ਮੇਰੀ ਗੱਲ ਰਹਿ ਗਈ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਗੱਲ ਰਹਿ ਗਈ,ਹਾਂ ਜੀ, ਸਰਦਾਰ ਲਖਵੀਰ ਸਿੰਘ ਜੀ?

**ਸਰਦਾਰ ਲਖਵੀਰ ਸਿੰਘ ਲੱਖਾ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਕਿਹਾ ਹੈ, ਇਸ ਬਾਰੇ ਤੁਰੰਤ ਈ.ਓ. ਨੂੰ ਕਿਹਾ ਜਾਵੇ ਅਤੇ ਤੁਰੰਤ ਨੋਟਿਸ ਬੋਰਡ ਤੇ ਹਦਾਇਤਾਂ ਚਿਪਕਾਈਆਂ ਜਾਣ ਤਾਂ ਕਿ ਕਿਸੇ ਗਰੀਬ ਦੀ ਖੱਜਲ-ਖੁਆਰੀ ਨਾ ਹੋਵੇ ਕਿਉਂਕਿ ਬਹੁਤ ਪ੍ਰੇਸ਼ਾਨੀ ਹੁੰਦੀ ਹੈ ਅਤੇ ਉਹ ਗਰੀਬ ਆਪਣੀ ਜ਼ਿੰਦਗੀ ਦੇ ਨਾਲ ਖਿਲਵਾੜ ਸਮਝਦੇ ਹਨ। ਫਿਰ ਉਹ ਸਾਡੇ ਤੱਕ ਪਹੁੰਚ ਕਰਦੇ ਹਨ, ਸਾਨੂੰ ਉਨ੍ਹਾਂ ਨੇ ਚੁਣ ਕੇ ਭੇਜਿਆ ਹੈ। ਇਸ ਕਰਕੇ ਮੇਰੀ ਰਿਕੁਐਸਟ ਹੈ ਕਿ ਈ.ਓ. ਨੂੰ ਸਖਤ ਹਦਾਇਤਾਂ ਜਾਰੀ ਕਰਕੇ ਨੋਟਿਸ ਬੋਰਡ ਤੇ ਹਦਾਇਤ ਲਾਈ ਜਾਵੇ ਕਿ ਕੋਈ ਵੀ ਪਰੂਫ਼ ਦਿੱਤਾ ਜਾਵੇ, ਉਹ ਲਾਗੂ ਮੰਨਿਆ ਜਾਵੇ।

** **Expunged as ordered by the Chair.

**ਮੰਤਰੀ:** ਸਪੀਕਰ ਸਾਹਿਬ, ਲੋਕਤੰਤਰ ਵਿੱਚ ਲੋਕਾਂ ਦੀ ਅਵਾਜ਼ ਪ੍ਰਮਾਤਮਾ ਦੀ ਅਵਾਜ਼ ਮੰਨੀ ਜਾਂਦੀ ਹੈ। ਮੈਂਬਰ ਸਾਹਿਬ 2 ਲੱਖ ਲੋਕਾਂ ਦੇ ਨੁਮਾਇੰਦੇ ਹਨ, ਇਨ੍ਹਾਂ ਦੀ ਗੱਲ ਤੇ ਉਸੇ ਤਰੀਕੇ ਦੇ ਨਾਲ ਪਾਲਣ ਕੀਤਾ ਜਾਵੇਗਾ। ਮੈਂ ਅੱਜ ਹੀ ਈ.ਓਜ਼. ਨੂੰ ਇੰਸਟਰਕਸ਼ਨਜ਼ ਦੇ ਦਿੰਦਾ ਹਾਂ ਔਰ ਨੋਟਿਸ ਬੋਰਡ ਉੱਤੇ ਹਦਾਇਤ ਵੀ ਲੱਗ ਜਾਵੇਗੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਸ਼੍ਰੀ ਐਨ.ਕੇ. ਸ਼ਰਮਾ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਵਡਾਲਾ ਜੀ, ਪਹਿਲਾਂ ਦੇ ਖੜ੍ਹੇ ਹਨ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਧੰਨਵਾਦ, ਸਪੀਕਰ ਸਾਹਿਬ। ਸਰਦਾਰ ਲਖਵੀਰ ਸਿੰਘ ਜੀ ਦਾ ਬਹੁਤ ਹੀ ਵਧੀਆ ਸਵਾਲ ਹੈ। ਇਹ Housing for all ਸੈਂਟਰ ਸਰਕਾਰ ਦੀ ਸਕੀਮ ਸੀ, ਉਸ ਵਾਸਤੇ ਅੱਜ ਤੋਂ ਤਕਰੀਬਨ 2-3 ਸਾਲ ਪਹਿਲਾਂ ਪੰਜਾਬ ਸਰਕਾਰ ਵੱਲੋਂ ਸਰਵੇ ਸਟਾਰਟ ਕੀਤਾ ਗਿਆ ਸੀ। ਸਪੀਕਰ ਸਾਹਿਬ, ਬਹੁਤ ਸਾਰੇ ਲਾਭਪਾਤਰੀ ਸ਼ਹਿਰਾਂ ਵਿੱਚ ਪਿੰਨ-ਪੁਆਇੰਟ ਕਰ ਲਏ ਸੀ ਜਿਨ੍ਹਾਂ ਦੇ ਮਕਾਨ ਕੱਚੇ ਜਾਂ ਮਾੜੇ ਹਨ and they are in very bad shape. ਉਨ੍ਹਾਂ ਨੂੰ ਡੇਢ ਲੱਖ ਰੁਪਏ ਦੀ ਰਾਸ਼ੀ 50-50 ਹਜ਼ਾਰ ਦੀਆਂ ਇੰਸਟਾਲਮੈਂਟਾਂ ਵਿੱਚ ਮਿਲਣੀ ਸੀ।

**ਮਾਨਯੋਗ ਸਪੀਕਰ:** ਵਡਾਲਾ ਜੀ, ਤੁਸੀਂ ਸਵਾਲ ਪੁੱਛੋ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਉਹ 1.5 ਲੱਖ ਰੁਪਿਆ ਸੈਂਕਸ਼ਨ ਹੋ ਗਿਆ, ਉਨ੍ਹਾਂ ਨੂੰ ਲੈਟਰਜ਼ ਵੀ ਮਿਲ ਗਈਆਂ। ਮੇਰਾ ਖਿਆਲ ਹੈ ਕਿ ਸਾਰੇ ਇਸ ਨਾਲ ਸਹਿਮਤ ਹੋਣਗੇ ਲੇਕਿਨ ਅਜੇ ਤੱਕ ਕਿਸੇ ਨੂੰ ਪੈਸਾ ਨਹੀਂ ਮਿਲਿਆ। ਇਹ ਬਹੁਤ ਪੁਰਾਣੀ ਸਕੀਮ ਹੈ, ਠੀਕ ਹੈ, ਹੁਣ ਤੁਸੀਂ ਦੁਬਾਰਾ ਉਹ ਸਕੀਮ ਲਾਗੂ ਕਰਨ ਲੱਗੇ ਹੋ। ਲੇਕਿਨ ਜਿਹੜੀ ਗੱਲ ਲਖਵੀਰ ਸਿੰਘ ਜੀ ਨੇ ਕਹੀ ਹੈ ਕਿ ਮਾਲਕੀ ਦੇ ਸਬੂਤ ਮੰਗਦੇ ਸੀ, ਮੰਤਰੀ ਜੀ ਨੇ ਵੀ ਆਖਿਆ ਹੈ ਕਿ ਕੋਈ ਵੀ ਸਬੂਤ ਦੇ ਦੇਣ, ਬਿਜਲੀ ਦਾ ਬਿੱਲ ਦੇ ਦੇਣ, ਪਾਣੀ ਦਾ ਬਿੱਲ ਦੇ ਦੇਣ ਪਰ ਸਵਾਲ ਇਹ ਹੈ ਕਿ ਲਾਭਪਾਤਰੀਆਂ ਨੂੰ ਉਹ ਡੇਢ ਲੱਖ ਰੁਪਿਆ ਕਦੋਂ ਤੱਕ ਡਿਸਟ੍ਰੀਬਿਊਟ ਕਰ ਦਿਉਗੇ?

**ਮੰਤਰੀ :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਦਾ ਬੜਾ ਅਹਿਮ ਸਵਾਲ ਹੈ। ਇਨ੍ਹਾਂ ਨੇ ਕਿਹਾ ਹੈ ਕਿ ਬੜੀ ਪੁਰਾਣੀ ਸਕੀਮ ਹੈ। ਮੈਂ ਇਸ ਗੱਲ ਦਾ ਇਸਤਕਬਾਲ ਕਰਦਾ ਹਾਂ ਕਿ ਬੜੀ ਪੁਰਾਣੀ ਸਕੀਮ ਹੈ ਔਰ ਪੁਰਾਣੀ ਸਕੀਮ ਦੇ ਅਧੀਨ 74 ਕਰੋੜ ਰੁਪਿਆ ਪਿਛਲੀ ਸਰਕਾਰ ਨੂੰ ਆਇਆ ਸੀ। ਸਪੀਕਰ ਸਾਹਿਬ, ਉਹ ਪੈਸਾ ਕਿਤੇ ਹੋਰ ਡਾਈਵਰਟ ਕੀਤਾ ਗਿਆ। ਇਸੇ ਕਾਰਨ ਸਾਨੂੰ ਯੂਜ਼ਰ ਚਾਰਜਿਜ਼

ਨਹੀਂ ਮਿਲੇ ਅਤੇ ਯੂਜ਼ਰ ਚਾਰਜਿਜ਼ ਨਾ ਹੋਣ ਕਰਕੇ ਸੈਂਟਰ ਦੀ ਸਰਕਾਰ ਨੇ ਅਗਲਾ ਪੈਸਾ ਦੇਣ ਤੋਂ ਸਾਨੂੰ ਇਨਕਾਰ ਕਰ ਦਿੱਤਾ। ਮੇਰੇ ਭਰਾ ਸਰਦਾਰ ਮਨਪ੍ਰੀਤ ਸਿੰਘ ਜੀ ਅਤੇ ਚੀਫ਼ ਮਨਿਸਟਰ ਸਾਹਿਬ ਦੀਆਂ ਸਪੈਸ਼ਲ ਹਦਾਇਤਾਂ ਤੇ ਦੁਬਾਰਾ ਪੈਸੇ ਦਿੱਤੇ ਗਏ ਔਰ ਦੁਬਾਰਾ ਇਸ ਸਕੀਮ ਨੂੰ ਲਾਗੂ ਕਰਵਾਇਆ ਗਿਆ।ਅਸੀਂ ਪੈਸੇ ਕਿੱਥੋਂ ਦੇ ਸਕਦੇ ਹਾਂ ਜੀ, ਜਦੋਂ 74 ਕਰੋੜ ਰੁਪਿਆ ਹੀ ਗਾਇਬ ਹੈ। ਉਹ ਪੈਸਾ ਕਿਸ ਲਈ ਦਿੱਤਾ ਅਤੇ ਕਿਸ ਵਾਸਤੇ ਲਾਇਆ? ਉਹ ਡਾਈਵਰਟ ਕਿੱਥੇ ਕੀਤਾ, ਇਸ ਦਾ ਵੀ ਕੋਈ ਰਿਕਾਰਡ ਨਹੀਂ ਹੈ। ਸੋ, ਇਸ ਕਰਕੇ ਇਸ ਗੱਲ ਨੂੰ ਸਮਝਣਾ ਚਾਹੀਦਾ ਹੈ ਕਿ ਸਾਡੀ ਸਰਕਾਰ ਕਮਜ਼ੋਰੀਆਂ ਨੂੰ ਤਾਕਤ ਵਿੱਚ ਤਬਦੀਲ ਕਰ ਰਹੀ ਹੈ। ਸਾਡੀ ਸਰਕਾਰ ਰਾਹ ਦੀ ਬਾਧਾ (ਰੁਕਾਵਟ) ਨੂੰ ਸਫ਼ਲਤਾ ਦੀ ਸੀੜ੍ਹੀ (ਪੌੜੀ) ਬਣਾ ਰਹੀ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਐਨ.ਕੇ. ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਹਾਂ ਜੀ, ਸਰਦਾਰ ਬਲਵਿੰਦਰ ਸਿੰਘ ਲਾਡੀ.... ਸ਼ਰਮਾ ਜੀ, ਇਹ ਨਹੀਂ ਹੁੰਦਾ ਜੀ। ਮੈਂ ਸਭ ਨੂੰ ਟਾਈਮ ਦੇਣਾ ਹੈ, ਜਿਹੜੇ ਮੈਂਬਰ ਕਦੇ-ਕਦੇ ਸਮਾਂ ਮੰਗਦੇ ਹਨ। ਤੁਸੀਂ ਤਾਂ ਰੋਜ਼ 10-10 ਵਾਰ..... ਹਾਂ ਜੀ, ਲਾਡੀ ਜੀ।

**ਸਰਦਾਰ ਬਲਵਿੰਦਰ ਸਿੰਘ:** ਧੰਨਵਾਦ, ਸਪੀਕਰ ਸਾਹਿਬ।(ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਨਹੀਂ ਜੀ। (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਇੱਕ ਮਿੰਟ.. ਇੱਕ ਮਿੰਟ.. ਇੱਕ ਮਿੰਟ... ਇੱਕ ਮਿੰਟ ਜੀ। ਮੈਂ ਸਾਰੇ ਹਾਊਸ ਨੂੰ ਪ੍ਰਾਰਥਨਾ ਕਰਦਾ ਹਾਂ..... ਨਹੀਂ... ਪਹਿਲਾਂ ਜਿਹੜੀ ਗੱਲ ਮੈਂ ਕਰਨ ਲੱਗਿਆ ਹਾਂ, ਉਹ ਸੁਣ ਲਓ।(ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ ਮੈਂ ਸਾਰੇ ਹਾਊਸ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਇਹ ਪ੍ਰਥਾ ਨਾ ਬਣਾਓ ਕਿ 5-10 ਮੈਂਬਰ ਹੀ ਸਾਰਾ ਟਾਈਮ ਲੈ ਜਾਣ, ਸਾਰੀਆਂ ਪਾਰਟੀਆਂ ਦੇ ਬਹੁਤ ਸਾਰੇ ਐਸੇ ਮੈਂਬਰ ਹਨ, ਜੋ ਬੋਲਣਾ ਚਾਹੁੰਦੇ ਹਨ। ਜੇ ਆਪਾਂ ਉਨ੍ਹਾਂ ਨੂੰ ਟਾਈਮ ਨਾ ਦੇਈਏ ਤਾਂ ਇਹ ਬੇਇਨਸਾਫ਼ੀ ਹੈ। ਹਾਂ ਜੀ, ਲਾਡੀ ਜੀ।

**ਸਰਦਾਰ ਬਲਵਿੰਦਰ ਸਿੰਘ:** ਧੰਨਵਾਦ ਜੀ, ਸਪੀਕਰ ਸਾਹਿਬ। ਸਰ, ਮੈਂ ਬੇਨਤੀ ਕਰਨੀ ਹੈ ਕਿ ਪੰਜਾਬ ਸਰਕਾਰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ 550 ਸਾਲਾ ਪ੍ਰਕਾਸ਼ ਦਿਵਸ ਨੂੰ ਮਨਾ ਰਹੀ ਹੈ ਜੋ ਕਿ ਬਹੁਤ ਹੀ ਮੁਬਾਰਕ ਇਤਿਹਾਸਕ ਦਿਨ ਹੈ। ਸਾਰੇ ਵਡਭਾਗੀ ਹਨ ਕਿ ਸਾਡੇ ਸਮੇਂ ਦੇ ਵਿਚ ਇਹ ਦਿਨ ਆ ਰਿਹਾ ਹੈ। ਸਾਡੇ ਪੀ.ਡਬਲਿਊ.ਡੀ. ਮਨਿਸਟਰ ਸਿੰਗਲਾ ਸਾਹਿਬ, ਇੱਥੇ ਬੈਠੇ ਹਨ। ਬਟਾਲੇ ਤੋਂ ਬਿਆਸ ਨੂੰ ਜਿਹੜੀ ....

**ਮਾਨਯੋਗ ਸਪੀਕਰ:** ਤੁਸੀਂ ਇਸ ਪ੍ਰਸ਼ਨ ਤੇ ਗੱਲ ਕਰੋ। ਕੀ ਸਿੱਧੂ ਸਾਹਿਬ ਦੇ ਜਵਾਬ ਤੇ ਤੁਹਾਡੀ ਸਪਲੀਮੈਂਟਰੀ ਹੈ?

**ਸਰਦਾਰ ਬਲਵਿੰਦਰ ਸਿੰਘ:** ਨਹੀਂ, ਸਰ। ਮੇਰੀ ਇੱਕ ਰਿਕੁਐਸਟ ਹੈ।

**ਮਾਨਯੋਗ ਸਪੀਕਰ:** ਦੱਸੋ ਜੀ।

**ਸਰਦਾਰ ਬਲਵਿੰਦਰ ਸਿੰਘ:** ਸਰ, ਤੁਹਾਡੇ ਮਾਧਿਅਮ ਰਾਹੀਂ ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਜਿਹੜੀ ਬਟਾਲੇ ਤੋਂ ਬਿਆਸ ਸੜਕ ਹੈ, ਇਹ ਚੌੜੀ ਕੀਤੀ ਜਾਵੇ ਜੀ।

**ਮਾਨਯੋਗ ਸਪੀਕਰ :** ਤੁਸੀ ਇਹ ਸਵਾਲ ਕਿਸ ਨੂੰ ਕਰ ਰਹੇ ਹੋ ਜੀ?

**ਸਰਦਾਰ ਬਲਵਿੰਦਰ ਸਿੰਘ :** ਸਰ, ਇਹ ਸਵਾਲ ਸਾਡੇ ਮੰਤਰੀ ਸਿੰਗਲਾ ਸਾਹਿਬ ਜੀ ਨਾਲ ਸਬੰਧਿਤ ਹੈ।

**ਮਾਨਯੋਗ ਸਪੀਕਰ :** ਨਹੀਂ ਜੀ ਸਿੰਗਲਾ ਸਾਹਿਬ ਦਾ ਹਾਲੇ ਸਵਾਲ ਨਹੀਂ ਆਇਆ । ਗੱਲ ਤਾਂ ਸਿੱਧੂ ਸਾਹਿਬ ਦੇ ਸਵਾਲ ਦੀ ਹੋ ਰਹੀ ਹੈ।

**ਸਰਦਾਰ ਬਲਵਿੰਦਰ ਸਿੰਘ :** ਠੀਕ ਹੈ ਜੀ, ਧੰਨਵਾਦ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਧੰਨਵਾਦ, ਸਪੀਕਰ ਸਾਹਿਬ। ਮੈਂ ਤੁਹਾਡੇ ਜ਼ਰੀਏ ਸਤਿਕਾਰਯੋਗ ਸਥਾਨਕ ਸਰਕਾਰਾਂ ਬਾਰੇ ਮੰਤਰੀ ਜੀ ਤੋਂ ਪੁੱਛਣਾ ਅਤੇ ਧਿਆਨ ਵੀ ਦਿਵਾਉਣਾ ਚਾਹੁੰਦਾ ਹਾਂ ਕਿ ਲੁਧਿਆਣਾ ਵਿੱਚ ਮੇਰੇ ਹਲਕੇ ਗਿਆਸਪੁਰਾ ਵਿੱਚ ਪ੍ਰਧਾਨ ਮੰਤਰੀ ਆਵਾਸ ਯੋਜਨਾ ਰਾਹੀਂ ਛੇ ਮੰਜ਼ਿਲੇ ਫਲੈਟ ਬਣੇ ਉਥੇ ਪਾਣੀ ਦੀ ਟੈਂਕੀ ਵੀ ਬਣ ਗਈ ਪਰ ਉਹ ਚਾਲੂ ਨਹੀਂ ਹੋਈ ਉਥੋਂ ਝੁੱਗੀ-ਝੌਂਪੜੀਆਂ ਚੁਕਵਾ ਕੇ ਸਰਕਾਰੀ ਜ਼ਮੀਨ ਉੱਤੇ ਜਿਹੜੇ ਫਲੈਟ ਬਣਾਏ ਗਏ ਹਨ, ਉਹ ਅਲਾਟ ਕਰ ਦਿੱਤੇ ਗਏ। ਹੁਣ ਦੱਸੋ, ਛੇਵੀਂ ਮੰਜ਼ਿਲ ਦੇ ਉੱਪਰ ਜਿਸ ਨੂੰ ਫਲੈਟ ਅਲਾਟ ਹੋ ਗਿਆ, ਉਹ ਪਾਣੀ ਕਿਵੇਂ ਲੈ ਕੇ ਜਾਵੇਗਾ? ਸਰ, ਦੂਜਾ ਜਿਹੜਾ ਉਸ ਦਾ ਪ੍ਰਾਇਮਰੀ ਲੇਅ ਆਊਟ ਮਾਸਟਰ ਪਲਾਨ ਬਣਾਇਆ ਗਿਆ ਹੈ, ਉਸ ਵਿੱਚ ਦੋ ਪਾਰਕਾਂ ਦਾ ਇੰਤਜ਼ਾਮ ਸੀ....

**ਮਾਨਯੋਗ ਸਪੀਕਰ:** ਬੈਂਸ ਸਾਹਿਬ, ਇਹ ਵੱਖਰਾ ਸਵਾਲ ਬਣਦਾ ਹੈ। ਇਹ ਇਸ਼ੂ ਹੋਰ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਰ, ਪ੍ਰਧਾਨ ਮੰਤਰੀ ਆਵਾਸ ਯੋਜਨਾ ਦੀ ਗੱਲ ਹੈ ਜੀ। ਇਹ ਵੱਖਰਾ ਨਹੀਂ ਹੈ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਇਹ ਵੱਖਰਾ ਬਣਦਾ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਰ, ਇਹ ਵੱਖਰਾ ਨਹੀਂ ਜੀ, ਮੈਂ ਪ੍ਰਧਾਨ ਮੰਤਰੀ ਆਵਾਸ ਯੋਜਨਾ ਵਿੱਚ ਕਮੀਆਂ ਦੱਸ ਰਿਹਾ ਹਾਂ ਜੀ। ਇਹ ਫਲੈਟ ਤਾਂ ਬਣ ਚੁੱਕੇ ਹਨ। ਕਿਰਪਾ ਕਰਕੇ ਜਿਹੜੇ ਫਲੈਟ ਬਣਨ ਵਾਲੇ ਹਨ, ਉਨ੍ਹਾਂ ਦਾ ਸਮਾਧਾਨ ਕਰ ਦਿਓ। ਦਿੱਕਤਾਂ, ਸਮੱਸਿਆਵਾਂ ਦੂਰ ਕਰ ਦਿਓ, ਚਾਹੇ ਉਹ ਪੀਣ ਵਾਲੇ ਪਾਣੀ ਦੀਆਂ ਹਨ, ਚਾਹੇ ਸੀਵਰੇਜ ਦੀਆਂ ਹਨ, ਚਾਹੇ ਉਹ ਸਫ਼ਾਈ ਸਬੰਧੀ ਹਨ।

**ਮਾਨਯੋਗ ਸਪੀਕਰ:** ਠੀਕ ਹੈ, ਤੁਹਾਡੀ ਗੱਲ ਆ ਗਈ ਹੈ। ਹਾਂ ਜੀ, ਚੀਮਾ ਜੀ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਨਗਰ ਕੌਂਸਲ, ਨਾਭਾ ਵਿਖੇ ਇਸ ਯੋਜਨਾ ਅਧੀਨ ਲਗਭਗ ਦੋ ਕਰੋੜ ਦਾ ਫਰਾਡ ਹੋਇਆ ਸੀ। ਮੈਂ ਮੰਤਰੀ ਸਾਹਿਬ ਨੂੰ ਲੈਟਰ ਵੀ ਲਿਖਿਆ ਪਰੰਤੂ ਹਾਲੇ ਤੱਕ ਉਸ ਉੱਤੇ ਕੋਈ ਕਾਰਵਾਈ ਨਹੀਂ ਹੋਈ। ਲੋਕਾਂ ਵੱਲੋਂ ਧਰਨੇ ਵੀ ਲਗਾਏ ਗਏ ਹਨ। ਨਗਰ ਕੌਂਸਲ, ਨਾਭਾ ਦੇ ਪ੍ਰਧਾਨ ਅਤੇ ਈ.ਓ. ਨੇ ਲਗਭਗ ਦੋ ਕਰੋੜ ਰੁਪਏ ਦਾ ਫਰਾਡ ਇਸ ਯੋਜਨਾ ਤਹਿਤ ਕੀਤਾ ਹੈ। ਸਰ, ਮੰਤਰੀ ਸਾਹਿਬ ਕਦੋਂ ਤੱਕ ਕਾਰਵਾਈ ਕਰਨਗੇ?

**ਮੰਤਰੀ :** ਸਪੀਕਰ ਸਾਹਿਬ, ਮੈਂ ਉਸੇ ਵਕਤ ਹੀ ਸਸਪੈਂਡ ਕਰ ਦਿੱਤੇ ਸਨ। ਉਸ ਤੋਂ ਬਾਅਦ ਇਹ ਮਾਮਲਾ ਸੀ.ਐਮ.ਓ. ਕੋਲ ਚਲਾ ਗਿਆ ਸੀ। ਇਹ ਉਸ ਤੋਂ ਬਾਅਦ ਮੇਰੇ ਅਧੀਨ ਨਹੀਂ ਰਿਹਾ। ਮੈਂ ਸਾਰੇ ਠੋਕ ਦਿੱਤੇ ਸੀ ਜੀ।

**ਮਾਨਯੋਗ ਸਪੀਕਰ:** ਨੈਕਸਟ ਸਵਾਲ, ਸਰਦਾਰ ਸੰਗਤ ਸਿੰਘ ਗਿਲਜੀਆਂ।

---

## ਕੰਢੀ ਖੇਤਰ ਦੇ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੀ ਸਮੱਸਿਆ ਹੱਲ ਕਰਨਾ

*1938. **ਸਰਦਾਰ ਸੰਗਤ ਸਿੰਘ ਗਿਲਜੀਆਂ:** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਸਰਕਾਰ ਦੇ ਧਿਆਨ ਵਿੱਚ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਕੰਢੀ ਖੇਤਰ ਦੇ ਪਿੰਡਾਂ ਵਿੱਚ ਖਾਸ ਕਰਕੇ ਕੋਈਂ, ਬਰੂਹੀ, ਨਰੂੜ, ਮਨਹੋਤਾ, ਖੰਗਵਾੜੀ, ਰਾਮ ਟਟਵਾਲੀ (ਬਲਾਕ ਭੂੰਗਾ) ਆਦਿ ਵਿੱਚ ਪੀਣ ਵਾਲੇ ਪਾਣੀ ਦੀ ਭਾਰੀ ਕਿੱਲਤ ਹੈ ਅਤੇ ਇਹ ਪਾਣੀ ਬਹੁਤ ਦੂਸ਼ਿਤ ਅਤੇ ਕੈਂਸਰ ਪ੍ਰਵਿਰਤੀ ਵਾਲਾ ਹੈ; ਜੇਕਰ ਅਜਿਹਾ ਹੋਵੇ ਤਾਂ ਭਵਿੱਖ ਵਿੱਚ ਇਸ ਖੇਤਰ ਦੇ ਵਸਨੀਕਾਂ ਦੀ ਇਹ ਸਮੱਸਿਆ ਹੱਲ ਕਰਨ ਲਈ ਸਰਕਾਰ ਦੀ ਕੀ ਤਜਵੀਜ਼ ਹੈ ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** ਬਲਾਕ ਭੂੰਗਾ ਦਾ ਜ਼ਿਆਦਾ ਖੇਤਰ ਕੰਢੀ ਵਿੱਚ ਹੋਣ ਕਰਕੇ ਇੱਥੇ ਪੀਣ ਵਾਲੇ ਪਾਣੀ ਦੀ ਕਿੱਲਤ ਹੈ। ਇੱਥੇ ਇਹ ਦੱਸਣਯੋਗ ਹੈ ਕਿ ਇਸ ਬਲਾਕ ਵਿੱਚ ਵਿਭਾਗ ਦੀਆਂ ਜਲ ਸਪਲਾਈ ਸਕੀਮਾਂ ਰਾਹੀਂ ਜੋ ਪਾਣੀ ਸਪਲਾਈ ਕੀਤਾ ਜਾ ਰਿਹਾ ਹੈ, ਉਹ ਪੂਰੀ ਤਰ੍ਹਾਂ ਪੀਣ ਯੋਗ ਹੈ ਅਤੇ ਦੂਸ਼ਿਤ ਜਾਂ ਕੈਂਸਰ ਪ੍ਰਵਿਰਤੀ ਵਾਲਾ ਨਹੀਂ ਹੈ।

ਕੰਢੀ ਖੇਤਰ ਲਈ ਪੀਣ ਵਾਲੇ ਪਾਣੀ ਦੀ ਕਿੱਲਤ ਨੂੰ ਦੂਰ ਕਰਨ ਲਈ ਸਰਕਾਰ ਵੱਲੋਂ 10 ਕਰੋੜ ਰੁਪਏ ਦੀ ਸਪੈਸ਼ਲ ਗਰਾਂਟ ਪ੍ਰਵਾਨ ਕੀਤੀ ਗਈ ਹੈ, ਜਿਸ ਨਾਲ ਜਲ ਸਪਲਾਈ ਸਕੀਮਾਂ ਨਾਲ ਸਬੰਧਿਤ ਜ਼ਰੂਰੀ ਕੰਮ ਕੀਤੇ ਜਾਣਗੇ। ਪੰਜਾਬ ਸਰਕਾਰ ਵੱਲੋਂ 15ਵੇਂ ਵਿੱਤ ਕਮਿਸ਼ਨ ਅਧੀਨ ਕੰਢੀ ਖੇਤਰ ਦੇ ਸੁਧਾਰ ਲਈ ਤਜਵੀਜ਼ ਭੇਜੀ ਗਈ ਹੈ। ਇਸ ਤੋਂ ਇਲਾਵਾ ਵਿਸ਼ਵ ਬੈਂਕ ਦੇ ਪ੍ਰਵਾਨਿਤ ਪ੍ਰਾਜੈਕਟ ਅਧੀਨ ਵੀ ਕੰਢੀ ਏਰੀਏ ਵਿੱਚ ਜਲ ਸਪਲਾਈ ਦਾ ਸੁਧਾਰ ਕੀਤਾ ਜਾ ਰਿਹਾ ਹੈ।

**ਸਰਦਾਰ ਸੰਗਤ ਸਿੰਘ ਗਿਲਜੀਆਂ:** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਮੈਂ ਇਹ ਪਿੰਡ ਦੱਸੇ ਹਨ, ਇਨ੍ਹਾਂ ਪਿੰਡਾਂ ਦੀ ਜਲ ਯੋਜਨਾ ਕਾਫੀ ਲੰਮੇ ਸਮੇਂ ਤੋਂ ਚੱਲ ਰਹੀ ਹੈ। ਇਹ ਬਹੁਤ ਪੁਰਾਣੀ ਹੈ ਉਥੇ ਪਾਣੀ ਦਾ ਲੈਵਲ ਥੱਲੇ ਚਲਾ ਗਿਆ ਹੈ, ਪਾਣੀ ਪ੍ਰਦੂਸ਼ਿਤ ਹੋ ਚੁੱਕਾ ਹੈ, ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਦਿਨੋਂ-ਦਿਨ ਵਧਦੀ ਜਾ ਰਹੀ ਹੈ। ਉਥੇ ਤਿੰਨ-ਤਿੰਨ, ਚਾਰ-ਚਾਰ ਪਿੰਡਾਂ ਦੀ ਜਲ ਸਪਲਾਈ ਯੋਜਨਾ ਚੱਲ ਰਹੀ ਹੈ। ਜਿਹੜੇ ਲੋਕ ਕੰਢੀ ਦੇ ਉੱਪਰਲੇ ਪਾਸੇ ਢਾਣੀਆਂ ਵਿੱਚ ਰਹਿੰਦੇ ਹਨ, ਉਨ੍ਹਾਂ ਤੱਕ ਪਾਣੀ ਨਹੀਂ ਪਹੁੰਚਦਾ ਉਨ੍ਹਾਂ ਨੂੰ ਤਿੰਨ-ਤਿੰਨ ਦਿਨਾਂ ਬਾਅਦ ਇੱਕ-ਇੱਕ ਬਾਲਟੀ ਪਾਣੀ ਦੀ ਮਿਲਦੀ ਹੈ। ਪਾਣੀ ਪੀਣਯੋਗ ਵੀ ਨਹੀਂ ਰਹਿੰਦਾ। ਲੋਕਾਂ ਨੇ ਇਸ਼ਨਾਨ ਪਾਣੀ ਕਰਨਾ ਹੁੰਦਾ ਹੈ। ਸਰ, ਮੰਤਰੀ ਸਾਹਿਬਾ ਨੇ ਦਸ ਕਰੋੜ ਰੁਪਏ ਅਤੇ 15ਵੇਂ ਵਿੱਤ ਕਮਿਸ਼ਨ ਬਾਰੇ ਦੱਸਿਆ ਹੈ। ਦਸ ਕਰੋੜ ਰੁਪਿਆ ਤਾਂ ਮਿਲ ਜਾਵੇਗਾ ਪਰੰਤੂ ਮੈਂ ਮੰਤਰੀ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ 15ਵਾਂ ਵਿੱਤ ਕਮਿਸ਼ਨ ਕਦੋਂ ਆਵੇਗਾ? ਗਰਮੀਆਂ ਆ ਰਹੀਆਂ ਹਨ, ਜਿਸ ਕਾਰਨ ਲੋਕਾਂ ਨੂੰ ਪਾਣੀ ਦੀ ਬਹੁਤ ਵੱਡੀ ਕਿੱਲਤ ਆ ਰਹੀ ਹੈ। ਇਨ੍ਹਾਂ ਪਿੰਡਾਂ ਲਈ ਪਾਣੀ ਵਾਸਤੇ ਕੀ ਸਰਕਾਰ ਕੋਈ ਵੱਧ ਸਹੂਲਤ ਦੇ ਰਹੀ ਹੈ, ਜੇਕਰ ਹੈ ਤਾਂ ਦੱਸੀ ਜਾਵੇ ?

**ਮਾਨਯੋਗ ਸਪੀਕਰ:** ਇਸ ਬਾਰੇ ਦੱਸ ਸਕਦੇ ਹੋ ਜੀ।

**ਮੰਤਰੀ:** ਸਪੀਕਰ ਸਾਹਿਬ, ਕੰਢੀ ਏਰੀਏ ਦੇ ਲਈ ਸਰਕਾਰ ਖੁਦ ਬਹੁਤ ਚਿੰਤਾ ਵਿੱਚ ਹੈ ਕਿਉਂਕਿ ਕੰਢੀ ਏਰੀਆ ਇੱਕ ਇਹੋ ਜਿਹਾ ਏਰੀਆ ਹੈ, ਜਿੱਥੇ ਛੋਟੀਆਂ-ਛੋਟੀਆਂ ਢਾਣੀਆਂ ਹਨ ਅਤੇ ਪਹਾੜੀ ਵੀ ਹੈ। ਉਥੇ ਪਾਣੀ ਪਹੁੰਚਾਉਣਾ ਬਹੁਤ ਮੁਸ਼ਕਲ ਹੈ ਜਿਸ ਕਾਰਨ alternative days ਤੇ ਪਾਣੀ ਪਹੁੰਚਾਇਆ ਜਾ ਰਿਹਾ ਹੈ। ਸੀ.ਐਮ. ਸਾਹਿਬ ਨੇ ਇਨ੍ਹਾਂ ਦੀ ਡਿਮਾਂਡ ਨੂੰ ਦੇਖਦਿਆਂ ਦਸ ਕਰੋੜ ਰੁਪਏ ਦੇਣ ਦਾ ਵਾਅਦਾ ਕੀਤਾ ਹੈ। ਅਸੀਂ ਬਾਕੀ ਪੈਸਾ ਆਉਣ ਤੇ ਜਿਹੜਾ ਇਨ੍ਹਾਂ ਦਾ ਕੰਮ ਹੈ, ਉਹ ਪਹਿਲ ਦੇ ਆਧਾਰ ਤੇ ਕਰਾਂਗੇ।

**ਸਰਦਾਰ ਸੰਗਤ ਸਿੰਘ ਗਿਲਜੀਆਂ :** ਸਪੀਕਰ ਸਾਹਿਬ, ਮੰਤਰੀ ਸਾਹਿਬਾ ਨੇ ਦੱਸਿਆ ਹੈ ਕਿ ਪਾਣੀ ਦੀ ਕਿੱਲਤ ਹੈ, ਪਿਛਲੀ ਸਰਕਾਰ ਵੀ ਦਸ ਸਾਲ ਲਾਰੇ ਲਾ ਕੇ ਚਲੀ ਗਈ, ਆਪਣੇ ਵੀ ਦੋ ਸਾਲ ਪੂਰੇ ਹੋਣ ਜਾ ਰਹੇ ਹਨ। ਜਦੋਂ ਗਰਮੀਆਂ ਆ ਜਾਣੀਆਂ ਹਨ ਫੇਰ ਅਸੀਂ ਉਨ੍ਹਾਂ ਲੋਕਾਂ ਨਾਲ ਗੱਲ ਨਹੀਂ ਕਰ ਸਕਦੇ। ਸਭ ਤੋਂ ਪਹਿਲਾਂ ਤਾਂ ਉਨ੍ਹਾਂ ਨੇ ਡਾਂਗਾਂ ਚੁੱਕੀਆਂ ਹੁੰਦੀਆਂ ਹਨ। ਦਸ ਸਾਲ ਪਹਿਲੀ ਸਰਕਾਰ ਨੇ ਵੀ ਲੰਘਾਏ ਹਨ ਤੇ ਤੁਹਾਡੇ ਵੀ ਦੋ ਸਾਲ ਲੰਘ ਰਹੇ ਹਨ। ਮੈਂ ਮੰਤਰੀ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਖਾਸ ਤੌਰ ਤੇ ਪੀਣ ਵਾਲੇ ਪਾਣੀ ਲਈ ਕੰਢੀ ਖੇਤਰ ਦੇ ਲੋਕਾਂ ਵਾਸਤੇ ਕੋਈ ਉਪਰਾਲਾ ਕੀਤਾ ਜਾਵੇ। ਦੂਸਰਾ ਉੱਥੇ ਹਰ ਘਰ ਵਿਚ ਕੈਂਸਰ ਦਾ ਇੱਕ-ਇੱਕ

ਮਰੀਜ਼ ਹੈ ਬੇਸ਼ਕ ਚੈੱਕ ਕਰਵਾ ਲਵੋ। ਇਹ ਬਹੁਤ ਮਾੜੀ ਗੱਲ ਹੋਵੇਗੀ ਜੇ ਆਪਾਂ ਲੋਕਾਂ ਨੂੰ ਪੀਣ ਵਾਲਾ ਪਾਣੀ ਵੀ ਨਹੀਂ ਦੇ ਸਕਾਂਗੇ।

**ਮੰਤਰੀ :** ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਇਨ੍ਹਾਂ ਨੂੰ ਦਸ ਕਰੋੜ ਰੁਪਿਆ ਇਸੇ ਕਰਕੇ ਦਿੱਤਾ ਹੈ ਕਿ ਤਾਂ ਜੋ ਇਨ੍ਹਾਂ ਦੇ ਏਰੀਏ ਵਿਚ ਪਾਣੀ ਦੀ ਕਿੱਲਤ ਨੂੰ ਸਹੀ ਕੀਤਾ ਜਾ ਸਕੇ। ਸਾਡੀ ਸਰਕਾਰ ਕੋਸ਼ਿਸ਼ ਕਰ ਰਹੀ ਹੈ। ਪਹਿਲੀ ਸਰਕਾਰ ਵੀ ਦਸ ਸਾਲ ਰਹੀ ਹੈ ਪਰ ਉਨ੍ਹਾਂ ਨੇ ਕੁਝ ਨਹੀਂ ਕੀਤਾ। 10 ਕਰੋੜ ਰੁਪਿਆ ਆ ਰਿਹਾ ਹੈ ਉਸ ਨਾਲ ਅਸੀਂ ਕੰਮ ਸ਼ੁਰੂ ਕਰਾਂਗੇ ਅਤੇ ਇੰਸ਼ਾ ਅੱਲਾ ਤਾਲਾ ਅੱਗੇ ਹੋਰ ਪੈਸਾ ਆਏਗਾ ਤੇ ਇਸ ਕੰਮ ਨੂੰ ਮੁਕੰਮਲ ਵੀ ਕਰਾਂਗੇ।

**ਸ਼੍ਰੀ ਪਵਨ ਕੁਮਾਰ ਆਦੀਆ :** ਸਰ, ਮੈਂ ਇੱਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜੀ ਪਾਣੀ ਦੀ ਕਿੱਲਤ ਦੀ ਗੱਲ ਕੀਤੀ ਗਈ ਹੈ, ਨਾ ਤਾਂ ਉੱਥੇ ਰੋਜ਼ਗਾਰ ਹੈ ਅਤੇ ਨਾ ਹੀ ਕੋਈ ਹਸਪਤਾਲ ਹੈ ਅਤੇ ਬਹੁਤ ਹੀ ਘੱਟ ਸੜਕਾਂ ਹਨ। ਜੇਕਰ ਆਪਾਂ ਲੋਕਾਂ ਨੂੰ ਪੀਣ ਦਾ ਪਾਣੀ ਹੀ ਨਾ ਦਿੱਤਾ, ਆਪਾਂ ਪਿਛਲੀ ਸਰਕਾਰ ਦੀ example ਦਿੰਦੇ ਹਾਂ ਕਿ ਉਨ੍ਹਾਂ ਨੇ ਕੋਈ ਕੰਮ ਨਹੀਂ ਕੀਤਾ, ਕਿਤੇ ਆਉਣ ਵਾਲੇ ਸਮੇਂ ਵਿਚ ਆਪਣੀ example ਵੀ ਨਾ ਦੇਣ ਕਿ ਆਪਾਂ ਵੀ ਕੁਝ ਨਹੀਂ ਕੀਤਾ।(ਆਮ ਆਦਮੀ ਪਾਰਟੀ ਵੱਲੋਂ ਥੰਪਿੰਗ) ਜਿਹੜੀਆਂ ਗਲਤੀਆਂ ਉਨ੍ਹਾਂ ਨੇ ਕੀਤੀਆਂ ਤਾਂ ਉਨ੍ਹਾਂ ਨੇ ਉਸ ਦਾ ਖਮਿਆਜ਼ਾ ਵੀ ਭੁਗਤਿਆ ਹੈ। ਮੈਂ ਇਹ ਚਾਹੁੰਦਾ ਹਾਂ ਕਿ ਆਪਾਂ ਲੋਕਾਂ ਨਾਲ ਵਾਅਦਾ ਕੀਤਾ ਹੈ, ਘੱਟੋ-ਘੱਟ ਲੋਕਾਂ ਨੂੰ ਪੀਣ ਵਾਲਾ ਪਾਣੀ ਤਾਂ ਦੇਣਾ ਚਾਹੀਦਾ ਹੈ। ਸਰਦਾਰ ਸੰਗਤ ਸਿੰਘ ਜੀ ਦੀ ਤਾਈਦ ਕਰਦਾ ਹੋਇਆ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜੇਕਰ ਉੱਥੇ..(ਵਿਘਨ)

**ਮਾਨਯੋਗ ਸਪੀਕਰ :** ਸਵਾਲ, ਸਵਾਲ, ਸਵਾਲ।

**ਸ਼੍ਰੀ ਪਵਨ ਕੁਮਾਰ ਆਦੀਆ:** ਜੇਕਰ ਉੱਥੇ ਟਿਊਬਵੈੱਲਾਂ ਦਾ ਪ੍ਰਬੰਧ ਕਰਵਾ ਦੇਈਏ ਅਤੇ ਜਿਹੜੇ ਲੋਕ ਪਾਣੀ ਦਾ ਬਿੱਲ ਦੇਣ ਤੋਂ ਅਸਮਰਥ ਹਨ, ਇਹ ਗੱਲ ਪੰਚਾਇਤ ਦੇ ਹਵਾਲੇ ਕਰ ਦਿੱਤੀ ਜਾਵੇ। ਮੇਰੀ ਬੇਨਤੀ ਹੈ ਕਿ ਇਹ ਪਾਣੀ ਦਾ ਕੰਮ ਜ਼ਰੂਰ ਕਰ ਦੇਈਏ।

**ਮਾਨਯੋਗ ਸਪੀਕਰ :** ਸਵਾਲ, ਸਵਾਲ ਕੀ ਪੁੱਛਿਆ?

**ਮੰਤਰੀ :** ਸਪੀਕਰ ਸਾਹਿਬ ਮੈਂ ਇਨ੍ਹਾਂ ਦੀ ਗੱਲ ਦਾ ਜਵਾਬ ਦੇਣਾ ਚਾਹੁੰਦੀ ਹਾਂ ਕਿ ਇਹ ਜਿਹੜੀਆਂ ਗੱਲਾਂ ਕਰ ਰਹੇ ਹਨ, ਇਹ ਹਕੀਕਤ ਨੂੰ ਜਾਣਨ ਤੋਂ ਬਗੈਰ ਹੀ ਗੱਲਾਂ ਕਰ ਰਹੇ ਹਨ, ਪਹਿਲਾਂ ਹਕੀਕਤ ਨੂੰ ਜਾਣ ਲੈਣ। ਸਾਡੀ ਸਰਕਾਰ ਪੂਰੇ ਪੰਜਾਬ ਲਈ ਪੀਣ ਵਾਲੇ ਪਾਣੀ ਲਈ ਕਰੋੜਾਂ ਰੁਪਏ ਨਹੀਂ, ਅਰਬਾਂ ਰੁਪਏ ਲੈ ਕੇ ਆ ਰਹੀ ਹੈ, ਖਰਚ ਕਰ ਰਹੀ ਹੈ। ਮੈਂ ਪਹਿਲਾਂ ਵੀ ਕਿਹਾ ਹੈ ਕਿ ਹਾਲੇ ਸਾਡੀ ਸਰਕਾਰ ਦੇ ਤਿੰਨ ਸਾਲ

ਬਾਕੀ ਹਨ, ਅਸੀਂ ਫੇਰ ਜਿੱਤ ਕੇ ਆਵਾਂਗੇ ਤੇ ਫੇਰ ਵੀ ਕਰਾਂਗੇ ਪਰ ਇੱਕ ਗੱਲ ਮੈਂ ਤੁਹਾਡੇ ਰਾਹੀਂ ਸਾਰਿਆਂ ਨੂੰ ਦੱਸਣਾ ਚਾਹੁੰਦੀ ਹਾਂ ਕਿ ਪੀਣ ਵਾਲੇ ਪਾਣੀ ਦੀ ਕਿੱਲਤ ਇਸ ਕਰਕੇ ਵੀ ਹੈ ਕਿਉਂਕਿ ਸਾਡਾ ਪਾਣੀ ਦਿਨ ਬਦਿਨ ਹੇਠਾਂ ਜਾ ਰਿਹਾ ਹੈ। ਜਿਵੇਂ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਪਾਣੀ ਦੇ ਪੈਸੇ ਨਹੀਂ ਭਰ ਸਕਦੇ। ਕਿਸੇ ਵੀ ਕੀਮਤ ਤੇ ਪਾਣੀ ਫਰੀ ਨਹੀਂ ਦਿੱਤਾ ਜਾਵੇਗਾ। ਜੇਕਰ ਅਸੀਂ ਪਾਣੀ ਫਰੀ ਦੇਵਾਂਗੇ ਤਾਂ ਲੋਕ ਉਸ ਨੂੰ ਫਰੀ ਸਮਝ ਕੇ ਜ਼ਾਇਆ ਕਰ ਦਿੰਦੇ ਹਨ। ਫਰੀ ਪਾਣੀ ਦੀ ਕੋਈ ਕੀਮਤ ਨਹੀਂ ਸਮਝਦੇ। ਇਸ ਲਈ ਜੇਕਰ ਅਸੀਂ ਅੱਜ ਪਾਣੀ ਦੀ ਕੀਮਤ ਵਸੂਲਾਂਗੇ ਤਾਂ ਹੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪਾਣੀ ਸੋਨੇ ਦੇ ਭਾਅ ਖਰੀਦਣਾ ਨਹੀਂ ਪਵੇਗਾ। ਜੇਕਰ ਅਸੀਂ ਅੱਜ ਪਾਣੀ ਦੀ ਕੀਮਤ ਨਹੀਂ ਲਵਾਂਗੇ ਤਾਂ ਫਿਰ ਸੋਨੇ ਦੇ ਭਾਅ ਵੀ ਪਾਣੀ ਨਹੀਂ ਮਿਲੇਗਾ। ਪਾਣੀ ਨੂੰ ਬਚਾਉਣ ਵਾਸਤੇ ਜ਼ਰੂਰੀ ਹੈ ਕਿ ਅਸੀਂ ਪਾਣੀ ਦਾ ਬਿਲ ਵਸੂਲੀਏ ਤਾਂ ਕਿ ਲੋਕਾਂ ਨੂੰ ਪਾਣੀ ਦੀ ਅਹਿਮੀਅਤ ਦਾ ਪਤਾ ਲੱਗੇ।

**ਸਰਦਾਰ ਸੰਗਤ ਸਿੰਘ ਗਿਲਜੀਆਂ :** ਸਪੀਕਰ ਸਾਹਿਬ....

**ਮਾਨਯੋਗ ਸਪੀਕਰ :** ਸੰਗਤ ਸਿੰਘ ਜੀ ਕਾਫ਼ੀ ਹੋ ਗਿਆ, ਜਵਾਬ ਵੀ ਆ ਗਿਆ... ਜਵਾਬ ਵੀ ਆ ਗਿਆ। ਅਗਲਾ ਸਵਾਲ ਸਰਦਾਰ ਹਰਮਿੰਦਰ ਸਿੰਘ ਗਿੱਲ, ਹਰਮਿੰਦਰ ਸਿੰਘ ਗਿੱਲ।

---

## ਟੋਲ ਪਲਾਜ਼ੇ ਤੇ ਲੱਗ ਰਹੀ ਪਰਚੀ ਦਾ ਰੇਟ ਘਟਾਉਣਾ

***1861. ਸਰਦਾਰ ਹਰਮਿੰਦਰ ਸਿੰਘ ਗਿੱਲ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਤਰਨ ਤਾਰਨ-ਬਠਿੰਡਾ ਵਾਇਆ ਹਰੀਕੇ ਲਈ ਬਣੀ ਚਹੁੰਮਾਰਗੀ ਸੜਕ ਉਪਰ ਤਰਨ ਤਾਰਨ ਲਾਗੇ ਉਸਮਾਂ ਪਿੰਡ ਉੱਪਰ ਬਣੇ ਟੋਲ ਪਲਾਜ਼ੇ ਕਰਕੇ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਹੋ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਟੋਲ ਪਲਾਜ਼ੇ ਉਪਰ 175/- ਰੁਪਏ ਦੀ ਲੱਗ ਰਹੀ ਪਰਚੀ ਨੂੰ ਘਟਾਉਣ ਵਾਸਤੇ ਪੰਜਾਬ ਸਰਕਾਰ ਕੋਈ ਕਾਰਵਾਈ ਕਰ ਰਹੀ ਹੈ;

(ਅ) ਕੀ ਇਸ ਟੋਲ ਪਲਾਜ਼ੇ ਕਰਕੇ ਇਸ ਦੇ ਆਸ-ਪਾਸ ਦੀਆਂ ਲਿੰਕ ਸੜਕਾਂ ਜੋ ਹੈਵੀ ਗੱਡੀਆਂ ਲੰਘਣ ਕਰਕੇ ਟੁੱਟ ਗਈਆਂ ਹਨ, ਨੂੰ ਬਚਾਉਣ ਵਾਸਤੇ ਸਰਕਾਰ ਕੋਈ ਕਾਰਵਾਈ ਕਰ ਰਹੀ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਸ਼੍ਰੀਮਾਨ ਜੀ,

(ੳ) ਇਹ ਠੀਕ ਹੈ ਕਿ ਤਰਨ ਤਾਰਨ-ਬਠਿੰਡਾ ਵਾਇਆ ਹਰੀਕੇ ਬਣੀ ਚਹੁੰ ਮਾਰਗੀ ਸੜਕ ਉੱਪਰ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ ਵਲੋਂ ਤਰਨਤਾਰਨ ਲਾਗੇ ਉਸਮਾਂ ਪਿੰਡ ਉੱਪਰ ਟੋਲ ਪਲਾਜ਼ਾ ਚਲਾਇਆ ਜਾ ਰਿਹਾ ਹੈ। ਪ੍ਰੋਜੈਕਟ ਡਾਇਰਕੈਟਰ, ਨੈਸ਼ਨਲ ਹਾਈਵੇ ਅਥਾਰਟੀ ਆਫ਼ ਇੰਡੀਆ, ਜਲੰਧਰ ਨੇ ਦੱਸਿਆ ਹੈ ਕਿ ਇਸ ਟੋਲ ਪਲਾਜ਼ੇ ਦੀ ਨੋਟੀਫ਼ਿਕੇਸ਼ਨ ਭਾਰਤ ਸਰਕਾਰ ਵੱਲੋਂ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ ਅਤੇ ਇਸ ਨੋਟੀਫ਼ਿਕੇਸ਼ਨ ਦੇ ਅਧਾਰ ਤੇ ਹੀ ਟੋਲ ਰੇਟ ਨਿਰਧਾਰਤ ਕੀਤੇ ਗਏ ਹਨ। ਇਸ ਟੋਲ ਪਲਾਜ਼ੇ ਦੇ ਰੇਟਾਂ ਵਿੱਚ ਬਦਲਾਅ ਕਰਨਾ ਪੰਜਾਬ ਸਰਕਾਰ ਲਈ ਸੰਭਵ ਨਹੀਂ ਹੈ।

(ਅ) ਇਹ ਠੀਕ ਹੈ ਕਿ ਟੋਲ ਤੋਂ ਬਚਣ ਲਈ ਕਈ ਵਾਰ ਪਬਲਿਕ ਆਸ-ਪਾਸ ਦੀਆਂ ਲਿੰਕ ਸੜਕਾਂ ਲੰਘਣ ਦੀ ਕੋਸ਼ਿਸ਼ ਕਰਦੀ ਹੈ। ਲਿੰਕ ਸੜਕਾਂ ਦਾ ਰੱਖ-ਰਖਾਵ ਵੱਖਰੇ ਤੌਰ ਤੇ ਸਰਕਾਰ ਵਲੋਂ ਕੀਤਾ ਜਾਂਦਾ ਹੈ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ ਦਾ ਹਿੱਸਾ ਹੈ। ਇਹ ਜਿਹੜੀ ਬਠਿੰਡਾ ਤਰਨਤਾਰਨ ਵਾਇਆ ਵਾਲੀ ਰੋਡ ਹੈ ਇੱਥੇ ਉਸਮਾਂ ਪਿੰਡ ਵਿਚ ਟੋਲ ਪਲਾਜ਼ਾ ਲੱਗਿਆ ਹੋਇਆ ਇਹ ਭਾਰਤ ਸਰਕਾਰ ਚਲਾਉਂਦੀ ਹੈ ਤੇ ਇਸ ਦੀ ਨੋਟੀਫ਼ਿਕੇਸ਼ਨ ਆਲਰੇਡੀ ਭਾਰਤ ਸਰਕਾਰ ਨੇ ਇਸ਼ੂ ਕੀਤੀ ਹੋਈ ਹੈ। ਗੱਡੀਆਂ ਦੇ ਜਿਹੜੇ ਰੇਟ ਉੱਥੇ ਆਉਣ-ਜਾਣ ਵਾਸਤੇ ਲਗਦੇ ਹਨ ਉਹ ਫਿਕਸ ਹਨ ਕਿਉਂਕਿ ਇਹ ਟੋਲ ਪਲਾਜ਼ਾ (owner) ਅਤੇ ਗੌਰਮਿੰਟ ਆਫ਼ ਇੰਡੀਆ ਵਿਚਕਾਰ ਐਗਰੀਮੈਂਟ ਹੈ। ਸੋ, ਫਿਲਹਾਲ ਪ੍ਰੋਜੈਕਟ ਡਾਇਰੈਕਟਰ, ਨੈਸ਼ਨਲ ਹਾਈਵੇਅ ਵੱਲੋਂ ਇਨ੍ਹਾਂ ਦੇ ਰੇਟ ਘਟਾਉਣ ਦੀ ਕੋਈ ਤਜਵੀਜ਼ ਨਹੀਂ ਹੈ ਤਾਂ ਕਿ ਕੋਈ ਕਟੌਤੀ ਕੀਤੀ ਜਾ ਸਕੇ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਸਰ, ਬੇਨਤੀ ਹੈ ਕਿ ਟੋਲ ਪਲਾਜ਼ਾ ਉਦੋਂ ਲਗਦਾ ਹੈ ਜਦੋਂ ਸੜਕ ਕੰਪਲੀਟ ਹੋ ਜਾਵੇ। ਇਹ ਸੜਕ ਮੱਖੂ ਲਾਗੇ ਹਾਲੇ ਕੰਪਲੀਟ ਨਹੀਂ ਹੋਈ। ਉੱਥੇ ਹਾਲੇ ਓਵਰ ਬ੍ਰਿਜ ਵੀ ਬਣਨਾ ਹੈ। ਇਥੇ 175/- ਰੁਪਿਆ ਟੋਲ ਪਲਾਜ਼ਾ ਲਗਾਇਆ ਗਿਆ ਹੈ। ਜਿਹੜੇ ਲੋਕ ਤਰਨਤਾਰਨ ਤੋਂ ਸਰਿਆਲੀ ਜਾਂਦੇ ਹਨ ਤੇ ਹਰੀਕੇ ਤੋਂ ਤਰਨਤਾਰਨ ਜਾਂਦੇ ਹਨ, ਉਹ 175/- ਰੁਪਏ ਕਿੱਥੋਂ ਭਰ ਦੇਣਗੇ? Resultantly ਜਿਹੜੀਆਂ ਸਾਡੀਆਂ ਸੜਕਾਂ ਹਨ, ਜਿਹੜੀ ਢੋਟੀਆਂ ਤੋਂ ਨੌਸ਼ਹਿਰੇ ਨੂੰ ਜਾਂਦੀ ਹੈ....

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਹਲਕਾ ਮੌੜ ਵਿੱਚ ਡਾਕਟਰੀ ਅਮਲੇ ਦੀ ਘਾਟ ਪੂਰੀ ਕਰਨਾ

***2094. ਸਰਦਾਰ ਜਗਦੇਵ ਸਿੰਘ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਮੌੜ ਦੇ ਪਿੰਡਾਂ ਵਿਚਲੇ ਹਸਪਤਾਲਾਂ, ਹੈਲਥ ਸੈਂਟਰਾਂ ਅਤੇ ਡਿਸਪੈਂਸਰੀਆਂ ਵਿੱਚ ਡਾਕਟਰਾਂ ਅਤੇ ਸਟਾਫ਼ ਦੀ ਬੇਹੱਦ ਘਾਟ ਨੂੰ ਕਦੋਂ ਤੱਕ ਪੂਰਾ ਕੀਤਾ ਜਾਵੇਗਾ?

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਾਨ ਜੀ, ਹਲਕਾ ਮੌੜ ਦੇ ਪਿੰਡਾਂ ਵਿਚਾਲੇ ਹਸਪਤਾਲਾਂ, ਹੈਲਥ ਸੈਂਟਰਾਂ ਅਤੇ ਡਿਸਪੈਂਸਰੀਆਂ ਵਿੱਚ ਡਾਕਟਰਾਂ ਅਤੇ ਹੋਰ ਸਟਾਫ਼ ਦੀਆਂ ਕੁੱਲ 156 ਆਸਾਮੀਆਂ ਮਨਜ਼ੂਰਸ਼ੁਦਾ ਹਨ, ਜਿਨ੍ਹਾਂ ਵਿੱਚੋਂ 87 ਆਸਾਮੀਆਂ ਭਰੀਆਂ ਹੋਈਆਂ ਹਨ ਅਤੇ 69 ਆਸਾਮੀਆਂ ਖਾਲੀ ਹਨ। ਹਲਕਾ ਮੌੜ ਵਿਖੇ ਮੈਡੀਕਲ ਅਫਸਰ (ਸਪੈਸ਼ਲਿਸਟ) ਦੀਆਂ 07 ਆਸਾਮੀਆਂ ਖਾਲੀ ਹਨ। ਸਾਲ 2018 ਦੌਰਾਨ ਵਾਕ-ਇੰਨ-ਇੰਟਰਵਿਊ ਰਾਹੀਂ 215 ਮਾਹਿਰ ਡਾਕਟਰਾਂ ਦੀ ਚੋਣ ਕੀਤੀ ਜਾ ਚੁੱਕੀ ਹੈ, ਜਿਨ੍ਹਾਂ ਵਿੱਚੋਂ 85 ਮਾਹਿਰ ਡਾਕਟਰਾਂ ਵੱਲੋਂ ਜੁਆਇਨ ਕੀਤਾ ਜਾ ਚੁੱਕਾ ਹੈ। ਖਾਲੀ ਸਪੈਸ਼ਲਿਸਟ ਪੋਸਟਾਂ ਵਾਸਤੇ ਵਾਕ-ਇੰਨ-ਇੰਟਰਵਿਊ 2 ਅਤੇ 3 ਮਾਰਚ, 2019 ਦੀ ਰੱਖੀ ਗਈ ਹੈ। ਜਲਦੀ ਹੀ ਇਹ ਪੋਸਟਾਂ ਭਰ ਲਈਆਂ ਜਾਣਗੀਆਂ। ਹਲਕਾ ਮੌੜ ਵਿਖੇ ਮੈਡੀਕਲ ਅਫ਼ਸਰ (ਜਨਰਲ) ਦੀਆਂ 04 ਆਸਾਮੀਆਂ ਖਾਲੀ ਹਨ। ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਰਾਹੀਂ 306 ਮੈਡੀਕਲ ਅਫ਼ਸਰ (ਜਨਰਲ) ਦੀਆਂ ਆਸਾਮੀਆਂ ਦੀ ਭਰਤੀ ਕੀਤੀ ਗਈ ਹੈ, ਜਿਨ੍ਹਾਂ ਵਿੱਚੋਂ 255 ਮੈਡੀਕਲ ਅਫ਼ਸਰ ਜੁਆਇਨ ਕਰ ਚੁੱਕੇ ਹਨ। ਮੈਡੀਕਲ ਅਫ਼ਸਰ (ਜਨਰਲ) ਦੀਆਂ 175 ਖਾਲੀ ਆਸਾਮੀਆਂ ਨੂੰ ਭਰਨ ਸਬੰਧੀ ਤਜਵੀਜ਼ ਮੰਤਰੀ ਮੰਡਲ ਪਾਸੋਂ ਪ੍ਰਵਾਨਗੀ ਪ੍ਰਾਪਤ ਕਰਨ ਉਪਰੰਤ ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ਭੇਜੀ ਜਾਵੇਗੀ।

ਸਟਾਫ਼ ਨਰਸਾਂ ਦੀ ਭਰਤੀ ਦੀ ਪ੍ਰਕਿਰਿਆ ਚੱਲ ਰਹੀ ਹੈ। 313 ਸਟਾਫ ਨਰਸਾਂ ਦੀ ਕਾਊਂਸਲਿੰਗ ਹੋ ਚੁੱਕੀ ਹੈ ਅਤੇ ਇੱਕ ਮਹੀਨੇ ਦੇ ਅੰਦਰ-ਅੰਦਰ ਜੁਆਇਨ ਕਰ ਲਿਆ ਜਾਵੇਗਾ। ਬਾਕੀ ਕੈਟਾਗਰੀਆਂ ਵੀ ਜਲਦੀ ਹੀ ਭਰਤੀ ਅਤੇ ਬਦਲੀ ਦੀ ਪ੍ਰਕਿਰਿਆ ਰਾਹੀਂ ਭਰ ਲਈਆਂ ਜਾਣਗੀਆਂ।

## ਗਊ ਸੈੱਸ ਦੀ ਵਸੂਲੀ ਉਪਰੰਤ ਉਪਰਾਲੇ

***1831. 1. ਸ਼੍ਰੀ ਸੰਜੀਵ ਤਲਵਾੜ**
**2. ਡਾਕਟਰ ਹਰਜੋਤ ਕਮਲ ਸਿੰਘ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਵੱਲੋਂ ਕਈ ਚੀਜ਼ਾਂ ਤੇ ਗਊ ਸੈੱਸ ਲਗਾ ਕੇ ਉਸ ਦੀ ਵਸੂਲੀ ਕੀਤੀ ਜਾ ਰਹੀ ਹੈ ਜਿਹੜੀ ਕਿ ਸਾਲ ਦੀ ਕਰੋੜਾਂ ਰੁਪਏ ਬਣਦੀ ਹੈ ਪਰ ਗਊ ਸੈੱਸ ਲੱਗਣ ਦੇ ਬਾਵਜੂਦ ਪਸ਼ੂ ਸੜਕਾਂ ਤੇ ਖੁੱਲ੍ਹੇਆਮ ਘੁੰਮ ਰਹੇ ਹਨ ਅਤੇ ਰੋਜ਼ਾਨਾ ਹੀ ਕਈ ਹਾਦਸੇ ਹੁੰਦੇ ਹਨ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਵੱਲੋਂ ਕਰੋੜਾਂ ਰੁਪਏ ਦਾ ਟੈਕਸ ਗਊ ਸੈੱਸ ਦੇ ਰੂਪ ਵਿੱਚ ਲੈਣ ਤੋਂ ਬਾਅਦ ਵੀ ਸੜਕਾਂ ਤੇ ਘੁੰਮ ਰਹੇ ਪਸ਼ੂਆਂ ਨੂੰ ਫੜ੍ਹ ਕੇ ਖੁੱਲ੍ਹੀਆਂ ਥਾਵਾਂ ਵਿੱਚ ਰੱਖਣ ਲਈ ਕਿਹੜੇ-ਕਿਹੜੇ ਉਪਰਾਲੇ ਕੀਤੇ ਜਾ ਰਹੇ ਹਨ?

**ਸਰਦਾਰ ਨਵਜੋਤ ਸਿੰਘ ਸਿੱਧੂ :** ਹਾਂ ਜੀ। ਵਰਣਿਤ ਮਸਲੇ ਨੂੰ ਨਜਿੱਠਣ ਲਈ ਪੰਜਾਬ ਰਾਜ ਵਿੱਚ ਸਾਰੇ 10 ਨਗਰ ਨਿਗਮਾਂ ਅਤੇ 157 ਨਗਰ ਕੌਂਸਲਾਂ/ਨਗਰ ਪੰਚਾਇਤਾਂ ਵਿੱਚੋਂ 96 ਨਗਰ ਕੌਂਸਲਾਂ/ਨਗਰ ਪੰਚਾਇਤਾਂ ਵੱਲੋਂ ਕੁਝ ਵਸਤੂਆਂ ਤੇ cow cess ਵਸੂਲ ਕੀਤਾ ਜਾ ਰਿਹਾ ਹੈ। ਜਦੋਂ ਬਾਕੀ ਰਹਿੰਦੀਆਂ 61 ਨਗਰ ਕੌਂਸਲਾਂ/ਨਗਰ ਪੰਚਾਇਤਾਂ ਵੱਲੋਂ cow cess ਦੇ ਨੋਟੀਫਿਕੇਸ਼ਨ ਜਾਰੀ ਹੋਣ ਤੇ cow cess ਵਸੂਲਣਾ ਸ਼ੁਰੂ ਹੋ ਜਾਵੇਗਾ ਤਾਂ ਪੰਜਾਬ ਰਾਜ ਦੇ ਸ਼ਹਿਰਾਂ ਵਿੱਚ ਇਸ ਸਮੱਸਿਆ ਨੂੰ ਕਾਫੀ ਹੱਦ ਤੱਕ ਕਾਬੂ ਕਰ ਲਿਆ ਜਾਵੇਗਾ। ਸਾਲ 2015 ਤੋਂ 2018 ਤੱਕ ਲਗਭਗ 16.88 ਕਰੋੜ ਰੁਪਏ cow cess ਦੀ ਰਕਮ ਇਕੱਠੀ ਹੋਈ ਹੈ, ਜਿਸ ਵਿੱਚੋਂ ਲਗਭਗ 8.29 ਕਰੋੜ ਰੁਪਏ ਦੀ ਰਕਮ ਗਊਸ਼ਾਲਾਵਾਂ ਨੂੰ ਚਾਰਾ, cow shed ਅਤੇ ਗਊਸ਼ਾਲਾਵਾਂ ਦੀ ਰੱਖ-ਰਖਾਵ ਆਦਿ ਲਈ ਦਿੱਤੀ ਗਈ ਹੈ। ਨਗਰ ਨਿਗਮਾਂ/ਨਗਰ ਕੌਂਸਲਾਂ/ਨਗਰ ਪੰਚਾਇਤਾਂ ਵੱਲੋਂ ਸਮੇਂ-ਸਮੇਂ ਤੇ ਅਵਾਰਾ ਘੁੰਮਦੇ ਪਸ਼ੂਆਂ ਨੂੰ ਫੜ੍ਹ ਕੇ ਇਨ੍ਹਾਂ ਗਊਸ਼ਾਲਾਵਾਂ ਵਿੱਚ ਭੇਜਿਆ ਜਾਂਦਾ ਹੈ।

ਸਥਾਨਕ ਸਰਕਾਰ ਵੱਲੋਂ ਆਵਾਰਾ ਪਸ਼ੂਆਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਦੀ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ ਐਂਡ ਮਿਉਂਸਿਪਲ (ਰਜਿਸਟਰੇਸ਼ਨ, proper control of stray animal and compensation to the victim of animal attack) Draft Bylaws, 2017 ਬਣਾਏ ਗਏ ਹਨ, ਜੋ ਕਿ ਨਗਰ ਨਿਗਮਾਂ/ਨਗਰ ਕੌਂਸਲਾਂ/ਨਗਰ ਪੰਚਾਇਤਾਂ ਵੱਲੋਂ ਇਨ੍ਹਾਂ Draft Bylaws ਨੂੰ ਆਪਣੀ-ਆਪਣੀ ਸੁਵਿਧਾ ਅਨੁਸਾਰ ਬਦਲਾਅ ਕਰਕੇ ਸਰਕਾਰ ਪਾਸੋਂ ਨੋਟੀਫਾਈ ਕਰਾਉਣ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ।

[ਸਥਾਨਕ ਸਰਕਾਰ ਮੰਤਰੀ]

ਪੰਜਾਬ ਸਰਕਾਰ ਵੱਲੋਂ ਪ੍ਰਤੀ ਜ਼ਿਲ੍ਹਾ ਲਗਭਗ 2000 ਅਵਾਰਾ ਜਾਨਵਰਾਂ ਦੀ ਸਾਂਭ-ਸੰਭਾਲ ਕਰਨ ਲਈ ਘੱਟੋ-ਘੱਟ 25 ਏਕੜ ਪੰਚਾਇਤੀ ਜ਼ਮੀਨ ਦੀ ਪਛਾਣ ਕਰਕੇ ਹਰ ਜ਼ਿਲ੍ਹੇ ਵਿੱਚ cattle ponds ਦੀ ਸਥਾਪਨਾ ਕੀਤੀ ਗਈ ਹੈ। ਸਮੂਹ ਜ਼ਿਲ੍ਹਿਆਂ ਵਿੱਚ ਸਥਾਪਿਤ ਕੀਤੇ ਗਏ cattle ponds ਵਿੱਚ 37.66 ਕਰੋੜ ਰੁਪਏ ਖਰਚੇ ਜਾ ਚੁੱਕੇ ਹਨ। ਇਨ੍ਹਾਂ ਵਿੱਚ ਮੌਜੂਦਾ ਸਮੇਂ 10,593 ਗਊਧਨ ਦੀ ਸਾਂਭ-ਸੰਭਾਲ ਕੀਤੀ ਜਾ ਰਹੀ ਹੈ।

ਇਸ ਤੋਂ ਇਲਾਵਾ ਇਸ ਸਮੇਂ ਰਾਜ ਵਿੱਚ ਪੰਜਾਬ ਗਊ ਸੇਵਾ ਕਮਿਸ਼ਨ ਨਾਲ 418 ਗਊਸ਼ਾਲਾਵਾਂ ਰਜਿਸਟਰਡ ਹਨ। ਇਨ੍ਹਾਂ ਗਊਸ਼ਾਲਾਵਾਂ ਵਿੱਚ ਲਗਭਗ 1.71 ਲੱਖ ਗਊਧਨ ਦੀ ਸਾਂਭ-ਸੰਭਾਲ ਕੀਤੀ ਜਾ ਰਹੀ ਹੈ।

ਪੰਜਾਬ ਰਾਜ ਵਿੱਚ ਗਊ ਚਰਾਂਦਾਂ ਦੇ ਲਈ ਲਗਭਗ 70,000 ਏਕੜ ਤੋਂ ਵੱਧ ਜਗ੍ਹਾ ਰਾਖਵੀਂ ਸੀ, ਜੋ ਹੁਣ ਨਜਾਇਜ਼ ਕਬਜ਼ਿਆਂ ਜਾਂ ਹੋਰ ਕਾਰਨਾਂ ਕਰਕੇ ਨਾਮਾਤਰ ਰਹਿ ਗਈ ਹੈ। ਇਸ ਸਮੱਸਿਆ ਦਾ ਪੱਕਾ ਹੱਲ ਲੱਭਣ ਲਈ ਮਾਨਯੋਗ ਮੁੱਖ ਮੰਤਰੀ ਸਾਹਿਬ/ਸਬੰਧਿਤ ਵਿਭਾਗ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗਊ-ਚਰਾਂਦ ਜਾਂ ਗਊ ਦੇ ਚਰਨ ਨਾਲ ਸਬੰਧਿਤ ਜਗ੍ਹਾਵਾਂ ਲਈ ਰਾਖਵੀਂ ਜਗ੍ਹਾ ਕਬਜ਼ਾ ਮੁਕਤ ਕਰਵਾ ਕੇ ਗਊ ਹਿਤ ਦੇ ਮੰਤਵ ਲਈ ਵਰਤਣ ਲਈ ਦੇਣ ਬਾਰੇ ਵਿਚਾਰ ਲਿਆ ਜਾਵੇ।

---

## ਸ਼ਗਨ ਸਕੀਮ ਦੀ ਰਾਸ਼ੀ ਨੂੰ ਵਧਾਉਣਾ

***2007. ਸਰਦਾਰ ਬਿਕਰਮ ਸਿੰਘ ਮਜੀਠੀਆ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸ਼ਗਨ ਸਕੀਮ ਦੀ ਰਾਸ਼ੀ ਨੂੰ 21,000/- ਰੁਪਏ ਤੋਂ ਵਧਾ ਕੇ 51,000/- ਰੁਪਏ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਕਰ ਦਿੱਤੀ ਜਾਵੇਗੀ?

**ਸਰਦਾਰ ਸਾਧੂ ਸਿੰਘ :** ਸਰਕਾਰ ਵੱਲੋਂ ਮਿਤੀ 1.7.2017 ਤੋਂ ਸ਼ਗਨ (ਹੁਣ ਆਸ਼ੀਰਵਾਦ) ਦੀ ਰਾਸ਼ੀ 15,000/- ਰੁਪਏ ਤੋਂ ਵਧਾ ਕੇ 21,000/- ਰੁਪਏ ਪ੍ਰਤੀ ਲਾਭਪਾਤਰੀ ਕਰ ਦਿੱਤੀ ਗਈ ਹੈ। ਇਸ ਰਾਸ਼ੀ ਨੂੰ 51,000/- ਰੁਪਏ ਤੱਕ ਵਧਾਉਣ ਸਬੰਧੀ ਮਾਮਲਾ ਕਾਰਵਾਈ ਅਧੀਨ ਹੈ।

---

## ਪਿੰਡ ਗੁਨਾਚੌਰ ਦਾ ਵਾਟਰ ਵਰਕਸ ਮੁੜ ਚਾਲੂ ਕਰਨਾ

***1995. ਡਾਕਟਰ ਸੁਖਵਿੰਦਰ ਕੁਮਾਰ** : ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਬੰਗਾ ਦੇ ਪਿੰਡ ਗੁਨਾਚੌਰ ਦਾ ਵਾਟਰ ਵਰਕਸ ਜੋ ਪਿਛਲੇ 6 ਮਹੀਨੇ ਤੋਂ ਖਰਾਬ ਪਿਆ ਹੈ, ਨੂੰ ਠੀਕ ਕਰਕੇ ਮੁੜ ਤੋਂ ਕਦੋਂ ਤੱਕ ਚਾਲੂ ਕਰ ਦਿੱਤਾ ਜਾਵੇਗਾ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** ਵਿਧਾਨ ਸਭਾ ਹਲਕਾ ਬੰਗਾ ਦੇ ਪਿੰਡ ਗੁਨਾਚੌਰ ਨੂੰ ਦੋ ਜਲ ਘਰਾਂ ਰਾਹੀਂ ਪੀਣ ਵਾਲੇ ਪਾਣੀ ਦੀ ਨਿਰਵਿਘਨ ਸਪਲਾਈ ਦਿੱਤੀ ਜਾ ਰਹੀ ਹੈ। ਇਨ੍ਹਾਂ ਵਿੱਚੋਂ ਇੱਕ ਜਲ ਘਰ ਦਾ ਟਿਊਬਵੈੱਲ ਜੋ ਸਾਲ 1990 ਵਿੱਚ ਲਗਾਇਆ ਗਿਆ ਸੀ, ਜਿਸ ਦੀ ਮਿਆਦ ਪੂਰੀ ਹੋ ਚੁੱਕੀ ਹੈ, ਇਥੇ ਨਵਾਂ ਟਿਊਬਵੈੱਲ ਲਗਵਾਉਣ ਦਾ ਕੇਸ Department Committee for evaluation of failed tubewells ਵੱਲੋਂ ਪ੍ਰਵਾਨ ਕੀਤਾ ਜਾ ਚੁੱਕਾ ਹੈ ਜੋ ਕਿ ਮਿਤੀ 30.9.2019 ਤੱਕ ਲਗਾ ਦਿੱਤਾ ਜਾਵੇਗਾ।

---

## ਰਾਜ ਦੇ ਵੱਡੇ ਸ਼ਹਿਰਾਂ ਨੂੰ ਨਹਿਰੀ ਪਾਣੀ ਸਪਲਾਈ ਕਰਵਾਉਣਾ

***1714. 1. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ**
**2. ਸਰਦਾਰ ਹਰਦਿਆਲ ਸਿੰਘ ਕੰਬੋਜ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਰਾਜ ਅੰਦਰ ਧਰਤੀ ਹੇਠਲਾ ਪਾਣੀ ਬਹੁਤ ਡੂੰਘਾ ਹੋਣ ਦੇ ਮੱਦੇਨਜ਼ਰ ਰਾਜ ਦੇ ਵੱਡੇ ਸ਼ਹਿਰਾਂ ਜਿਵੇਂ ਸ੍ਰੀ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਬਠਿੰਡਾ ਆਦਿ ਨੂੰ ਨਹਿਰੀ ਪਾਣੀ ਸਪਲਾਈ ਕਰਵਾਉਣ ਦੀ ਕਿਸੇ ਤਜਵੀਜ਼ ਤੇ ਸਰਕਾਰ ਵਿਚਾਰ ਕਰ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ਇਨ੍ਹਾਂ ਸ਼ਹਿਰਾਂ ਨੂੰ ਨਹਿਰੀ ਪਾਣੀ ਸਪਲਾਈ ਕਰਵਾ ਦਿੱਤਾ ਜਾਵੇਗਾ?

(ਅ) ਜੇਕਰ ਉਪਰੋਕਤ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਇਨ੍ਹਾਂ ਸ਼ਹਿਰਾਂ ਵਾਸਤੇ ਕਿਹੜੇ-ਕਿਹੜੇ ਦਰਿਆ ਤੋਂ ਪਾਣੀ ਲਿਆਉਣ ਦੀ ਤਜਵੀਜ਼ ਹੈ ਅਤੇ ਇਸ ਪ੍ਰਾਜੈਕਟ ਤੇ ਕਿੰਨਾ ਖਰਚਾ ਕਰਕੇ ਇਸ ਪ੍ਰਾਜੈਕਟ ਨੂੰ ਕਦੋਂ ਤੱਕ ਪੂਰਾ ਕਰਨ ਦਾ ਟੀਚਾ ਮਿੱਥਿਆ ਗਿਆ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ :** (ੳ) ਇਹ ਠੀਕ ਹੈ ਕਿ ਪਾਣੀ ਦਾ ਪੱਧਰ ਦਿਨ ਬਦਿਨ ਘਟਣ ਕਾਰਨ ਅਤੇ ਦੂਸ਼ਿਤ ਪਾਣੀ ਹੋ ਜਾਣ ਕਾਰਨ ਚਾਰ ਵੱਡੇ ਸ਼ਹਿਰਾਂ ਵਿੱਚ ਜਿਵੇਂ ਸ੍ਰੀ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਪਟਿਆਲਾ ਵਿਖੇ

[ਸਥਾਨਕ ਸਰਕਾਰ ਮੰਤਰੀ]

ਨਹਿਰੀ ਪਾਣੀ ਸਪਲਾਈ ਦੇਣ ਦਾ ਫੈਸਲਾ ਕੀਤਾ ਗਿਆ ਹੈ। ਬਠਿੰਡਾ ਸ਼ਹਿਰ ਵਿਖੇ ਪਹਿਲਾਂ ਹੀ ਨਹਿਰੀ ਪਾਣੀ ਰਾਹੀਂ ਪੀਣ ਵਾਲਾ ਪਾਣੀ ਸ਼ਹਿਰੀਆਂ ਨੂੰ ਮੁਹੱਈਆ ਕੀਤਾ ਜਾ ਰਿਹਾ ਹੈ। ਇਨ੍ਹਾਂ ਚਾਰਾਂ ਸ਼ਹਿਰਾਂ ਵਿੱਚ ਇਨ੍ਹਾਂ ਪ੍ਰੋਜੈਕਟਾਂ ਨੂੰ ਲਗਾਉਣ ਵਾਸਤੇ Department of Economic Affairs, Ministry of Finance, Govt. of India ਵੱਲੋਂ World Bank/Asian Development Bank ਨੂੰ ਕਰਜ਼ਾ ਦੇਣ ਵਾਸਤੇ ਕਿਹਾ ਗਿਆ ਹੈ। ਤਕਰੀਬਨ 6 ਮਹੀਨੇ ਦੇ ਅੰਦਰ ਇਨ੍ਹਾਂ ਪ੍ਰੋਜੈਕਟਾਂ ਤੇ ਕੰਮ ਸ਼ੁਰੂ ਹੋਣ ਦੀ ਆਸ ਹੈ।

(ਅ) ਇਨ੍ਹਾਂ ਸ਼ਹਿਰਾਂ ਵਾਸਤੇ ਦਰਿਆ ਤੋਂ ਪਾਣੀ ਲੈਣ ਦਾ ਵੇਰਵਾ, ਅਨੁਮਾਨ ਲਾਗਤ ਅਤੇ ਮੁਕੰਮਲ ਕਰਨ ਦਾ ਸਮਾਂ ਹੇਠ ਲਿਖੇ ਅਨੁਸਾਰ ਹੈ :

| ਲੜੀ ਨੰ: | ਸ਼ਹਿਰ | ਦਰਿਆ/ਨਹਿਰ | ਪ੍ਰੋਜੈਕਟ ਦੀ ਅਨੁਮਾਨਤ ਲਾਗਤ | ਪ੍ਰੋਜੈਕਟ ਮੁਕੰਮਲ ਕਰਨ ਦਾ ਸਮਾਂ |
|---|---|---|---|---|
| 1) | ਸ੍ਰੀ ਅੰਮ੍ਰਿਤਸਰ | ਰਾਵੀ (ਯੂ.ਬੀ.ਡੀ.ਸੀ. ਨਹਿਰ ਰਾਹੀਂ) | 1339.24 ਕਰੋੜ ਰੁਪਏ | ਤਕਰੀਬਨ 3 ਸਾਲ |
| 2) | ਜਲੰਧਰ | ਸਤਲੁਜ (ਜਲੰਧਰ ਸਿੰਚਾਈ ਨਹਿਰ ਰਾਹੀਂ) | 1398.42 ਕਰੋੜ ਰੁਪਏ | ਤਕਰੀਬਨ 3 ਸਾਲ |
| 3) | ਲੁਧਿਆਣਾ | ਸਤਲੁਜ (ਸਿਧਵਾਂ ਨਹਿਰ ਰਾਹੀਂ) | 1468.86 ਕਰੋੜ ਰੁਪਏ | ਤਕਰੀਬਨ 3 ਸਾਲ |
| 4) | ਪਟਿਆਲਾ | ਸਤਲੁਜ (ਭਾਖੜਾ ਨਹਿਰ ਰਾਹੀਂ) | 699.00 ਕਰੋੜ ਰੁਪਏ | ਤਕਰੀਬਨ 3 ਸਾਲ |

## MATTERS RAISED DURING ZERO HOUR

(ਇਸ ਸਮੇਂ ਕੁਝ ਮੈਂਬਰ ਖੜ੍ਹੇ ਹੋ ਕੇ ਜ਼ੀਰੋ ਆਵਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਸਾਰਿਆਂ ਨੂੰ ਸਮਾਂ ਨਹੀਂ ਮਿਲਣਾ, ਤਮਾਮ ਸਾਰੇ ਮੈਂਬਰਾਂ ਨੂੰ ਨਹੀਂ ਮਿਲਣਾ। ਸਾਰਿਆਂ ਨੂੰ ਨਹੀਂ ਮਿਲਣਾ। ਹਾਂ ਜੀ, ਸ਼੍ਰੀ ਅਮਨ ਜੀ ....(ਵਿਘਨ)....

**ਸ਼੍ਰੀ ਅਮਨ ਅਰੋੜਾ :** ਸਰ, ਬਹੁਤ-ਬਹੁਤ ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਦਨ ਦਾ ਅਤੇ ਸਰਕਾਰ ਦਾ ਧਿਆਨ ਇੱਕ ਬਹੁਤ ਹੀ ਇੰਪਾਰਟੈਂਟ ਇਸ਼ੂ ਵੱਲ ਦਿਵਾਉਣਾ ਚਾਹੁੰਦਾ ਹਾਂ। ਸਰ, ਇਸ ਤਰ੍ਹਾਂ ਹੈ ਕਿ ਪਿਛਲੇ ਸੈਸ਼ਨ ਦੇ

ਦੌਰਾਨ ਵੀ ਮੈਂ ਇੱਕ ਇਸ਼ੂ ਉਠਾਇਆ ਸੀ ਕਿ ਜਿਹੜੀ ਅੱਜਕਲ੍ਹ noise pollution ਹੋ ਰਹੀ ਹੈ, ਚਾਹੇ ਉਹ religious places ਹਨ, ਚਾਹੇ marriage palaces ਵਿੱਚ ਡੀ.ਜੇ. ਰਾਹੀਂ ਹੈ, ਉਦੋਂ ਸਾਰਿਆਂ ਨੇ ਉਸ ਇਸ਼ੂ ਨੂੰ ਐਪਰੀਸ਼ੀਏਟ ਵੀ ਕੀਤਾ ਸੀ ਅਤੇ ਸੀ.ਐਮ. ਸਾਹਿਬ ਨੇ ਇੱਕ ਆਲ ਪਾਰਟੀ ਕਮੇਟੀ ਬਣਾਉਣ ਦੀ ਗੱਲ ਕੀਤੀ ਸੀ। ਸਰ, ਅੱਜ ਸਾਲ ਹੋ ਗਿਆ ਹੈ। ਮੇਰੀ ਬੇਨਤੀ ਇਹ ਹੈ ਕਿ ਦੁਬਾਰਾ ਬੱਚਿਆਂ ਦੇ ਪੇਪਰ ਆ ਗਏ ਹਨ। ਸੀ.ਐਮ. ਸਾਹਿਬ ਨੇ ਜੋ ਅਨਾਊਂਸ ਕੀਤਾ ਸੀ, ਉਹ ਵੀ ਮੇਰੇ ਕੋਲ ਹੈ। ਸ੍ਰੀ ਅਕਾਲ ਤਖਤ ਦੇ ਸਣੇ ਪੰਜੇ ਪਵਿੱਤਰ ਤਖਤ ਸਾਹਿਬਾਨਾਂ ਨੇ ਤਿੰਨ ਵਾਰੀ ਆਰਡਰ ਕੀਤੇ ਹਨ ਕਿ ਅਵਾਜ਼ religious places ਦੇ premises ਵਿੱਚ ਰਹਿਣੀ ਚਾਹੀਦੀ ਹੈ। ਉਹ ਤਿੰਨ ਲੈਟਰ ਵੀ ਮੇਰੇ ਕੋਲ ਹਨ। ਸਰ, ਇਸੇ ਤਰੀਕੇ ਦਾ ਮੁੰਬਈ ਵਿੱਚ ਇੱਕ ਬਹੁਤ appreciable order ਕੀਤਾ ਸੀ, ਇੱਕ ਗੁਰਦੁਆਰਾ ਸਾਹਿਬ ਨੇ ਆਪਣੇ devotees ਨੂੰ 10,000 ਹੈੱਡ ਫੋਨ ਵੰਡੇ ਸਨ ਤਾਂ ਕਿ noise pollution ਨਾ ਹੋ ਸਕੇ। ਸਰ, ਸੁਪਰੀਮ ਕੋਰਟ ਦੇ ਆਰਡਰ ਵੀ ਇਸ ਬਾਰੇ ਹੋਏ ਹਨ। ਸਰ, ਮੇਰੀ ਸਿਰਫ਼ ਔਰ ਸਿਰਫ਼ ਤੁਹਾਡੇ ਰਾਹੀਂ ਸਰਕਾਰ ਨੂੰ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਇਹ ਬੱਚਿਆਂ ਦੇ ਭਵਿੱਖ ਦਾ ਸਵਾਲ ਹੈ। ਉਨ੍ਹਾਂ ਦੇ ਪੇਪਰ ਸਿਰ ਤੇ ਹਨ। ਸਾਲ ਪਹਿਲਾਂ ਸੀ.ਐਮ. ਸਾਹਿਬ ਵੱਲੋਂ ਅਨਾਊਂਸਮੈਂਟ ਹੋਈ ਸੀ ਪਰ ਅਜੇ ਤੱਕ ਉਸ ਬਾਰੇ ਡੱਕਾ ਨਹੀਂ ਤੋੜਿਆ ਗਿਆ, ਕੱਖ ਨਹੀਂ ਕੀਤਾ ਗਿਆ। ਸਰਕਾਰ ਨੂੰ ਬੇਨਤੀ ਹੈ ਕਿ ਇਸ ਬਾਰੇ ਜ਼ਰੂਰ ਕਦਮ ਚੁੱਕੇ ਜਾਣ।

**ਮਾਨਯੋਗ ਸਪੀਕਰ :** ਥੈਂਕ ਯੂ, ਅਮਨ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਇੱਕ ਗੱਲ ਲਿਆਉਣਾ ਚਾਹੁੰਦੀ ਹਾਂ....

**ਮਾਨਯੋਗ ਸਪੀਕਰ :** ਬੈਠੋ ਜ਼ਰਾ, ਜ਼ਰਾ ਬੈਠੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੈਂ ਬੜਾ ਧੰਨਵਾਦੀ ਹਾਂ। ਮੈਂ ਸਰਕਾਰ ਦਾ ਧਿਆਨ ਇੱਕ ਬਹੁਤ ਹੀ ਅਹਿਮ ਤੇ ਜ਼ਰੂਰੀ ਮੁੱਦੇ ਤੇ ਲਿਆਉਣਾ ਚਾਹੁੰਦਾ ਹਾਂ which concerns ਕਿ ਜਿਹੜਾ ਸਾਡਾ ਐਸ.ਸੀ. ਭਾਈਚਾਰਾ, ਬੀ.ਸੀ. ਭਾਈਚਾਰਾ, ਬੀ.ਪੀ.ਐਲ. ਭਾਈਚਾਰੇ ਨਾਲ ਸਬੰਧਿਤ ਉਨ੍ਹਾਂ ਗਰੀਬ ਬੱਚਿਆਂ ਨਾਲ, ਜਿਨ੍ਹਾਂ 12 ਲੱਖ ਬੱਚਿਆਂ ਨੂੰ ਅੱਜ ਤੱਕ ਯੂਨੀਫਾਰਮ ਨਹੀਂ ਦਿੱਤੀ ਗਈ, ਸਪੀਕਰ ਸਾਹਿਬ, ਸੈਸ਼ਨ ਖ਼ਤਮ ਹੋਣ ਨੂੰ ਆਇਆ ਹੈ। ਤੁਸੀਂ ਹਾਊਸ ਦੇ ਅੰਦਰ ਝਾਤੀ ਮਾਰ ਕੇ ਵੇਖੋ, we all are wearing warm clothes. ਸਾਰਿਆਂ ਨੇ ਗਰਮ ਕੱਪੜੇ ਪਾਏ ਹੋਏ ਹਨ। Freezing temperature ਵਿੱਚ ਜਿਹੜਾ insensitive callous

attitude, ਦੁਖਦਾਈ ਅਤੇ ਬਿਲਕੁਲ inhuman attitude ਜਿਹੜਾ ਸਰਕਾਰ ਨੇ ਸਕੂਲੀ ਬੱਚਿਆਂ ਪ੍ਰਤੀ ਅਪਣਾਇਆ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ, ਜਦੋਂ ਸੈਸ਼ਨ ਸ਼ੁਰੂ ਹੋਇਆ ਹੈ ਉਦੋਂ ਖ਼ਬਰਾਂ ਲੱਗੀਆਂ ਹਨ – Students await uniforms as winter sets in. ਇਹ ਨਵੰਬਰ ਦੀ ਖ਼ਬਰ ਹੈ। ਤੁਸੀਂ ਹੈਰਾਨ ਹੋ ਜਾਵੋਗੇ ਫਿਰ ਖ਼ਬਰ ਲਗਦੀ ਹੈ ਕਿ Cold wave sweeps Punjab but 12 lakh students await winter uniform. ਇਸ ਵਿੱਚ ਐਜੂਕੇਸ਼ਨ ਮਨਿਸਟਰ ਸਾਹਿਬ ਦਾ ਜਵਾਬ ਮੰਗਿਆ ਗਿਆ। ਐਜੂਕੇਸ਼ਨ ਮਨਿਸਟਰ ਸਾਹਿਬ ਦਾ ਜਵਾਬ ਆਇਆ ਕਿ ਅਸੀਂ winter uniform ਦੀ ਰਾਸ਼ੀ ਵਧਾ ਕੇ 400/– ਤੋਂ 600/– ਕਰ ਦਿੱਤੀ ਹੈ। ਤੁਸੀਂ 600/– ਕਰ ਦਿਓ, ਕਿਤਾਬਾਂ ਵਿੱਚ 1000/– ਕਰ ਦਿਓ, 2000/– ਕਰ ਦਿਓ ਪਰ ਦਿੱਤੀ ਤਾਂ ਨਹੀਂ। ਫਿਰ ਖਬਰ ਲਗਦੀ ਹੈ, Session about to end, department clueless on winter uniform. Ministry of Human Resourses ਨੇ ਆਪਣੇ ਫੰਡਜ਼ ਰਿਲੀਜ਼ ਕਰ ਦਿੱਤੇ। ਸਰਕਾਰ ਉਹ ਪੈਸੇ ਵੀ ਖਾ ਗਈ। ਸਾਡੀ future generation, ਬੱਚਿਆਂ ਨਾਲ, ਗਰੀਬ ਘਰਾਂ ਦੇ ਬੱਚਿਆਂ ਨਾਲ, ਬੈਕਵਰਡ ਬੀ.ਪੀ.ਐਲ. ਕਲਾਸ ਦੇ ਬੱਚਿਆਂ ਨਾਲ ਬੇਦਰਦੀ ਵਰਗਾ ਜਿਹੜਾ ਐਟੀਚਿਊਡ ਅਡਾਪਟ ਕੀਤਾ ਜਾ ਰਿਹਾ ਹੈ, ਸਪੀਕਰ ਸਾਹਿਬ, ਮੈਂ ਸਰਕਾਰ ਨੂੰ, ਖਜ਼ਾਨਾ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਸਾਲ ਸਾਰਾ ਹੀ ਲੰਘ ਗਿਆ ਹੈ। ਸ਼੍ਰੀ ਪ੍ਰਸ਼ਾਂਤ ਗੋਇਲ, ਡੀ.ਜੀ.ਐਸ.ਈ. ਨੂੰ ਪੁੱਛਿਆ ਗਿਆ, ਉਹ ਕਹਿੰਦੇ ਹਨ, We will place the order soon ....

**ਮਾਨਯੋਗ ਸਪੀਕਰ :** ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਮੈਂ ਲਾਸਟ ਗੱਲ ਕਹਿ ਰਿਹਾ ਹਾਂ, this is last thing. He said, however, the students will not get the uniforms this winter as the process may take one or two months. Speaker Sahib, by the time we get the formalities done, the session will be over.

**ਮਾਨਯੋਗ ਸਪੀਕਰ :** ਮਜੀਠੀਆ ਜੀ, ਇੱਕ ਸੈਕਿੰਡ ...

**ਸਰਦਾਰ ਬਿਕਰਮ ਸਿੰਘ ਮਜੀਠੀਆ :** ਮੇਰੀ ਲਾਸਟ ਗੱਲ ਹੈ ਜੀ।

**ਮਾਨਯੋਗ ਸਪੀਕਰ :** ਤੁਸੀਂ ਬਜਟ ਤੇ ਬਹਿਸ ਕਰਨੀ ਹੈ, ਜੋ ਮਰਜ਼ੀ ਬੋਲ ਲੈਣਾ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਆਪਾਂ ਸਾਰੇ ਗਰਮ ਕੱਪੜਿਆਂ ਵਿੱਚ ਬੈਠੇ ਹਾਂ। ਅੰਦਰ ਹੀਟਰ ਵੀ ਲੱਗਿਆ ਹੈ ....

**ਮਾਨਯੋਗ ਸਪੀਕਰ :** ਬਿਲਕੁਲ ਜੀ। ਤੁਹਾਡੀ ਗੱਲ ਆ ਗਈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਮੇਰੀ ਬੇਨਤੀ ਹੈ ਕਿ ਜੇਕਰ ਸਰਕਾਰ ਕੁਝ ਕਰਨਾ ਨਹੀਂ ਚਾਹੁੰਦੀ ਤਾਂ ਮੈਂ ਇੱਕ ਰਿਕੁਐਸਟ ਰੱਖਦਾ ਹਾਂ। ਪਿਛਲੀ ਵਾਰ ਪਿੰਕੀ ਜੀ ਨੇ ਰਿਕੁਐਸਟ ਰੱਖੀ ਸੀ ਅਤੇ ਅਸੀਂ ਸਾਰਿਆਂ ਨੇ ਸਵਾਗਤ ਕੀਤਾ ਸੀ। ਇੱਕ ਮਹੀਨੇ ਦੀ ਸੈਲਰੀ ਸਾਰੇ ਐਮ.ਐਲ.ਏ. ਸਾਹਿਬਾਨ ਬੱਚਿਆਂ ਲਈ ਦੇਣ ਲਈ ਤਿਆਰ ਹਨ।

**ਮਾਨਯੋਗ ਸਪੀਕਰ :** ਤੁਹਾਡੀ ਗੱਲ ਆ ਗਈ। ਮਾਣੂਕੇ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਪੀਕਰ ਸਾਹਿਬ, ਮੈਂ ਸਦਨ ਦਾ ਧਿਆਨ ਗਰੈਂਡ ਮੈਨੋਰਜ ਹੋਮ, ਲੁਧਿਆਣਾ ਵੱਲ ਲਿਆਉਣਾ ਚਾਹੁੰਦੀ ਹਾਂ ਜਿਸ ਬਾਰੇ ਡੀ.ਸੀ. ਨੇ ਆਪਣੇ ਲੈਵਲ ਦੀ ਰਿਪੋਰਟ ਵਿੱਚ ਦੱਸਿਆ ਹੈ ਕਿ ਇਸ ਗਰੈਂਡ ਮੈਨੋਰਜ ਹੋਮ ਦੀ ਰਜਿਸਟਰੀ ਫਰਾਡ ਹੈ। ਉਸ ਵਿਚ ਉਨ੍ਹਾਂ ਨੇ ਇਹ ਵੀ ਦੱਸਿਆ ਹੈ ਕਿ ਅਲਾਟਮੈਂਟ 17 ਜਨਵਰੀ ਨੂੰ ਹੋਈ ਹੈ ਜਦਕਿ ਸੀ.ਐਲ.ਯੂ. ਲਈ ਰਜਿਸਟਰੀ 19 ਜਨਵਰੀ ਨੂੰ ਬਣੀ ਹੈ। ਸੀ.ਐਲ.ਯੂ. ਲੈਣ ਲਈ ਰਜਿਸਟਰੀ ਲਗਾਉਣੀ ਜ਼ਰੂਰੀ ਹੁੰਦੀ ਹੈ। ਸਪੀਕਰ ਸਾਹਿਬ, ਉਸ ਤੋਂ ਬਾਅਦ ਰਜਿਸਟਰੀ ਰੈਵੇਨਿਊ ਅਤੇ ਸੀ.ਐਲ.ਯੂ. ਰੈਵੇਨਿਊ ਵਿੱਚ ਵੀ ਡਿਫ਼ਰੈਂਸ ਆ ਰਿਹਾ ਹੈ। ਇਸ ਬਾਰੇ ਜਦੋਂ ਮੰਤਰੀ ਸਿੱਧੂ ਸਾਹਿਬ ਤੱਕ ਅਪਰੋਚ ਕੀਤੀ ਗਈ ਤਾਂ ਉਨ੍ਹਾਂ ਨੇ ਇਮਾਨਦਾਰੀ ਦਿਖਾਉਂਦੇ ਹੋਏ ਇਕ ਵਿਜੀਲੈਂਸ ਕਮੇਟੀ ਐਪੁਆਇੰਟ ਕਰਕੇ ਉਸ ਦੀ ਇਨਕੁਆਇਰੀ ਕਰਵਾਈ ਜਿਸ ਵਿਚ ਇਹ ਆਇਆ ਹੈ ਕਿ ਤੁਹਾਡੀ ਸਰਕਾਰ ਦਾ ਇੱਕ ਮੰਤਰੀ ਇਸ ਵਿਚ ਪੂਰੀ ਤਰ੍ਹਾਂ ਸ਼ਾਮਲ ਹੈ। ਜਿਸ ਬਾਰੇ ਵਾਰ-ਵਾਰ ਬੋਲਿਆ ਜਾ ਰਿਹਾ ਹੈ ਕਿ ਉਸ ਨੇ ਸਿਆਸੀ ਪ੍ਰਭਾਵ ਥੱਲੇ ਰਜਿਸਟਰੀ ਖਰਾਬ ਕਰਵਾਈ ਹੈ। ਸਪੀਕਰ ਸਾਹਿਬ, ਉਸ ਤੋਂ ਬਾਅਦ ਜਿਹੜੀ ਇਵੈਲਿਊਏਸ਼ਨ ਫ਼ੀਸ, ਜੋ ਕਿ 50 ਲੱਖ ਰੁਪਿਆ ਹੈ, ਉਸ ਵਿਚ ਵੀ ਗੜਬੜ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਰਫ਼ਤ ਮੰਤਰੀ ਸਾਹਿਬ ਤੋਂ ਇੰਨਾ ਹੀ ਪੁੱਛਣਾ ਚਾਹੁੰਦੀ ਹਾਂ ਕਿ ਤੁਹਾਡੀ ਇਮਾਨਦਾਰੀ ਉਤੇ ਪੂਰਾ ਪੰਜਾਬ ਮਾਣ ਕਰਦਾ ਹੈ, ਤੁਹਾਡੇ ਉਤੇ ਅਸੀਂ ਸ਼ੱਕ ਨਹੀਂ ਕਰ ਸਕਦੇ ਪਰ ਮੈਨੂੰ ਇੰਨਾ ਦੱਸਿਆ ਜਾਵੇ ਕਿ ਜਿਹੜਾ ਤੁਹਾਡਾ ਮੰਤਰੀ ਹੈ, ਮੈਨੂੰ ਪਤਾ ਹੈ ਕਿ ਕੈਬਨਿਟ ਵਿੱਚ ਬੈਠੇ ਰਹਿਣਾ ਮਜਬੂਰੀ ਵੀ ਹੋਵੇਗੀ, ਕੀ ਤੁਸੀਂ ਉਸ ਉਤੇ ਸ਼ਿਕੰਜਾ ਕੱਸੋਗੇ ਅਤੇ ਇਵੈਲਿਊਏਸ਼ਨ ਫ਼ੀਸ ਕਦੋਂ ਤੱਕ ਵਾਪਸ ਲੈ ਲਵੋਗੇ?

**ਮਾਨਯੋਗ ਸਪੀਕਰ:** ਬੈਠੋ, ਬੈਠੋ। ਸਰਦਾਰ ਜਗਦੇਵ ਸਿੰਘ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਮੰਤਰੀ ਸਾਹਿਬ ਜਵਾਬ ਦੇਣ।

**ਮਾਨਯੋਗ ਸਪੀਕਰ:** ਜ਼ੀਰੋ ਆਵਰ ਵਿਚ ਜਵਾਬ ਨਹੀਂ ਹੁੰਦਾ ਹੈ।

**ਸਰਦਾਰ ਜਗਦੇਵ ਸਿੰਘ :** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ 2017 ਦੀਆਂ ਚੋਣਾਂ ਵਿਚ ਮੌੜ ਮੰਡੀ ਵਿੱਚ ਬੰਬ ਬਲਾਸਟ ਹੋਇਆ ਸੀ..

**ਮਾਨਯੋਗ ਸਪੀਕਰ:** ਇਹ ਇਸ਼ੂ ਤੁਸੀਂ ਕੱਲ੍ਹ ਉਠਾਇਆ ਸੀ...

**ਸਰਦਾਰ ਜਗਦੇਵ ਸਿੰਘ :** ਸਪੀਕਰ ਸਾਹਿਬ, ਉਠਾਇਆ ਸੀ ਲੇਕਿਨ ਪੂਰਾ ਸੁਣਿਆ ਨਹੀਂ ਗਿਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਉੱਤੇ ਬਹਿਸ ਹੋਣੀ ਚਾਹੀਦੀ ਹੈ ਕਿਉਂਕਿ ਜਿਹੜੇ ਦੋ ਬੰਦੇ ਬਹਿਬਲ ਕਲਾਂ ਵਿਚ ਮਾਰੇ ਗਏ, ਉਨ੍ਹਾਂ ਬਾਰੇ ਕਿੰਨੀ ਵਾਰੀ ਗੱਲ ਹੋ ਗਈ ਪਰੰਤੂ ਮੌੜ ਮੰਡੀ ਵਿੱਚ ਸੱਤ ਬੰਦੇ ਮਾਰੇ ਗਏ ਸਨ ਜਿਸ ਵਿਚ ਪੰਜ ਨਿਰਦੋਸ਼ ਬੱਚੇ ਸ਼ਾਮਲ ਸੀ, ਇਹ ਬੰਬ ਬਲਾਸਟ ਚੋਣਾਂ ਦੌਰਾਨ ਹੋਇਆ ਸੀ। ਕਿਸੇ ਏਜੰਸੀ ਦੇ ਅਧੀਨ ਅਜਿਹਾ ਹੋਇਆ ਸੀ ਕਿਉਂਕਿ ਇਸ ਦੀ ਜਾਂਚ ਨੂੰ ਦੋ ਸਾਲ ਹੋ ਗਏ ਹਨ ਪਰੰਤੂ ਅਜੇ ਤੱਕ ਕੁਝ ਨਹੀਂ ਨਿਕਲਿਆ ਕਿਉਂਕਿ ਜਦੋਂ ਉਹ ਜਾਂਚ ਡੇਰੇ ਵੱਲ ਨੂੰ ਜਾਂਦੀ ਹੈ ਤਾਂ ਫਿਰ ਉਥੇ ਹੀ ਨੱਪ ਲਈ ਜਾਂਦੀ ਹੈ। ਅਜੇ ਤੱਕ ਉਨ੍ਹਾਂ ਵਿਚਾਰਿਆਂ ਦੇ ਜ਼ਖ਼ਮ ਅੱਲੇ ਹਨ। ਛੋਟੇ-ਛੋਟੇ ਬੱਚੇ ਜਿਨ੍ਹਾਂ ਦਾ ਕੋਈ ਦੋਸ਼ ਨਹੀਂ ਸੀ, ਕੋਈ ਰੈਲੀ ਵਿਚ ਸ਼ਾਮਲ ਨਹੀਂ ਸੀ, ਉਹ ਕਿਸੇ ਚੋਣ ਮੁਹਿੰਮ ਵਿਚ ਭਾਗ ਨਹੀਂ ਲੈ ਰਹੇ ਸੀ, ਬੱਚੇ ਖੇਡਦੇ ਸੀ, ਠਾਹ-ਠਾਹ ਬਿਨਾਂ ਮਤਲਬ ਹੀ ਪੰਜ ਬੱਚੇ ਮਾਰੇ ਗਏ..

**ਮਾਨਯੋਗ ਸਪੀਕਰ:** ਬੈਠੋ.. ਬੈਠੋ.. ਬੈਠੋ.. ਬੈਠੋ।

**ਸਰਦਾਰ ਜਗਦੇਵ ਸਿੰਘ :** ਬੈਠੋ ਕਿਉਂ ਜੀ। ਇਸ ਉੱਤੇ ਬਹਿਸ ਹੋਣੀ ਚਾਹੀਦੀ ਹੈ।

**ਮਾਨਯੋਗ ਸਪੀਕਰ :** ਹਾਂ ਜੀ, ਨਾਭਾ ਜੀ। (ਵਿਘਨ...ਸ਼ੋਰ) ਹੋ ਗਿਆ ਜੀ। ਜ਼ੀਰੋ ਆਵਰ ਵਿਚ ਇੰਨਾ ਕੁ ਹੀ ਹੁੰਦਾ ਹੈ ਜੀ..... ਬੈਠੋ। ਨਾਭਾ ਜੀ, ਤੁਸੀਂ ਬੋਲੋ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ਼ ਦਿ ਹਾਊਸ ਵਿੱਚ ਆ ਗਏ।)

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਇੱਕ ਬੜੇ ਅਹਿਮ ਮੁੱਦੇ ਉਤੇ ਲਿਆਉਣਾ ਚਾਹੁੰਦਾ ਹਾਂ, ਜਿਸ ਬਾਰੇ ਬਕਾਇਦਾ ਚੀਮਾ ਸਾਹਿਬ ਨੇ ਵੀ ਜ਼ਿਕਰ ਕੀਤਾ ਹੈ, ਇਥੇ ਫਲੌਰ ਆਫ਼ ਦਿ ਹਾਊਸ.....

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਵੈੱਲ ਆਫ਼ ਦਿ ਹਾਊਸ ਵਿਚ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਉੱਚੀ-ਉੱਚੀ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਜ਼ੀਰੋ ਆਵਰ ਵਿੱਚ ਸਟੇਟਮੈਂਟ ਨਹੀਂ ਹੁੰਦੀ.... ਜ਼ੀਰੋ ਆਵਰ ਵਿਚ ਸਟੇਟਮੈਂਟ ਨਹੀਂ ਹੁੰਦੀ। ਸੰਧੂ ਸਾਹਿਬ, ਤੁਸੀਂ ਸਾਰਾ ਕੁਝ ਜਾਣਦੇ ਹੋ.... Don't ask for something unreasonable. It is unreasonable.... it is unreasonable..... (ਵਿਘਨ....ਸ਼ੋਰ) ਗੌਰਮਿੰਟ ਨੂੰ ਕੰਪੈਲ ਨਹੀਂ ਕੀਤਾ ਜਾ ਸਕਦਾ, ਅਸੀਂ ਨਹੀਂ ਕਰ ਸਕਦੇ। ਹਾਂ ਜੀ, ਨਾਭਾ ਜੀ।

**ਸਰਦਾਰ ਰਣਦੀਪ ਸਿੰਘ :** ਥੈਂਕ ਯੂ, ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਸਰਕਾਰ ਦਾ ਇੱਕ....

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਵੈੱਲ ਆਫ਼ ਦਿ ਹਾਊਸ ਵਿਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ।)

**ਮਾਨਯੋਗ ਸਪੀਕਰ:** ਸਟੇਟਮੈਂਟ ਬਿਲਕੁਲ ਨਹੀਂ ਹੋਵੇਗੀ, ਬਿਲਕੁਲ ਨਹੀਂ ਹੋਵੇਗੀ, ਬਿਲਕੁਲ ਨਹੀਂ ਹੋਵੇਗੀ, ਜ਼ੀਰੋ ਆਵਰ ਵਿਚ ਗੌਰਮਿੰਟ ਨੇ ਜਵਾਬ ਨਹੀਂ ਦੇਣਾ ਹੁੰਦਾ.... ਗੌਰਮਿੰਟ ਨੇ ਜਵਾਬ ਨਹੀਂ ਦੇਣਾ ਹੁੰਦਾ, ਨਹੀਂ ਦੇਣਾ ਹੁੰਦਾ। ਨਾਅਰੇ ਰਿਕਾਰਡ ਨਾ ਕੀਤੇ ਜਾਣ। ਹਾਂ ਜੀ, ਨਾਭਾ ਜੀ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਸਰਕਾਰ ਦਾ ਧਿਆਨ ਇੱਕ ਬੜੇ ਵੱਡੇ ਅਹਿਮ ਮੁੱਦੇ ਉਤੇ ਲਿਆਉਣਾ ਚਾਹੁੰਦਾ ਹਾਂ ਔਰ ਉਮੀਦ ਵੀ ਰੱਖਦਾ ਹਾਂ ਕਿਉਂਕਿ ਮਨਿਸਟਰ ਸਾਹਿਬ ਇਥੇ ਹਾਜ਼ਰ ਬੈਠੇ ਹਨ। ਨਾਭਾ ਇੱਕ ਬਹੁਤ ਵੱਡਾ ਇਤਿਹਾਸਕ ਸ਼ਹਿਰ ਹੈ ਪਰ ਉਥੇ ਅੱਜ ਦੀ ਡੇਟ ਵਿੱਚ ਗੰਦਗੀ ਦੇ ਢੇਰ ਭਰੇ ਪਏ ਹਨ। ਅਸੀਂ ਉਸ ਰਿਆਸਤ ਦੀ ਪੈਦਾਵਾਰ ਹਾਂ। ਉਸ ਰਿਆਸਤ ਵਿਚ ਅਸੀਂ ਜਨਮ ਲਿਆ ਹੈ, ਜਿਹੜੀ ਰਿਆਸਤ ਨੇ ਸਿੱਖ ਕੌਮ ਦੇ ਇਤਿਹਾਸ ਵਿਚ ਬਹੁਤ ਵੱਡੀ ਦੇਣ ਦਿੱਤੀ ਹੈ, ਮਹਾਂਕੋਸ਼ ਦਿੱਤਾ, ਆਨੰਦ ਕਾਰਜ ਐਕਟ ਜਿਸ ਦੀ ਸਥਾਪਨਾ ਸੰਨ 1909 ਵਿਚ ..

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਵੈੱਲ ਆਫ਼ ਦਿ ਹਾਊਸ ਵਿਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸਰਦਾਰ ਰਣਦੀਪ ਸਿੰਘ:** ਮੇਰੀ ਬੇਨਤੀ ਹੈ ਕਿ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ, ਸ਼੍ਰੀ ਰਾਜੀਵ ਗਾਂਧੀ ਜੀ ਦਾ ਬੁੱਤ ਨਾਭਾ ਵਿੱਚ ਲਗਾਇਆ ਗਿਆ ਸੀ, ਜਿਸ ਬਾਰੇ ਵਜ਼ੀਰ ਸਾਹਿਬ ਨੇ ਇੱਥੇ ਬਿਆਨ ਦਿੱਤਾ ਹੈ ਕਿ ਉਹ ਨਗਰ ਕੌਂਸਲ ਦੇ ਅਧੀਨ ਹੈ। ਇਹ ਮੇਰੇ ਕੋਲ

---

** **Not recorded as ordered by the Chair.

[ ਸਰਦਾਰ ਰਣਦੀਪ ਸਿੰਘ ]

ਫੋਟੋਆਂ ਹਨ। (ਫੋਟੋਆਂ ਵਿਖਾਉਂਦੇ ਹੋਏ) ਜਿਥੇ ਸਾਡੇ ਦੇਸ਼ ਦੇ ਮਹਿਬੂਬ ਨੇਤਾ ਸ਼੍ਰੀ ਰਾਜੀਵ ਗਾਂਧੀ ਜੀ ਦੇ ਬੁੱਤ ਦਾ ਉਦਘਾਟਨ ਮਾਨਯੋਗ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਵੱਲੋਂ ਕੀਤਾ ਗਿਆ ਸੀ। ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਸਿੱਧੂ ਸਾਹਿਬ ਤੋਂ ਉਮੀਦ ਰੱਖਦਾ ਹਾਂ ਅਤੇ ਚਾਹਾਂਗਾ ਕਿ ਜਿਥੇ ਰਾਜੀਵ ਗਾਂਧੀ ਜੀ ਦਾ ਬੁੱਤ ਲਗਾਇਆ ਗਿਆ ਹੈ, ਇਸ ਦੀ ਇਨਕੁਆਇਰੀ ਕੀਤੀ ਜਾਵੇ ਔਰ ਜਿਹੜੇ ਗੰਦਗੀ ਦੇ ਵਪਾਰੀ ਹਨ ਅਤੇ ਇਸ ਰਿਆਸਤ ਨੂੰ ਠੇਸ ਪਹੁੰਚਾ ਰਹੇ ਹਨ, ਉਨ੍ਹਾਂ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਸਾਡੇ ਮਹਿਬੂਬ ਨੇਤਾ ਦੇ ਲਾਡਲੇ ਸਪੁੱਤਰ ਰਾਹੁਲ ਗਾਂਧੀ ਜੀ ਕਾਂਗਰਸ ਪਾਰਟੀ ਦੇ ਪ੍ਰਧਾਨ ਹਨ। ਮੈਂ ਚਾਹਾਂਗਾ ਕਿ ਸਾਡੀ ਕਾਂਗਰਸ ਪਾਰਟੀ ਦੀ ਸਰਕਾਰ ਬਣੀ ਹੈ, ਇਸ ਤੇ ਇਨਕੁਆਇਰੀ ਕਰਕੇ ਇਸ ਦੀ ਰਿਪੋਰਟ ਪੇਸ਼ ਕੀਤੀ ਜਾਵੇ। (ਵਿਘਨ, ਸ਼ੋਰ)

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਮੈਂ ਤੁਹਾਡੇ ਤੋਂ ਬੜੀ ਜ਼ਰੂਰੀ ਜਾਣਕਾਰੀ ਚਾਹੁੰਦਾ ਹਾਂ। ਕੰਸਟੀਚਿਊਸ਼ਨ ਦੀ ਸੈਕਸ਼ਨ 10 ਵਿੱਚ ਮੈਨਸ਼ਨ ਹੈ, ਮੈਂਬਰਾਂ ਨੂੰ ਕਿਹੜੇ ਤਰੀਕੇ ਨਾਲ ਡਿਸਕੁਆਲੀਫਾਈ ਕੀਤਾ ਜਾ ਸਕਦਾ ਹੈ। ਉਸ ਵਿੱਚ ਸਾਰਾ ਕੁਝ ਲਿਖਿਆ ਹੈ। ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੰਸਟੀਚਿਊਸ਼ਨ ਸਭ ਤੋਂ ਉੱਪਰ ਹੈ। ਅੱਜ ਸਾਨੂੰ ਇਹ ਨਹੀਂ ਪਤਾ ਕਿ ਕਿਹੜੇ ਮੈਂਬਰ ਰਿਜ਼ਾਇਨ ਕਰ ਗਏ ਹਨ, ਕਿਹੜੇ ਵਿਧਾਨ ਸਭਾ ਦੇ ਮੈਂਬਰ ਹਨ ਅਤੇ ਜਿਹੜੇ ਪਾਰਟੀ ਛੱਡ ਗਏ ਹਨ, ਉਨ੍ਹਾਂ ਦਾ ਸਟੇਟੱਸ ਕੀ ਹੈ? ਇਹ ਫੈਸਲਾ ਬੜੇ ਚਿਰ ਤੋਂ....(ਵਿਘਨ, ਸ਼ੋਰ)

---

## WALK OUT

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਮੌੜ ਮੰਡੀ ਬੰਬ ਧਮਾਕੇ ਦੇ ਮੁੱਦੇ ਤੇ ਬਹਿਸ ਨਾ ਕਰਵਾਉਣ ਵਜੋਂ ** ** ਨਾਅਰੇ ਲਗਾਉਂਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।)

---

** **Not recorded as ordered by the Chair.

## MATTERS RAISED DURING ZERO HOUR *(Resumption)*

**ਮਾਨਯੋਗ ਸਪੀਕਰ :** ਵੈਸੇ ਇਹ ਬਣਦਾ ਨਹੀਂ ਹੈ....just listen... ਮੈਂ ਰੂਲਜ਼ ਨੂੰ ਪਾਸੇ ਰੱਖ ਕੇ ਤੁਹਾਡੀ ਗੱਲ ਦਾ ਜਵਾਬ ਦੇਣ ਲੱਗਿਆ ਹਾਂ। ਤੁਸੀਂ ਦੋ ਸਵਾਲ ਪੁੱਛਦੇ ਹੋ, ਪਹਿਲਾ ਫੂਲਕਾ ਸਾਹਿਬ ਦਾ ਅਤੇ ਦੂਜਾ ਖਹਿਰਾ ਸਾਹਿਬ ਦਾ ਪੁੱਛਦੇ ਹੋ।...ਤੀਜਾ ਨਹੀਂ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਜਿਹੜੇ ਪ੍ਰਾਇਮਰੀ ਮੈਂਬਰਸ਼ਿਪ ਛੱਡ ਗਏ?

**ਮਾਨਯੋਗ ਸਪੀਕਰ :** ਮੇਰੀ ਗੱਲ ਪੂਰੀ ਹੋ ਲੈਣ ਦਿਓ। ਫੂਲਕਾ ਸਾਹਿਬ ਨੂੰ ਅਸੀਂ ਬੀਤੇ ਕੱਲ੍ਹ ਨੋਟਿਸ ਦਿੱਤਾ ਸੀ ਕਿ ਤੁਹਾਡਾ resignation as per format ਨਹੀਂ ਹੈ। ਮੈਂ ਉਨ੍ਹਾਂ ਨੂੰ ਕੱਲ੍ਹ ਦੱਸਿਆ ਹੈ। ਉਹ insist ਕਰਦੇ ਹਨ ਕਿ ਮੇਰਾ resignation as per format ਹੈ। ਮੈਂ ਇਸ ਨੂੰ ਲੀਗਲ ਰਾਏ ਵਾਸਤੇ ਭੇਜਣ ਲੱਗਿਆ ਹਾਂ। ਇਹ ਤੁਹਾਡਾ ਪਹਿਲਾ ਇਸ਼ੂ ਹੈ। ਰਹੀ ਗੱਲ ਖਹਿਰਾ ਸਾਹਿਬ ਦੀ, ਖਹਿਰਾ ਸਾਹਿਬ ਨੂੰ ਅਸੀਂ 2-3 ਦਫ਼ਾ ਨੋਟਿਸ ਦੇਣ ਵਾਸਤੇ ਰਜਿਸਟਰਡ ਲੈਟਰ ਕੱਢਿਆ ਹੈ ਪਰ ਉਨ੍ਹਾਂ ਨੇ 2-3 ਦਫ਼ਾ ਉਹ ਰਜਿਸਟਰਡ ਲੈਟਰ ਨਹੀਂ ਲਿਆ। ਉਥੋਂ ਕੁਝ ਨਾ ਕੁਝ ਰਿਪੋਰਟ ਕਰਵਾ ਦਿੱਤੀ ਜਾਂਦੀ ਹੈ ਕਿ ਅਵੇਲੇਬਲ ਨਹੀਂ ਹਨ ਜਾਂ ਇੱਥੇ ਮਿਲਦੇ ਨਹੀਂ ਹਨ। ਹੁਣ ਸਾਡੇ ਕੋਲ ਪਬਲਿਕੇਸ਼ਨ ਕਰਵਾਉਣ ਤੋਂ ਬਿਨਾਂ ਹੋਰ ਕੋਈ ਰਸਤਾ ਨਹੀਂ ਹੈ ਕਿਉਂਕਿ ਮੈਂਬਰਸ਼ਿਪ ਦਾ ਸਵਾਲ ਹੈ ਅਤੇ ਦੋ ਲੱਖ ਬੰਦੇ ਦਾ ਸਵਾਲ ਹੈ। ਇਕ validly elected representative ਅਤੇ ਇਸ ਸਤਿਕਾਰਯੋਗ ਹਾਊਸ ਦੇ ਮੈਂਬਰ ਦੀ ਮੈਂਬਰਸ਼ਿਪ ਦਾ ਸਵਾਲ ਹੈ। ਅਸੀਂ ਇਸ ਦੀ ਪਬਲਿਕੇਸ਼ਨ ਕਰਵਾਵਾਂਗੇ। After due publication as per law ਜੋ ਕਾਨੂੰਨ ਬਣਦਾ ਹੋਵੇਗਾ, ਅਸੀਂ ਕਾਨੂੰਨੀ ਕਾਰਵਾਈ ਕਰਾਂਗੇ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਇਸ ਵਿੱਚ ਕਲੈਰਿਟੀ ਅਸੀਂ ਕਿਉਂ ਚਾਹੁੰਦੇ ਹਾਂ ਕਿਉਂਕਿ ਪੰਜਾਬ ਦੇ ਖਜ਼ਾਨੇ ਦੀ ਦੁਰਵਰਤੋਂ ਹੋ ਰਹੀ ਹੈ। ਕੰਸਟੀਚਿਊਸ਼ਨ ਦਾ ਸੈਕਸ਼ਨ 10 ਸਭ ਤੋਂ ਉੱਪਰ ਹੈ, a House is governed because of 10th Schedule of the Constitution. ਸਪੀਕਰ ਸਾਹਿਬ, ਤਿੰਨ ਬੰਦਿਆਂ ਨੇ ਇਕ ਵਾਰੀ ਨਹੀਂ, ਅਨੇਕਾਂ ਵਾਰ ਕਹਿ ਦਿੱਤਾ ਕਿ ਅਸੀਂ ਅਸਤੀਫ਼ਾ ਦੇ ਦਿੱਤਾ ਹੈ। ਮਾਸਟਰ ਬਲਦੇਵ ਸਿੰਘ ਜੀ ਵੀ ਇਸ ਵਿੱਚ ਹਨ। ਇਹ ਸੱਤ ਜਣੇ ਕਹਿੰਦੇ ਹਨ ਕਿ ਅਸੀਂ ਪਾਰਟੀ ਤੋਂ ਵੱਖ ਹੋ ਗਏ ਹਾਂ। ਇਹ ਜਿਹੜੀ ਰਲੀ ਮਿਲੀਭੁਗਤ ਇੱਥੇ ਦਿਖ ਰਹੀ ਹੈ, ਇਸ ਦੀ ਕਲੈਰਿਟੀ ਕਰ ਦਿਓ ਜਾਂ ਤਾਂ ਸਮਝ ਵਿੱਚ ਆ ਜਾਵੇ ਕਿ ** ** ਜਾਂ ਸਪੱਸ਼ਟ ਕਰ ਦਿਓ ਕਿ ਇਹ ਜਿਹੜੇ 7-8 ਜਣੇ ਹਨ...

---

** **Expunged as ordered by the Hon'ble Speaker.

**ਮਾਨਯੋਗ ਸਪੀਕਰ :** ਮੇਰੀ ਗੱਲ ਵੀ ਸੁਣ ਲਓ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਰ, ਇਹ ਲਾਸਟ ਗੱਲ ਹੈ। ** ** ਦੋ ਮਿੰਟ ਸੁਣ ਲਓ। ਇਹ ਸਿਰਫ਼ 10 ਐਮ.ਐਲ.ਏ. ਰਹਿ ਗਏ ਹਨ। ਮੈਂ ਦੇਖਿਆ ਹੈ, ਇੱਕ ਜਣਾ ਬਾਹਰ ਕਹਿੰਦਾ ਹੈ, ਅਸਤੀਫ਼ਾ ਹੈ। ਫੇਰ ਉਤੋਂ ਹੁਕਮ ਹੁੰਦਾ ਹੈ ਕਿ ਫਲਾਣਾ ਸਵਾਲ ਕਰਨਾ ਹੈ ਤਾਂ ਉਹ ਇੱਥੇ ਆ ਕੇ ਸਵਾਲ ਕਰਦਾ ਹੈ। ਉਹ ਫੇਰ ਬਾਹਰ ਜਾਂਦਾ ਹੈ ਅਤੇ ਬਾਹਰ ਜਾ ਕੇ ਕਹਿੰਦਾ ਹੈ ਕਿ ਮੈਂ ਤਾਂ ਅਸਤੀਫ਼ਾ ਦੇ ਦਿੱਤਾ। ਫੇਰ ਦੁਬਾਰਾ ਆਉਂਦਾ ਹੈ ਅਤੇ ਫੇਰ ਸਵਾਲ ਪੁੱਛਦਾ ਹੈ। ਸਪੀਕਰ ਸਾਹਿਬ, ਕੰਸਟੀਚਿਊਸ਼ਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਖਜ਼ਾਨੇ ਦੀ ਲੁੱਟ ਚੱਲ ਰਹੀ ਹੈ ਕਿਉਂਕਿ ਖਜ਼ਾਨੇ ਵਿਚੋਂ ਇਨ੍ਹਾਂ ਨੂੰ ਗੱਡੀਆਂ ਵੀ ਮਿਲਦੀਆਂ ਹਨ, ਖਜ਼ਾਨੇ ਵਿਚੋਂ ਤਨਖਾਹ ਵੀ ਮਿਲ ਰਹੀ ਹੈ, ਖਜ਼ਾਨੇ ਵਿਚੋਂ ਟੀ.ਏ., ਡੀ.ਏ. ਵੀ ਮਿਲ ਰਿਹਾ ਹੈ...

**ਮਾਨਯੋਗ ਸਪੀਕਰ :** ਬੈਠੋ ਜੀ....ਬੈਠੋ.....ਮੇਰੀ ਗੱਲ ਸੁਣ ਲਓ.....ਤੁਸੀਂ ਬੜੀ ਲੰਬੀ ਗੱਲ ਕਰ ਲਈ ਹੈ। ਇਹ ਮੇਰੇ ਅਧਿਕਾਰ ਖੇਤਰ ਦਾ ਕੰਮ ਹੈ....ਮੇਰੀ ਗੱਲ ਪੂਰੀ ਹੋ ਲੈਣ ਦਿਓ। ਨਹੀਂ ਜੀ....ਮੇਰੀ ਗੱਲ ਪੂਰੀ ਹੋ ਲੈਣ ਦਿਓ। ਇਹ ਮੇਰੇ ਅਧਿਕਾਰ ਖੇਤਰ ਦਾ ਕੰਮ ਹੈ.....

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਬਿਨਾਂ ਆਗਿਆ ਤੋਂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਜੇਕਰ ਫੇਰ ਵੀ ਗਿਲਾ ਹੈ ਤਾਂ ਅਦਾਲਤ ਵਿੱਚ ਜਾ ਸਕਦੇ ਹੋ।....ਬੈਠ ਜਾਓ....ਚੱਲਣ ਦਿਓ। ਹਰ ਗੱਲ ਤੇ ਨਾ ਅਜਿਹਾ ਕਰਿਆ ਕਰੋ।ਸ਼੍ਰੀ ਸੋਮ ਪ੍ਰਕਾਸ਼ ਜੀ, ਤੁਹਾਡੀ ਕਾਲ ਅਟੈਂਸ਼ਨ ਹੈ।

---

## CALL ATTENTION NOTICES UNDER RULE 66

### (ਕ੍ਰਮ ਨੰ: 18)

**ਸ਼੍ਰੀ ਸੋਮ ਪ੍ਰਕਾਸ਼ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ ਪੰਜਾਬ ਦੇ ਜ਼ਿਲ੍ਹੇ ਫਗਵਾੜਾ ਵਿਖੇ "ਵਾਹਿਦ ਸੰਧਰ ਸ਼ੂਗਰਜ਼ ਲਿਮਟਿਡ" ਹੈ। ਇਸ ਮਿੱਲ ਨੇ 40 ਤੋਂ 50 ਕਰੋੜ ਰੁ: ਤੋਂ ਵੱਧ ਕਿਸਾਨਾਂ ਦਾ ਬਕਾਇਆ ਦੇਣਾ ਹੈ। ਭਾਵੇਂ ਇਸ ਸੀਜ਼ਨ ਵਿੱਚ ਦੁਬਾਰਾ ਮਿੱਲ ਚੱਲ ਰਹੀ ਹੈ ਪਰ ਕਿਸਾਨਾਂ ਨੂੰ ਪਿਛਲੀ ਫ਼ਸਲ ਦਾ ਬਕਾਇਆ ਨਾ ਮਿਲਣ ਕਰਕੇ

** **Expunged as ordered by the Hon'ble Speaker.

ਬਹੁਤ ਨਿਰਾਸ਼ ਹੈ ਇਸ ਨਾਲ ਤਕਰੀਬਨ 3500 ਕਿਸਾਨਾਂ ਦੇ ਪਰਿਵਾਰ ਪ੍ਰਭਾਵਿਤ ਹਨ ਜੋ ਕਿ ਕਰਜ਼ੇ ਦੇ ਬੋਝ ਥੱਲੇ ਦੱਬੇ ਹੋਏ ਹਨ। ਮੈਂ ਮਾਣਯੋਗ ਮੁੱਖ ਮੰਤਰੀ ਜੀ ਦਾ ਧਿਆਨ ਇਸ ਅਤਿ ਮਹੱਤਵਪੂਰਨ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਤੇ ਇਸ ਮਸਲੇ ਨੂੰ ਹੱਲ ਕਰਨ ਦੇ ਠੋਸ ਯਤਨ ਕਰਕੇ ਕਿਸਾਨਾਂ ਦਾ ਬਕਾਇਆ ਦਿਵਾਉਣ ਦਾ ਪ੍ਰਬੰਧ ਕਰਨ ਦੀ ਅਪੀਲ ਕਰਦਾ ਹਾਂ। ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਸਪੀਕਰ ਸਾਹਿਬ, ਇਸ ਮਿੱਲ ਨੇ ਕਿਸਾਨਾਂ ਦਾ 40-50 ਕਰੋੜ ਰੁਪਿਆ ਦੇਣਾ ਹੈ। ਹੁਣ ਸੀਜ਼ਨ ਹੋਣ ਕਾਰਨ ਮਿੱਲ ਦੁਬਾਰਾ ਸ਼ੁਰੂ ਹੋ ਗਈ ਹੈ ਪ੍ਰੰਤੂ ਪਿਛਲਾ ਬਕਾਇਆ ਅਜੇ ਤੱਕ ਵੀ ਨਹੀਂ ਦਿੱਤਾ ਗਿਆ। ਇਸ ਦੇ ਨਾਲ ਮੇਰੇ ਇਲਾਕੇ ਦੇ 3500 ਕਿਸਾਨ ਪਰਿਵਾਰ ਪ੍ਰਭਾਵਿਤ ਹਨ। ਮੈਂ ਸਰਕਾਰ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਕਾਇਆ ਦੇਣ ਲਈ ਕੋਈ ਯਤਨ ਕੀਤਾ ਜਾਵੇ। ਕਿਸਾਨਾਂ ਦੀ ਹਾਲਤ ਇਹ ਹੈ ਕਿ ਅਜੇ ਤੱਕ ਪਿਛਲੇ ਪੈਸੇ ਨਹੀਂ ਮਿਲੇ, ਦੁਬਾਰਾ ਮਿੱਲ ਸ਼ੁਰੂ ਹੋਈ ਨੂੰ ਢਾਈ ਮਹੀਨੇ ਹੋ ਗਏ ਹਨ। ਸਪੀਕਰ ਸਾਹਿਬ, ਸਰਕਾਰ ਨੇ ਇਹ ਕਿਹਾ ਸੀ ਕਿ ਅਸੀਂ ਆਪਣੇ ਕੋਲੋਂ 62 ਕਰੋੜ ਰੁਪਿਆ ਦੇਵਾਂਗੇ, ਉਸ ਵਿਚੋਂ 17 ਕਰੋੜ ਰੁਪਿਆ ਸਾਡੇ ਫਗਵਾੜੇ ਦਾ ਬਣਦਾ ਹੈ ਪਰ ਉਹ ਅਜੇ ਤੱਕ ਨਹੀਂ ਮਿਲਿਆ। ਸਰਕਾਰ ਵਲੋਂ ਕਿਹਾ ਗਿਆ ਸੀ ਕਿ ਇਹ ਪੈਸਾ ਕਿਸਾਨਾਂ ਦੇ ਖਾਤਿਆਂ ਵਿੱਚ ਪਾਵਾਂਗੇ ਪਰ ਸਰਕਾਰ ਨੇ ਉਹ ਪੈਸਾ ਹਾਲੇ ਤੱਕ ਨਹੀਂ ਪਾਇਆ। ਸਰਕਾਰ ਨੇ ਕਿਹਾ ਸੀ ਕਿ 25/- ਰੁਪਏ ਪ੍ਰਤੀ ਕੁਇੰਟਲ ਅਸੀਂ ਆਪਣੇ ਕੋਲੋਂ ਦੇਵਾਂਗੇ ਪਰ ਉਹ 25/- ਰੁਪਏ ਪ੍ਰਤੀ ਕੁਇੰਟਲ ਵਾਲੇ ਨਹੀਂ ਦਿੱਤੇ ਅਤੇ ਨਾ ਹੀ ਜਿਹੜਾ ਪਿਛਲਾ 62 ਕਰੋੜ ਰੁਪਿਆ ਦੇਣਾ ਹੈ, ਉਹ ਸਰਕਾਰ ਨੇ ਦਿੱਤਾ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ ਕਿਉਂਕਿ ਪਿਛਲੇ ਪੈਸੇ ਵੀ ਨਹੀਂ ਮਿਲੇ ਅਤੇ ਅੱਗੇ ਵਾਲੇ ਵੀ ਨਹੀਂ ਦੇ ਰਹੇ। ਫਿਰ ਕਿਸਾਨ ਕਿੱਧਰ ਜਾਣ? ਕਿਰਪਾ ਕਰਕੇ ਇਸ ਦਾ ਕੋਈ ਪ੍ਰਬੰਧ ਕੀਤਾ ਜਾਵੇ ਤਾਂ ਕਿ ਕਿਸਾਨਾਂ ਨੂੰ ਆਪਣੇ ਪੈਸੇ ਮਿਲ ਜਾਣ।

**ਮਾਨਯੋਗ ਸਪੀਕਰ:** ਬਾਜਵਾ ਸਾਹਿਬ, ਪ੍ਰਬੰਧ ਕਰੋ ਜੀ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ) :** ਸਪੀਕਰ ਸਾਹਿਬ, ਇਹ ਠੀਕ ਹੈ ਕਿ ਵਾਹਿਦ ਸੰਧਰ ਸ਼ੂਗਰਜ ਮਿੱਲ ਨੇ 35 ਕਰੋੜ ਰੁਪਿਆ ਬਕਾਇਆ ਦੇਣਾ ਹੈ, ਉਹ ਅਸੀਂ 31 ਮਾਰਚ ਤੱਕ ਜ਼ਰੂਰ ਦਿਵਾ ਦਿਆਂਗੇ।

**ਮਾਨਯੋਗ ਸਪੀਕਰ:** 31 ਮਾਰਚ ਤੱਕ ਮਿਲ ਜਾਵੇਗਾ। ਅਗਲੀ ਕਾਲ ਅਟੈਨਸ਼ਨ ਜੀ। (ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਵੱਲੋਂ ਵਿਘਨ) ਇਸ ਤੇ ਅਗਲੀ ਸਪਲੀਮੈਂਟਰੀ ਨਹੀਂ ਹੁੰਦੀ, ਤੁਸੀਂ ਨਹੀਂ ਪੁੱਛ ਸਕਦੇ। ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ, ਸ਼੍ਰੀ ਬੁੱਧ ਰਾਮ ਜੀ ਐਬਸੈਂਟ ਹਨ। ਸਰਦਾਰ ਜਗਦੇਵ ਸਿੰਘ ਜੀ ਵੀ ਐਬਸੈਂਟ ਹਨ।

(ਧਿਆਨ ਦਿਵਾਊ ਮਤੇ ਕ੍ਰਮ ਨੰ: 25 ਅਤੇ ਕ੍ਰਮ ਨੰ: 26 ਸਬੰਧਿਤ ਮੈਂਬਰਾਂ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਪੇਸ਼ ਨਹੀਂ ਹੋ ਸਕੇ।)

---

## PRESENTATION OF THE FOURTH REPORT OF THE BUSINESS ADVISORY COMMITTEE

**ਮਾਨਯੋਗ ਸਪੀਕਰ:** ਹੁਣ ਕਾਰਜ ਸਲਾਹਕਾਰ ਕਮੇਟੀ ਦੀ ਚੌਥੀ ਰਿਪੋਰਟ ਪੇਸ਼ ਹੋਵੇਗੀ।

ਮੈਂ ਕਾਰਜ ਸਲਾਹਕਾਰ ਕਮੇਟੀ ਦੀ ਚੌਥੀ ਰਿਪੋਰਟ ਪੇਸ਼ ਕਰਦਾ ਹਾਂ ਜੋ ਇਸ ਤਰ੍ਹਾਂ ਹੈ:-

ਹੋਰ ਸੋਧੇ ਹੋਏ ਮਿਤੀ-ਵਾਰ ਪ੍ਰੋਗਰਾਮ ਤੇ ਵਿਚਾਰ ਕਰਨ ਤੋਂ ਬਾਅਦ, ਕਮੇਟੀ ਨੇ ਸਿਫ਼ਾਰਸ਼ ਕੀਤੀ ਕਿ ਮਿਤੀ 22.2.2019 ਤੋਂ 25.2.2019 ਦੀਆਂ ਬੈਠਕਾਂ ਦੇ ਦੌਰਾਨ ਨਿਮਨਲਿਖਤ ਕੰਮ-ਕਾਰ ਕੀਤਾ ਜਾਵੇ:-

| | |
|---|---|
| ਸ਼ੁੱਕਰਵਾਰ, 22 ਫਰਵਰੀ, 2019 (10.00 ਵਜੇ ਸਵੇਰੇ) | i. ਸਾਲ 2017-18 ਲਈ ਪੰਜਾਬ ਸਰਕਾਰ (ਜਿਲਦ-I ਅਤੇ ਜਿਲਦ-II) ਦੇ ਵਿੱਤੀ ਲੇਖੇ ਅਤੇ ਸਾਲ 2017-18 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖੇ ਪੇਸ਼ ਕਰਨਾ; |
| | ii. ਸਾਲਾਂ 2011-12, 2012-13, 2013-14 ਅਤੇ 2014-15 ਲਈ ਵਾਧੂ ਮੰਗਾਂ ਤੇ ਗ੍ਰਾਂਟਾਂ ਤੇ ਨਮਿੱਤਣ ਪੇਸ਼ ਕਰਨਾ। |
| | iii. ਸਾਲਾਂ 2011-12, 2012-13, 2013-14 ਅਤੇ 2014-15 ਲਈ ਵਾਧੂ ਮੰਗਾਂ ਦੇ ਸਬੰਧ ਵਿੱਚ ਗ੍ਰਾਂਟਾਂ ਅਤੇ ਨਮਿੱਤਣਾਂ ਲਈ ਨਮਿੱਤਣ ਬਿਲ। |

| | |
|---|---|
| | iv. ਸਾਲ 2018-19 ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਨਾ; |
| | v. ਸਾਲ 2018-19 ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਨਮਿੱਤਣ ਬਿਲ; ਅਤੇ |
| | vi. ਸਾਲ 2019-20 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ। |
| ਸ਼ਨਿੱਚਰਵਾਰ, 23 ਫਰਵਰੀ, 2019<br>ਐਤਵਾਰ, 24 ਫਰਵਰੀ, 2019 | ਛੁੱਟੀਆਂ |
| ਸੋਮਵਾਰ, 25 ਫਰਵਰੀ, 2019<br>(11.00 ਵਜੇ ਸਵੇਰੇ) | (i) ਸਾਲ 2019-20 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ ਮੁੜ ਆਰੰਭ ਕਰਨਾ।<br>(ਸਮਾਪਤ ਕੀਤੀ ਜਾਵੇਗੀ।) |
| | (ii) ਵਿੱਤੀ ਕੰਮ-ਕਾਰ |
| | i. ਸਾਲ 2019-20 ਲਈ ਬਜਟ ਅਨੁਮਾਨਾਂ ਦੇ ਸਬੰਧ ਵਿੱਚ ਗ੍ਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ; ਅਤੇ |
| | ii. ਸਾਲ 2019-20 ਲਈ ਬਜਟ ਅਨੁਮਾਨਾਂ ਦੇ ਸਬੰਧ ਵਿੱਚ ਨਮਿੱਤਣ ਬਿਲ; |
| | iii. ਚੁਣੀਆਂ ਜਾਣ ਵਾਲੀਆਂ ਕਮੇਟੀਆਂ ਸਬੰਧੀ ਪ੍ਰਸਤਾਵ। |
| | iv. ਸਦਨ ਨੂੰ ਅਣਮਿੱਥੇ ਸਮੇਂ ਲਈ ਸਥੱਗਿਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ। |
| | v. ਵਿਧਾਨਕ ਕੰਮ-ਕਾਰ। |

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫ਼ਾਰਸ਼ਾਂ ਨਾਲ ਅਸੰਗਤ ਹੋਏ/ਹੋਣ ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

"ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਚੌਥੀ ਰਿਪੋਰਟ ਵਿੱਚ ਦਰਜ ਸਿਫ਼ਾਰਸ਼ਾਂ ਨਾਲ ਸਹਿਮਤ ਹੈ।"

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

"ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਚੌਥੀ ਰਿਪੋਰਟ ਵਿੱਚ ਦਰਜ ਸਿਫ਼ਾਰਸ਼ਾਂ ਨਾਲ ਸਹਿਮਤ ਹੈ।"

**ਮਾਨਯੋਗ ਸਪੀਕਰ:** ਪ੍ਰਸ਼ਨ ਹੈ –

"ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਚੌਥੀ ਰਿਪੋਰਟ ਵਿੱਚ ਦਰਜ ਸਿਫ਼ਾਰਸ਼ਾਂ ਨਾਲ ਸਹਿਮਤ ਹੈ।"

***ਪ੍ਰਸਤਾਵ ਪ੍ਰਵਾਨ ਹੋਇਆ।***

---

## PAPERS LAID ON THE TABLE OF THE HOUSE

**ਮਾਨਯੋਗ ਸਪੀਕਰ:** ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ ਸੂਚੀ ਵਿੱਚ ਲੜੀ ਨੰਬਰ IV ਅਧੀਨ ਦਰਸਾਏ ਗਏ ਲੜੀ ਨੰ: (i) ਅਤੇ ਲੜੀ ਨੰ: (ii) ਦੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ:-

(i) ਸਾਲ 2017-18 ਲਈ ਪੰਜਾਬ ਸਰਕਾਰ (ਜਿਲਦ-I ਅਤੇ II) ਦੇ ਵਿੱਤ ਲੇਖੇ; ਅਤੇ

(ii) ਸਾਲ 2017-18 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖੇ।

ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਅਧੀਨ ਲੋੜੀਂਦਾ ਹੈ।

---

## FINANCIAL BUSINESS

**(1) (i) Presentation of the Excess Demands over Grants and Appropriations for the years 2011-12, 2012-13, 2013-14 and 2014-15**

**ਮਾਨਯੋਗ ਸਪੀਕਰ:** ਵਿੱਤ ਮੰਤਰੀ ਜੀ ਸਾਲ 2011-12, 2012-13, 2013-14 ਅਤੇ 2014-15 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੇ ਵਾਧੂ ਮੰਗਾਂ ਪੇਸ਼ ਕਰਨ ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਬਾਦਲ) :** ਸ਼੍ਰੀਮਾਨ ਜੀ, ਮੈਂ ਸਾਲ 2011-12, 2012-13, 2013-14 ਅਤੇ 2014-15 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੇ ਵਾਧੂ ਮੰਗਾਂ ਪੇਸ਼ ਕਰਦਾ ਹਾਂ।

**(ii) Discussion and Voting on Excess Demands over Grants and Appropriations for the years 2011-12, 2012-13, 2013-14 and 2014-15**

**ਮਾਨਯੋਗ ਸਪੀਕਰ:** ਸਦਨ ਦੀ ਬਹਿਸ ਅਤੇ ਵੋਟਿੰਗ ਲਈ ਸਾਲ 2011-12 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੇ ਵਾਧੂ ਮੰਗ ਨੰ: 8, 12, 21, ਸਾਲ 2012-13 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੇ ਵਾਧੂ ਮੰਗ ਨੰ: 7, 8, 12, 21, ਸਾਲ 2013-14 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੇ ਵਾਧੂ ਮੰਗ ਨੰ: 8, 21, ਸਾਲ 2014-15 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੇ ਵਾਧੂ ਮੰਗ ਨੰ: 8, ਜੋ ਅੱਜ ਦੀ ਕਾਰਜ ਸੂਚੀ ਵਿੱਚ ਦਰਜ ਹਨ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਕੱਠੀਆਂ ਹੀ ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਗਈਆਂ ਸਮਝੀਆਂ ਜਾਣ ਅਤੇ ਇਕੱਠੀਆਂ ਹੀ ਸਦਨ ਦੀ ਬਹਿਸ ਅਤੇ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

### ਗ੍ਰਾਂਟਾਂ ਅਤੇ ਨਮਿੱਤਣਾਂ 2011-12 ਤੇ ਵਾਧੂ ਮੰਗਾਂ

### ਮੰਗ ਨੰ: 8

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,33,54,63,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,22,82,14,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ਮਾਨਯੋਗ ਸਪੀਕਰ]

**ਮੰਗ ਨੰ: 12**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 7,73,41,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 3,37,25,73,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਕਾਰਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਗ੍ਰਾਂਟਾਂ ਅਤੇ ਨਮਿੱਤਣਾਂ 2012-13 ਤੇ ਵਾਧੂ ਮੰਗਾਂ**

**ਮੰਗ ਨੰ: 7**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,00,58,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2013 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਅਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 8**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,19,32,94,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,53,87,34,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2013 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 12**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 12,45,17,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2013 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 81,93,76,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2013 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਕਾਰਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਗ੍ਰਾਂਟਾਂ ਅਤੇ ਨਮਿੱਤਣਾਂ 2013-14 ਤੇ ਵਾਧੂ ਮੰਗਾਂ**

**ਮੰਗ ਨੰ: 8**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,30,38,12,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2014 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 1,56,00,28,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2014 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਕਾਰਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਗ੍ਰਾਂਟਾਂ ਅਤੇ ਨਮਿੱਤਣਾਂ 2014-15 ਤੇ ਵਾਧੂ ਮੰਗਾਂ**

**ਮੰਗ ਨੰ: 8**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,06,40,09,000 ਰੁਪਏ ਅਤੇ ਪੂੰਜੀਗਤ ਲੇਖੇ ਤੇ 14,01,67,72,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

**ਗ੍ਰਾਂਟਾਂ ਅਤੇ ਨਮਿੱਤਣਾਂ 2011-12 ਤੇ ਵਾਧੂ ਮੰਗਾਂ**

**ਮੰਗ ਨੰ: 8**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,33,54,63,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,22,82,14,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 12**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 7,73,41,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ਮਾਨਯੋਗ ਸਪੀਕਰ]

**ਮੰਗ ਨੰ: 21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 3,37,25,73,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਕਾਰਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਗ੍ਰਾਂਟਾਂ ਅਤੇ ਨਮਿੱਤਣਾਂ 2012-13 ਤੇ ਵਾਧੂ ਮੰਗਾਂ**

**ਮੰਗ ਨੰ: 7**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,00,58,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2013 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਅਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 8**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,19,32,94,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,53,87,34,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2013 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 12**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 12,45,17,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2013 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 81,93,76,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2013 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਕਾਰਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਗ੍ਰਾਂਟਾਂ ਅਤੇ ਨਮਿੱਤਣਾਂ 2013-14 ਤੇ ਵਾਧੂ ਮੰਗਾਂ**

**ਮੰਗ ਨੰ: 8**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,30,38,12,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2014 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 1,56,00,28,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2014 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਕਾਰਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਗ੍ਰਾਂਟਾਂ ਅਤੇ ਨਮਿੱਤਣਾਂ 2014-15 ਤੇ ਵਾਧੂ ਮੰਗਾਂ**

**ਮੰਗ ਨੰ: 8**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,06,40,09,000 ਰੁਪਏ ਅਤੇ ਪੂੰਜੀਗਤ ਲੇਖੇ ਤੇ 14,01,67,72,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਸਾਲਾਂ 2011-12 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੇ ਵਾਧੂ ਮੰਗਾਂ ਨੰ: 8, 12 ਅਤੇ 21, ਜੋ ਮਾਲੀਆ ਲੇਖੇ ਤੇ ਪੂੰਜੀਗਤ ਲੇਖੇ ਤੇ 901 ਕਰੋੜ, 35 ਲੱਖ, 91,000 ਰੁਪਏ ਤੋਂ ਵੱਧ ਨਾ ਹੋਣ ਅਤੇ 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਸਾਲ 2012-13 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਅਤੇ ਵਾਧੂ ਮੰਗ ਨੰਬਰ 7, 8, 12 ਅਤੇ 21 ਜੋ ਮਾਲੀਆ ਅਤੇ ਪੂੰਜੀਗਤ ਲੇਖੇ ਤੇ 769 ਕਰੋੜ, 59 ਲੱਖ ਅਤੇ 79,000 ਰੁਪਏ ਤੋਂ ਵੱਧ ਨਾ ਹੋਵੇ ਅਤੇ 31 ਮਾਰਚ, 2013 ਨੂੰ ਖਤਮ ਹੋਣ ਵਾਲੇ ਸਾਲ ਲਈ ਅਤੇ ਸਾਲ 2014-15 ਲਈ ਗਰਾਂਟਾਂ ਅਤੇ ਨਮਿੱਤਣਾਂ ਤੇ ਵਾਧੂ ਮੰਗ ਨੰ. 8 ਜੋ ਮਾਲੀਆ ਅਤੇ ਪੂੰਜੀਗਤ ਲੇਖੇ ਤੇ 1608 ਕਰੋੜ, 7 ਲੱਖ, 81 ਹਜ਼ਾਰ ਰੁਪਏ ਤੋਂ ਵੱਧ ਨਾ ਹੋਣ ਅਤੇ 31 ਮਾਰਚ, 2015 ਨੂੰ ਖਤਮ ਹੋਣ ਵਾਲੇ ਸਾਲ ਲਈ ਵੱਖ-ਵੱਖ ਵਿਭਾਗਾਂ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀਆਂ ਜਾਣ।

***ਪ੍ਰਸਤਾਵ ਪ੍ਰਵਾਨ ਹੋਇਆ।***

---

**(iii) THE PUNJAB APPROPRIATION BILL, 2019**

**ਮਾਨਯੋਗ ਸਪੀਕਰ :** ਹੁਣ ਵਿੱਤ ਮੰਤਰੀ ਜੀ ਪੰਜਾਬ ਐਪਰੋਪਰੀਏਸ਼ਨ ਬਿਲ, 2019 ਪੇਸ਼ ਕਰਨਗੇ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪੰਜਾਬ ਐਪਰੋਪਰੀਏਸ਼ਨ ਬਿਲ, 2019 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਐਪਰੋਪਰੀਏਸ਼ਨ ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਐਪਰੋਪਰੀਏਸ਼ਨ ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ। ਬਹਿਸ;

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਐਪਰੋਪਰੀਏਸ਼ਨ ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ਾਂ 2 ਤੋਂ 4**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 4 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ ?

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸ਼ਡਿਊਲ 1 ਤੋਂ 4**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸ਼ਡਿਊਲ 1 ਤੋਂ 4 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼-1**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼-1 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਵਿੱਤ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨਗੇ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਐਪਰੋਪਰੀਏਸ਼ਨ ਬਿਲ, 2019 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਐਪਰੋਪਰੀਏਸ਼ਨ ਬਿਲ, 2019 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਐਪਰੋਪਰੀਏਸ਼ਨ ਬਿਲ, 2019 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

## 2.(i) PRESENTATION OF SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2018-19

**ਮਾਨਯੋਗ ਸਪੀਕਰ:** ਵਿੱਤ ਮੰਤਰੀ ਜੀ ਸਾਲ 2018-19 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਸਾਲ 2018-19 ਲਈ ਪੰਜਾਬ ਸਰਕਾਰ ਦੇ ਖਰਚਿਆਂ ਅਤੇ ਗਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਦਾ ਹਾਂ।

## (ii) PRESENTATION OF REPORT OF THE COMMITTEE ON ESTIMATES ON THE SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2018-19

**ਮਾਨਯੋਗ ਸਪੀਕਰ:** ਹੁਣ ਸਭਾਪਤੀ, ਅਨੁਮਾਨ ਕਮੇਟੀ ਸਾਲ 2018-19 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਨਗੇ।

**ਸਭਾਪਤੀ, ਅਨੁਮਾਨ ਕਮੇਟੀ (ਸਰਦਾਰ ਹਰਦਿਆਲ ਸਿੰਘ ਕੰਬੋਜ):** ਸ਼੍ਰੀਮਾਨ ਜੀ, ਮੈਂ ਸਾਲ 2018-19 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

**(iii) SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2018-19**

**(1) Discussion on the Estimates of the Expenditure Charged on the Revenue of the State**

**ਮਾਨਯੋਗ ਸਪੀਕਰ:** ਜੇਕਰ ਕੋਈ ਮਾਨਯੋਗ ਮੈਂਬਰ ਕਿਸੇ ਚਾਰਜਡ ਆਈਟਮ ਤੇ ਬੋਲਣਾ ਚਾਹੁੰਦੇ ਹਨ ਤਾਂ ਉਹ ਬੋਲ ਸਕਦੇ ਹਨ।

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**(2) Voting on the Demands for Supplementary Grants**

**ਮਾਨਯੋਗ ਸਪੀਕਰ:** ਅੱਜ ਦੀ ਕਾਰਜ ਸੂਚੀ ਵਿੱਚ ਸਦਨ ਦੀ ਬਹਿਸ ਅਤੇ ਵੋਟਿੰਗ ਲਈ ਕੁੱਲ 41 ਅਨੁਪੂਰਕ ਮੰਗਾਂ ਹਨ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਸਾਰੀਆਂ ਮੰਗਾਂ ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਗਈਆਂ ਸਮਝੀਆਂ ਜਾਣ ਅਤੇ ਇਕੱਠੀਆਂ ਹੀ ਬਹਿਸ ਲਈ ਲੈ ਲਈਆਂ ਜਾਣ?

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮੰਗ ਨੰ: 1**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 9,74,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 2**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 8,74,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,81,53,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 3**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,36,38,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,21,38,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 4**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 23,83,74,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਰੱਖਿਆ ਸੇਵਾਵਾਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 5**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 91,05,15,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 6**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 42,86,99,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 7**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,05,11,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਅਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 8**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 51,44,52,000 ਰੁਪਏ ਅਤੇ ਪੂੰਜੀਗਤ ਲੇਖੇ ਤੇ 25,13,32,90,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ਮਾਨਯੋਗ ਸਪੀਕਰ]

**ਮੰਗ ਨੰ: 9**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 50,72,91,000 ਰੁਪਏ ਅਤੇ ਪੂੰਜੀਗਤ ਲੇਖੇ ਤੇ 7,68,69,90,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਫੂਡ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 10**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 27,02,85,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਆਮ ਪ੍ਰਸ਼ਾਸਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 11**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 12**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 29,73,94,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,13,60,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 13**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਉਦਯੋਗ ਅਤੇ ਵਣਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 14**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 20,51,78,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਸੂਚਨਾ ਅਤੇ

ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 15**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 8,21,94,000 ਰੁਪਏ ਅਤੇ ਪੂੰਜੀਗਤ ਲੇਖੇ ਤੇ 10,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਜਲ ਸਰੋਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 16**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਕਿਰਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 17**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,70,74,97,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਸਥਾਨਕ ਸਰਕਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 18**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,91,94,000 ਰੁਪਏ ਅਤੇ ਪੂੰਜੀਗਤ ਲੇਖੇ ਤੇ 43,90,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸੋਨਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 19**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 25,45,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,58,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਯੋਜਨਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ਮਾਨਯੋਗ ਸਪੀਕਰ]

**ਮੰਗ ਨੰ: 20**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,72,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਬਿਜਲੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 21**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,62,73,54,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,10,84,07,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 22**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 5,67,51,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਮਾਲੀਆ, ਮੁੜ ਵਸੇਬਾ ਤੇ ਆਫ਼ਤ ਪ੍ਰਬੰਧਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 23**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 11,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਪੇਂਡੂ ਵਿਕਾਸ ਅਤੇ ਪੰਚਾਇਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 24**

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 8,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 25**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,47,02,23,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜਿਕ

ਕੀਤਾ ਹੈ, ਇਸ ਦਾ ਮਤਲਬ ਘਟਾਇਆ ਹੈ। ਜਿਹੜਾ ਤੁਸੀਂ ਘਾਟਾ ਦਿਖਾਇਆ ਹੈ, ਜਿੰਨਾ ਐਸਟੀਮੇਟ ਹੈ, ਤੁਸੀਂ ਉਸ ਐਸਟੀਮੇਟ ਤੋਂ ਘੱਟ ਖਰਚ ਕਰੋਗੇ ਕਿਉਂਕਿ ਤੁਸੀਂ ਟੈਕਸ ਨਹੀਂ ਲਗਾਇਆ। ਇਹ ਤਾਂ ਕਲੀਅਰ ਹੈ। ਇਸ ਵਾਰ ਤੁਸੀਂ 12,888 ਕਰੋੜ ਰੱਖਿਆ ਹੈ ਪਰੰਤੂ ਸਾਨੂੰ ਲਗਦਾ ਹੈ ਕਿ ਤੁਸੀਂ 12,888 ਕਰੋੜ ਲਗਾਓਗੇ। ਤੁਸੀਂ ਕਿਹਾ ਸੀ ਕਿ ਸਕੂਲਾਂ ਵਿੱਚ ਆਰ.ਓ. ਸਿਸਟਮ ਲਗਾਵਾਂਗੇ ਅਤੇ ਇਸ ਵਾਸਤੇ 9 ਕਰੋੜ ਰੱਖਿਆ ਸੀ ਪਰੰਤੂ ਨਹੀਂ ਲਾਇਆ। ਤੁਸੀਂ ਕਿਹਾ ਸੀ ਕਿ +2 ਦੀਆਂ ਬੱਚੀਆਂ ਨੂੰ ਸੈਨੇਟਰੀ ਨੈਪਕਿਨ ਦੇਵਾਂਗੇ, ਮੈਂ ਕੁੜੀਆਂ ਦੇ ਕਈ ਸਕੂਲਾਂ ਵਿੱਚ ਜਾ ਕੇ ਪੁੱਛਿਆ ਪਰ ਉਨ੍ਹਾਂ ਸਕੂਲਾਂ ਵਿੱਚ ਸੈਨੇਟਰੀ ਨੈਪਕਿਨ ਨਹੀਂ ਦਿੱਤੇ ਗਏ। ਬਾਇਓ ਮੀਟ੍ਰਿਕ ਸਿਸਟਮ ਲਈ ਤੁਸੀਂ 5.63 ਕਰੋੜ ਰੁਪਿਆ ਰੱਖਿਆ ਹੈ ਪਰੰਤੂ ਇਹ ਬਹੁਤ ਘੱਟ ਸਕੂਲਾਂ ਵਿੱਚ ਲੱਗੇ ਹਨ ਅਤੇ ਜਿੱਥੇ ਲੱਗੇ ਵੀ ਹਨ, ਉੱਥੇ ਉਸ ਦੀ ਸੁਯੋਗ ਵਰਤੋਂ ਨਹੀਂ ਹੋ ਰਹੀ। ਇਸ ਬਾਇਓ ਮੀਟ੍ਰਿਕ ਸਿਸਟਮ ਮੁਤਾਬਕ ਹੀ ਤੁਸੀਂ ਹਾਜ਼ਰੀ ਲਗਾਉ ਅਤੇ ਉਸ ਮੁਤਾਬਕ ਹੀ ਤਨਖਾਹਾਂ ਬਣਨ ਤਾਂ ਹੀ ਫ਼ਾਇਦਾ ਹੈ। ਤੁਸੀਂ ਹੈਲਥ ਸਿਸਟਮਜ਼ ਡਿਪਾਰਟਮੈਂਟ ਵਿੱਚ ਲਗਾਇਆ ਸੀ, ਉੱਥੇ ਡਾਕਟਰ ਮਰਜ਼ੀ ਨਾਲ ਜਾਂਦੇ ਹਨ ਅਤੇ ਮਰਜ਼ੀ ਨਾਲ ਆਉਂਦੇ ਹਨ। ਜਦੋਂ ਮਰਜ਼ੀ ਜਾ ਕੇ ਬਟਨ ਦੱਬ ਦਿੰਦੇ ਹਨ, ਉੱਥੇ ਇਸ ਦਾ ਕੋਈ ਫ਼ਾਇਦਾ ਹੀ ਨਹੀਂ ਹੋਇਆ। ਸ਼੍ਰੀਮਤੀ ਰਜ਼ੀਆ ਸੁਲਤਾਨਾ, ਉਚੇਰੀ ਸਿੱਖਿਆ ਮੰਤਰੀ ਨੇ ਦੱਸਿਆ ਸੀ ਕਿ ਨਵੇਂ ਡਿਗਰੀ ਕਾਲਜਾਂ ਲਈ 30 ਕਰੋੜ ਰੁਪਿਆ ਰੱਖਿਆ ਸੀ ਪਰ ਸਿਰਫ ਪੰਜ ਕਾਲਜ ਹੀ ਬਣੇ ਹਨ ਅਤੇ ਪੰਜ ਹਾਲੇ ਰਹਿੰਦੇ ਹਨ। ਉਨ੍ਹਾਂ ਨਵੇਂ ਪੰਜ ਕਾਲਜਾਂ ਦੇ ਬੁਨਿਆਦੀ ਢਾਂਚੇ ਲਈ 10 ਕਰੋੜ ਰੁਪਿਆ ਰੱਖਿਆ ਗਿਆ ਸੀ ਪਰੰਤੂ ਉਨ੍ਹਾਂ ਕਾਲਜਾਂ ਵਿੱਚ ਦੋ ਕਰੋੜ ਵਿਚੋਂ ਕਿਸੇ ਨੂੰ ਹਾਲੇ ਤੱਕ ਪੰਜ ਪੈਸੇ ਨਹੀਂ ਮਿਲੇ। ਮਹਾਰਾਣਾ ਪ੍ਰਤਾਪ ਚੇਅਰ ਲਈ ਤੁਸੀਂ 2 ਕਰੋੜ ਰੁਪਿਆ ਰੱਖਿਆ ਸੀ ਪਰ ਕੋਈ ਪੈਸਾ ਨਹੀਂ ਮਿਲਿਆ। ਕਹਿਣ ਦਾ ਮਤਲਬ ਇਹ ਹੈ ਕਿ ਜਿੰਨਾ ਅਸੀਂ ਬਜਟ ਦਾ ਐਸਟੀਮੇਟ ਰੱਖਦੇ ਹਾਂ, ਅਸੀਂ ਖਰਚ ਉਸ ਤੋਂ ਘੱਟ ਕਰ ਰਹੇ ਹਾਂ। ਹੈਲਥ ਵਾਸਤੇ 3,926 ਕਰੋੜ ਰੁਪਿਆ ਰੱਖਿਆ ਸੀ ਪਰ ਪਿਛਲੇ ਸਾਲ ਵਿੱਚ 3,459 ਕਰੋੜ ਖਰਚ ਕੀਤਾ ਹੈ। ਸੋਸ਼ਲ ਵੈਲਫੇਅਰ ਵਾਸਤੇ ਤੁਸੀਂ 3,553 ਕਰੋੜ ਰੁਪਿਆ ਦਿੱਤਾ ਜਦ ਕਿ 3,582 ਕਰੋੜ ਰੱਖਿਆ ਸੀ, ਬਾਅਦ ਵਿੱਚ ਘਟਾ ਦਿੱਤਾ। ਵਾਟਰ ਸਪਲਾਈ ਵਾਸਤੇ 3,710 ਕਰੋੜ ਰੁਪਿਆ ਰੱਖਿਆ ਸੀ ਪਰ ਤੁਸੀਂ 2,805 ਕਰੋੜ ਰੁਪਿਆ ਲਗਾਇਆ ਹੈ। ਇਰੀਗੇਸ਼ਨ ਵਾਸਤੇ 2,108 ਕਰੋੜ ਰੱਖਿਆ ਸੀ ਪਰ 1,812 ਕਰੋੜ ਰੁਪਿਆ ਲਗਾਇਆ ਹੈ। ਰੂਰਲ ਡਿਵੈਲਪਮੈਂਟ ਜਿਹੜੀ ਬਹੁਤ ਮਹੱਤਵਪੂਰਨ ਗੱਲ ਹੈ, ਅਸੀਂ ਪਿੰਡਾਂ ਦੇ ਰਹਿਣ ਵਾਲੇ ਹਾਂ, ਉਸ ਵਾਸਤੇ 2,108 ਕਰੋੜ ਰੱਖਿਆ ਸੀ ਪਰ 1,812 ਲਗਾਇਆ ਹੈ। ਟਰਾਂਸਪੋਰਟ

ਵਿੱਚ ਵੀ ਘਟਿਆ ਹੈ। ਐਸ.ਸੀ./ਬੀ.ਸੀ. ਵੈਲਫੇਅਰ ਵਿੱਚ ਸਭ ਤੋਂ ਮਾੜਾ ਹਾਲ ਹੋਇਆ ਹੈ ਜਿੱਥੇ 1,260 ਕਰੋੜ ਰੁਪਿਆ ਰੱਖਿਆ ਸੀ ਪਰੰਤੂ ਸਿਰਫ 767 ਕਰੋੜ ਰੁਪਿਆ ਖਰਚਿਆ ਗਿਆ ਹੈ। ਸਾਨੂੰ ਪੱਕਾ ਯਕੀਨ ਕਿਵੇਂ ਹੋਵੇਗਾ ਕਿ ਜਿਹੜਾ ਤੁਸੀਂ ਐਤਕੀਂ ਬਜਟ ਰੱਖਿਆ ਹੈ, ਤੁਸੀਂ ਇਹ ਪੈਸੇ ਪੂਰੇ ਲਗਾਉਗੇ? ਤੁਹਾਡੀਆਂ ਜਿਹੜੀਆਂ ਕੁਮਿਟਿਡ ਲਾਇਬਿਲਿਟੀਜ਼ ਹਨ, ਉਹ 55,523 ਕਰੋੜ ਰੁਪਏ ਦੀਆਂ ਹਨ ਜੋ ਕਿ ਬਜਟ ਦਾ 35% ਹੈ। ਫ਼ਿਰ ਇਸ ਦਾ ਮਤਲਬ ਹੈ ਕਿ ਜਿਹੜੀ ਅਸੀਂ 3% ਸਾਲਾਨਾ ਤਰੱਕੀ ਦਿੰਦੇ ਹਾਂ, ਇਹ ਤਾਂ ਸਿਰਫ਼ ਉਹੀ ਹੋਈ ਹੈ। ਪਿਛਲੀ ਵਾਰ ਨਾਲੋਂ ਵੱਧ ਤਾਂ ਹੋਰ ਕੁਝ ਰੱਖਿਆ ਹੀ ਨਹੀਂ ਹੈ। ਇਸ ਦਾ ਡੀ.ਏ. ਫਰੀ ਹੋ ਗਿਆ। ਇਸ ਦਾ ਮਤਲਬ ਇਹ ਹੋ ਗਿਆ ਕਿ ਜਿਹੜਾ ਸੈਂਟਰ ਦੇ ਨਾਲ ਕੀਤਾ ਹੋਇਆ ਸੀ, ਉਹ ਡਿਲਿਊਟ ਕਰਨ ਜਾ ਰਹੇ ਹਾਂ ਕਿਉਂਕਿ ਸਾਲ 2000 ਵਿੱਚ ਕੁੱਲ ਕਰਮਚਾਰੀ 3,75,448 ਸਨ, ਉਦੋਂ ਪੁਲਿਸ ਘੱਟ ਸੀ। ਸਾਲ 2015 ਦੀ ਫਿਗਰ ਅਨੁਸਾਰ 3,50,000 ਦੇ ਕਰੀਬ ਇੰਪਲਾਈ ਸਨ ਪਰੰਤੂ ਅੱਜ ਉਹ ਘੱਟ ਕੇ 3,04,888 ਰਹਿ ਗਏ ਹਨ। ਹੁਣ ਪੁਲਿਸ ਵੀ 80,000 ਦੇ ਕਰੀਬ ਹੈ। ਮੈਂ ਸਮਝਦਾ ਹਾਂ ਕਿ ਜਿਹੜੀ ਪੁਲਿਸ ਹੈ, ਇਹ ਨਾਨ ਪ੍ਰੋਡਕਟਿਵ ਹੈ। ਇਕੱਲੇ ਇਸ ਮਹਿਕਮੇ ਵਿੱਚ ਪੋਸਟਾਂ ਪੂਰੀਆਂ ਭਰੀਆਂ ਹੋਈਆਂ ਹਨ.

**ਮਾਨਯੋਗ ਸਪੀਕਰ :** ਹੁਣ ਵਾਈਂਡ ਅੱਪ ਕਰੋ।

**ਸ਼੍ਰੀ ਬੁੱਧ ਰਾਮ :** ਬਾਕੀ ਕਿਸੇ ਵੀ ਵਿਭਾਗ ਵਿੱਚ ਜਿਹੜੇ ਕਿ ਉਤਪਾਦਕ ਵਿਭਾਗ ਹਨ, ਜਿਵੇਂ ਖੇਤੀਬਾੜੀ, ਪੀ.ਡਬਲਿਯੂ.ਡੀ.(ਬੀ.ਐਂਡ ਆਰ.), ਬਾਗਬਾਨੀ, ਡੇਅਰੀ ਡਿਵੈਲਪਮੈਂਟ, ਸਮਾਲ ਸਕੇਲ ਇੰਡਸਟਰੀ, ਭੂਮੀ ਸੁਰੱਖਿਆ ਆਦਿ ਵਿੱਚ ਪੋਸਟਾਂ ਖਾਲੀ ਪਈਆਂ ਹਨ। ਜੇਕਰ ਇਨ੍ਹਾਂ ਵਿੱਚ ਮੁਲਾਜ਼ਮ ਹੀ ਨਹੀਂ ਹੋਣਗੇ ਤਾਂ ਤੁਹਾਡੀਆਂ ਸਕੀਮਾਂ ਕੌਣ ਲਾਗੂ ਕਰੇਗਾ?

**Mr. Speaker :** Thank you, thank you.

**ਸ਼੍ਰੀ ਬੁੱਧ ਰਾਮ:** ਪਿਛਲੇ 15 ਸਾਲਾਂ ਵਿੱਚ ਤੁਸੀਂ ਸਵਾ ਲੱਖ ਮੁਲਾਜ਼ਮ ਘੱਟ ਭਰਤੀ ਕੀਤਾ ਹੈ। ਜੇਕਰ ਤੁਸੀਂ ਇਹ ਸਵਾ ਲੱਖ ਮੁਲਾਜ਼ਮ ਭਰਤੀ ਕੀਤਾ ਹੁੰਦਾ ਤਾਂ ਜਿਹੜਾ ਪਿਛਲੀ ਵਾਰੀ 1.75 ਲੱਖ ਬੰਦਾ ਫੌਰਨ ਨਾ ਚਲਾ ਗਿਆ ਹੁੰਦਾ ਅਤੇ ਸਾਡਾ 27,000 ਕਰੋੜ ਰੁਪਿਆ ਵੀ ਬਾਹਰ ਨਾ ਚਲਾ ਗਿਆ ਹੁੰਦਾ ਤਾਂ ਸ਼ਾਇਦ ਤੁਹਾਡਾ 'ਘਰ-ਘਰ ਨੌਕਰੀ' ਵਾਲਾ ਸੁਪਨਾ ਪੂਰਾ ਹੋ ਜਾਣਾ ਸੀ। ਅਸੀਂ ਆਸ ਕਰਦੇ ਹਾਂ ਕਿ ਜਿਹੜਾ ਇਹ ਬਜਟ ਹੈ ਇਸ ਨੂੰ ਤੁਸੀਂ ਚੰਗੀ ਤਰ੍ਹਾਂ ਲਾਗੂ ਕਰੋਗੇ। ਸਪੀਕਰ ਸਾਹਿਬ, ਮੈਂ ਇੰਨਾ ਕਹਿੰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ।

**Mr. Speaker :** Thank you, thank you, thank you. ਹਾਂ ਜੀ, ਚੱਬੇਵਾਲ ਜੀ।

**ਡਾਕਟਰ ਰਾਜ ਕੁਮਾਰ (ਚੱਬੇਵਾਲ, ਐਸ.ਸੀ.):** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਸਾਡੇ ਵਿੱਤ ਮੰਤਰੀ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੂੰ ਬਹੁਤ-ਬਹੁਤ ਵਧਾਈ ਦੇਣਾ ਚਾਹੁੰਦਾ ਹਾਂ ਔਰ ਮੈਂ ਆਪ ਜੀ ਦਾ ਬਹੁਤ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਨਾਲ ਹੀ ਇਹ ਬੇਨਤੀ ਵੀ ਕਰਨੀ ਚਾਹੁੰਦਾ ਹਾਂ ਕਿ ਸ਼ੁਕਰ ਹੈ ਕਿ ਸਰਦਾਰ ਹਰਦਿਆਲ ਸਿੰਘ ਕੰਬੋਜ ਸਾਡੇ ਸੈਗਮੈਂਟ ਵਿੱਚ ਆਉਂਦੇ ਹਨ ਔਰ ਸਾਨੂੰ ਤਿਆਰੀ ਕਰਨ ਲਈ ਕਹਿ ਕੇ ਜਾਂਦੇ ਹਨ। ਸਾਡੇ ਸਾਥੀ ਕੱਲ੍ਹ ਗੱਲ ਕਰ ਰਹੇ ਸਨ ਕਿ ਸਾਡੀ ਤਿਆਰੀ ਕਰਵਾਈ ਜਾਂਦੀ ਹੈ ਪਰ ਜਦੋਂ ਮੌਕਾ ਆਉਂਦਾ ਹੈ ਤਾਂ ਸਾਡੇ ਕਈ ਸੀਨੀਅਰ ਲੀਡਰ ਕੁਝ ਜ਼ਿਆਦਾ ਸਮਾਂ ਲੈ ਜਾਂਦੇ ਹਨ ਤੇ ਸਾਨੂੰ ਬੋਲਣ ਦਾ ਮੌਕਾ ਹੀ ਨਹੀਂ ਮਿਲਦਾ। ਸਾਡੀ ਗਲਤੀ ਸ਼ਾਇਦ ਇਹ ਹੈ ਕਿ ਅਸੀਂ ਪਹਿਲੀ ਵਾਰ ਐਮ.ਐਲ.ਏ. ਬਣ ਕੇ ਆਏ ਹਾਂ। ਸਪੀਕਰ ਸਾਹਿਬ, ਮੇਰੀ ਤੁਹਾਨੂੰ ਦੋਵੇਂ ਹੱਥ ਜੋੜ ਕੇ ਬੇਨਤੀ ਹੈ ਕਿ ਸਾਨੂੰ first timers ਨੂੰ ਬੋਲਣ ਦਾ ਥੋੜ੍ਹਾ ਜ਼ਿਆਦਾ ਮੌਕਾ ਦਿੱਤਾ ਜਾਵੇ।

**ਮਾਨਯੋਗ ਸਪੀਕਰ:** ਆਪਣੀ ਪਾਰਟੀ ਵਿੱਚ ਵੀ ਗੱਲ ਰੱਖਿਆ ਕਰੋ ਕਿ ਸੀਨੀਅਰਜ਼ ਤੁਹਾਨੂੰ ਮੌਕਾ ਦੇਣ। ਜਦੋਂ ਕੋਈ ਬੋਲਦਾ ਹੁੰਦਾ ਹੈ ਤਾਂ ਸਾਰੇ ਇਕੱਠੇ ਹੋ ਜਾਂਦੇ ਹਨ ਕਿ ਸਮਾਂ ਦੇ ਦਿਓ, ਇਨ੍ਹਾਂ ਨੂੰ ਬੁਲਾ ਦਿਓ। ਇਹ ਮੈਂਨਟੈਲਿਟੀ ਨਹੀਂ ਹੋਣੀ ਚਾਹੀਦੀ।

**ਡਾਕਟਰ ਰਾਜ ਕੁਮਾਰ :** ਸਪੀਕਰ ਸਾਹਿਬ, ਮੈਂ ਆਪ ਜੀ ਦੀ ਮਾਰਫ਼ਤ ਖਾਸ ਤੌਰ ਤੇ ਕਹਿਣਾ ਚਾਹੁੰਦਾ ਹਾਂ ਕਿ ਢੀਂਡਸਾ ਸਾਹਿਬ ਕਹਿ ਰਹੇ ਸੀ ਕਿ ਸਾਨੂੰ ਸਿਰਫ਼ 45 ਮਿੰਟ ਹੀ ਮਿਲੇ ਹਨ ਪਰ ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਤਾਂ ਦਸ ਸਾਲ ਮਿਲੇ ਸਨ ਅਤੇ ਕਈ ਬਜਟ ਵੀ ਪੇਸ਼ ਕੀਤੇ ਹਨ ਪਰ ਕੀਤਾ ਕੁਝ ਵੀ ਨਹੀਂ। ਆਪੋਜ਼ੀਸ਼ਨ ਬੈਂਚਿਜ਼ ਤੋਂ ਸਾਡੇ ਸਾਥੀ ਬੋਲ ਰਹੇ ਸਨ ਕਿ ਪੰਜਾਬ ਵੈਂਟੀਲੇਟਰ ਤੇ ਹੈ। ਮੈਂ ਆਪਣੇ ਸਾਥੀਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਹੁਣ ਵੈਂਟੀਲੇਟਰ ਤੇ ਨਹੀਂ ਹੈ। ਹੁਣ ਤਾਂ ਅਸੀਂ ਪੰਜਾਬ ਨੂੰ ਵੈਂਟੀਲੇਟਰ ਤੋਂ ਹਟਾਇਆ ਹੈ। (ਥੰਪਿੰਗ) ਹੁਣ ਤਾਂ ਪੰਜਾਬ ਨੇ ਆਪਣੇ ਆਪ ਸਾਹ ਲੈਣਾ ਸ਼ੁਰੂ ਕਰ ਦਿੱਤਾ ਹੈ, ਤੁਰਨਾ ਸ਼ੁਰੂ ਕਰ ਦਿੱਤਾ ਹੈ ਔਰ ਇਸ ਦੇ ਲਈ ਮੈਂ ਵਿੱਤ ਮੰਤਰੀ ਸਰਦਾਰ ਮਨਪ੍ਰੀਤ ਸਿੰਘ ਬਾਦਲ ਅਤੇ ਉਨ੍ਹਾਂ ਤੋਂ ਵੀ ਉੱਪਰ ਕੈਪਟਨ ਅਮਰਿੰਦਰ ਸਿੰਘ ਜੀ, ਮੁੱਖ ਮੰਤਰੀ ਪੰਜਾਬ ਦਾ ਧੰਨਵਾਦ ਕਰਦਾ ਹਾਂ, ਉਨ੍ਹਾਂ ਦੀ ਦੂਰਅੰਦੇਸ਼ ਸੋਚ ਨੂੰ ਸੈਲਿਊਟ ਕਰਦਾ ਹਾਂ। ਸਪੀਕਰ ਸਾਹਿਬ, ਦੋ ਸਾਲ ਪਹਿਲਾਂ ਪੰਜਾਬ ਵਾਸੀਆਂ ਨੇ ਆਪਣੀ ਦੂਰਅੰਦੇਸ਼ੀ ਦਿਖਾਉਂਦਿਆਂ ਦਸ ਸਾਲ ਤੋਂ ਪੰਜਾਬ ਰਾਜ ਵਿੱਚ ਪਸਰੇ ਜੰਗਲ ਰਾਜ ਨੂੰ ਤਹਿਸ ਨਹਿਸ ਕਰਕੇ ਆਪਣੇ ਹਰਮਨ ਪਿਆਰੇ ਨੇਤਾ ਕੈਪਟਨ ਅਮਰਿੰਦਰ ਸਿੰਘ ਜੀ ਦੀ ਰਹਿਨੁਮਾਈ ਹੇਠ ਬਹੁਤ ਹੀ

ਇਤਿਹਾਸਕ ਬਹੁਮਤ ਵਾਲੀ ਕਾਂਗਰਸ ਸਰਕਾਰ ਬਣਾਈ। ਵਿਰੋਧੀ ਧਿਰ ਔਰ ਸਾਬਕਾ ਸਰਕਾਰ, ਜਿਹੜੀ ਕਿ 25 ਸਾਲ ਰਾਜ ਕਰਨ ਦਾ ਸੁਪਨਾ ਲੈਂਦੀ ਸੀ ਉਨ੍ਹਾਂ ਨੂੰ ਵਿਰੋਧੀ ਧਿਰ ਵਜੋਂ ਵਿਚਰਨ ਤੋਂ ਵੀ ਨਾਕਾਮ ਕਰ ਦਿੱਤਾ। ਅੱਜ ਉਹ ਵਿਰੋਧੀ ਧਿਰ ਬਣਨ ਦੇ ਕਾਬਲ ਨਹੀਂ ਰਹੇ ਹਨ। ਸਪੀਕਰ ਸਾਹਿਬ, ਜੋ ਖਜ਼ਾਨੇ ਦੇ ਹਾਲਾਤ ਹੋਏ, ਮਜੀਠੀਆ ਸਾਹਿਬ ਗੱਲ ਕਰ ਰਹੇ ਸੀ ਕਿ ਖਜ਼ਾਨੇ ਤੇ ਬੋਝ ਪਾਇਆ ਜਾ ਰਿਹਾ ਹੈ, ਖਜ਼ਾਨੇ ਨੂੰ ਲੁੱਟਿਆ ਜਾ ਰਿਹਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਖਜ਼ਾਨੇ ਦੇ ** ** ਤਾਂ ਇੱਧਰ ਬੈਠੇ ਹਨ। ਖਜ਼ਾਨਾ ਤਾਂ ਇਨ੍ਹਾਂ ਨੇ ਲੁੱਟਿਆ ਹੈ।

**ਮਾਨਯੋਗ ਸਪੀਕਰ:** ** ** ਸ਼ਬਦ ਕੱਟ ਦਿਓ।

**ਡਾਕਟਰ ਰਾਜ ਕੁਮਾਰ :** ਖਜ਼ਾਨੇ ਦੀ ਤਹਿਸ ਨਹਿਸ ਤਾਂ ਇਨ੍ਹਾਂ ਨੇ ਕੀਤੀ ਹੈ। ਇਹ 2,08,000 ਕਰੋੜ ਦਾ ਕਰਜ਼ਾ ਪੰਜਾਬ ਦੇ ਸਿਰ ਛੱਡ ਗਏ ਔਰ ਇਹ ਭੁਗਤਣਾ ਕਿਸ ਨੂੰ ਪਿਆ? ਪੰਜਾਬ ਨੂੰ, ਪੰਜਾਬ ਦੀ ਜਨਤਾ ਨੂੰ ਭੁਗਤਣਾ ਪਿਆ। ਪੰਜਾਬ ਖੁਸ਼ਕਿਸਮਤ ਸੀ, ਪੰਜਾਬੀਆਂ ਦੀ ਖੁਸ਼ਕਿਸਮਤੀ ਸੀ ਕਿ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਆਈ। ਸਪੀਕਰ ਸਾਹਿਬ, ਇਹ ਹੈਰਾਨ ਹਨ, ਇਹ ਨਾ ਇਨ੍ਹਾਂ ਨੂੰ ਸਮਝ ਆ ਰਿਹਾ ਹੈ ਅਤੇ ਨਾ ਹੀ ਹਜ਼ਮ ਹੋ ਰਿਹਾ ਹੈ ਕਿਉਂਕਿ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਦੋ ਸਾਲਾਂ ਦੇ ਵਿੱਚ ਜੋ ਵਿਕਾਸ ਕਰ ਰਹੀ ਹੈ, ਜੋ ਬਹੁ ਦਿਸ਼ਾਵੀ ਤੇ ਬਹੁ ਪ੍ਰਭਾਵੀ ਵਿਕਾਸ ਕਰ ਰਹੀ ਹੈ, ਉਹ ਸ਼ਾਇਦ ਇਨ੍ਹਾਂ ਦੀ ਸਮਝ ਤੋਂ ਬਾਹਰ ਹੈ। ਇਸ ਲਈ ਮੈਂ ਸਰਦਾਰ ਮਨਪ੍ਰੀਤ ਸਿੰਘ ਬਾਦਲ, ਵਿੱਤ ਮੰਤਰੀ ਪੰਜਾਬ ਨੂੰ ਵਧਾਈ ਦੇਣਾ ਚਾਹੁੰਦਾ ਹਾਂ। ਕੇਂਦਰ ਵਿੱਚ ਮੋਦੀ ਸਰਕਾਰ ਨੇ ਜਿਸ ਤਰ੍ਹਾਂ ਅਖੀਰਲਾ ਬਜਟ ਪੇਸ਼ ਕੀਤਾ ਅਤੇ ਲੋਕਾਂ ਨੂੰ ਬਹੁਤ ਵਧੀਆ ਬਜਟ ਦਰਸਾਉਣ ਦੀ ਕੋਸ਼ਿਸ਼ ਕੀਤੀ ਪਰ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਜਿਹੜਾ ਬਜਟ ਪੇਸ਼ ਕੀਤਾ ਹੈ, ਇਹ ਬਹੁਤ ਇਤਿਹਾਸਕ ਬਜਟ ਪੇਸ਼ ਕੀਤਾ ਹੈ। ਇਹ ਇੱਕ ਡਰੀਮ ਬਜਟ ਹੈ ਜਿਵੇਂ ਸ਼੍ਰੀ ਪੀ. ਚਿੰਦਬਰਮ ਜੀ ਨੇ ਸਾਲ 1997 ਵਿੱਚ ਪੇਸ਼ ਕੀਤਾ ਸੀ, ਜਿਸ ਵਿੱਚ ਇਕਨਾਮਿਕ ਰਿਫ਼ਾਰਮਜ਼ ਦੀ ਗੱਲ ਕੀਤੀ ਗਈ ਸੀ, ਜਿਸ ਵਿੱਚ ਇਨਕਮ ਟੈਕਸ ਰੇਟਸ ਨੂੰ ਘੱਟ ਕਰਨ ਦੀ ਗੱਲ ਕੀਤੀ ਸੀ। ਉਸੇ ਤਰ੍ਹਾਂ ਦਾ ਅੱਜ ਇਹ ਬਹੁਤ ਹੀ ਪ੍ਰਭਾਵੀ ਬਜਟ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਵੱਲੋਂ ਪੇਸ਼ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਕੌਮ ਦੀ ਖੁਸ਼ਕਿਸਮਤੀ ਹੈ ਕਿ ਜਿਹੜੇ ਗਰਜਣ ਵਾਲੇ ਬਾਦਲ ਸਨ, ਉਹ ਇੱਧਰੋਂ ਗਰਜਦੇ-ਗਰਜਦੇ ਉੱਧਰ ਤੱਕ ਪਹੁੰਚ ਗਏ ਅਤੇ ਮੈਨੂੰ ਲਗਦਾ ਹੈ ਕਿ ਉੱਧਰੋਂ ਬਾਹਰ ਚਲੇ ਜਾਣਗੇ ਅਤੇ ਸਾਡਾ ਜਿਹੜਾ ਇਹ ਬਾਦਲ ਹੈ, ਇਹ ਬਰਸਣ ਵਾਲਾ ਬਾਦਲ ਹੈ।

---

** **Expunged as ordered by the Chair.

ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਨੇ ਬਹੁਤ ਵਧੀਆ ਬਜਟ ਪੇਸ਼ ਕੀਤਾ ਹੈ। ਮੈਂ ਜ਼ਿਆਦਾ ਅੰਕੜਿਆਂ ਦੇ ਵਿੱਚ ਨਹੀਂ ਪੈਣਾ ਚਾਹੁੰਦਾ। ਸਾਡੇ ਬਜਟ ਵਿੱਚ ਅੰਕੜੇ ਆਲਰੇਡੀ ਮੌਜੂਦ ਹਨ। ਮੈਨੂੰ ਇਸ ਬਜਟ ਵਿੱਚ ਦੋ ਗੱਲਾਂ ਬਹੁਤ ਚੰਗੀਆਂ ਲੱਗੀਆਂ ਹਨ। ਤੁਸੀਂ ਦੇਖਿਆ ਹੋਣਾ ਹੈ ਕਿ ਜਿਹੜੇ ਸਾਡੇ ਵੱਡੇ ਸ਼ਹਿਰ ਹਨ, ਉਨ੍ਹਾਂ ਵਿੱਚ ਪੀਣ ਵਾਲਾ ਪਾਣੀ ਦੂਸ਼ਿਤ ਹੋ ਰਿਹਾ ਹੈ ਜਿਸ ਕਾਰਨ ਲੋਕ ਭਿਆਨਕ ਬਿਮਾਰੀਆਂ ਦੀ ਲਪੇਟ ਵਿੱਚ ਆ ਰਹੇ ਹਨ। ਉਸ ਨੂੰ ਮੁੱਖ ਰੱਖਦੇ ਹੋਏ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਅੰਮ੍ਰਿਤਸਰ, ਲੁਧਿਆਣਾ, ਬਠਿੰਡਾ ਅਤੇ ਪਟਿਆਲਾ ਸ਼ਹਿਰਾਂ ਵਾਸਤੇ ਡਰਿੰਕਿੰਗ ਸਰਫ਼ੇਸ ਵਾਟਰ ਦੀ ਯੋਜਨਾ 4800 ਕਰੋੜ ਰੁਪਏ ਦੇ ਨਾਲ ਲਾਂਚ ਕੀਤੀ ਹੈ। ਇਸ ਵਾਸਤੇ ਮੈਂ ਇਨ੍ਹਾਂ ਨੂੰ ਬਹੁਤ-ਬਹੁਤ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ। ਵਿੱਤ ਮੰਤਰੀ ਜੀ ਨੇ ਦੂਸਰੀ ਗੱਲ ਜੋ ਸਭ ਤੋਂ ਚੰਗੀ ਕੀਤੀ ਹੈ, ਉਹ ਇਹ ਕਿ ਕਈ ਵਾਰ ਟੀਮ ਨੂੰ ਛੱਕਾ ਚਾਹੀਦਾ ਹੁੰਦਾ ਹੈ ਅਤੇ ਉਹ ਛੱਕਾ ਵੱਜ ਜਾਣ ਤੇ ਟੀਮ ਜਿੱਤ ਜਾਂਦੀ ਹੈ। ਆਪਣੀ ਸਪੀਚ ਦੇ ਐਂਡ ਵਿੱਚ ਪੈਟਰੋਲ 5/- ਰੁਪਏ ਅਤੇ ਡੀਜ਼ਲ 1/- ਰੁਪਏ ਸਸਤਾ ਕਰਨ ਬਾਰੇ ਕਹਿਣਾ, ਮੈਂ ਸਮਝਦਾ ਹਾਂ ਕਿ ਇਹ ਦੋ ਕੰਮ ਮੁੱਖ ਬਿੰਦੂ ਹਨ। (ਥੰਪਿੰਗ) ਮੈਂ ਇਸ ਲਈ ਵਿੱਤ ਮੰਤਰੀ ਜੀ ਨੂੰ ਬਹੁਤ-ਬਹੁਤ ਮੁਬਾਰਕਬਾਦ ਦਿੰਦਾ ਹਾਂ।

ਸਪੀਕਰ ਸਾਹਿਬ, ਕੈਪਟਨ ਸਾਹਿਬ ਦੀ ਸਰਕਾਰ ਨੇ ਬੜੇ ਇਤਿਹਾਸਕ ਕੰਮ ਕੀਤੇ ਹਨ। ਪੰਜਾਬ ਦਾ ਕਿਸਾਨ ਜਿਹੜਾ ਪੰਜਾਬ ਦਾ ਹੀ ਨਹੀਂ ਬਲਕਿ ਪੂਰੇ ਹਿੰਦੁਸਤਾਨ ਦੀ ਰੀੜ੍ਹ ਦੀ ਹੱਡੀ ਹੈ। ਪੰਜਾਬ ਦਾ ਖਜ਼ਾਨਾ ਸਾਨੂੰ ਜਿਸ ਹਾਲਤ ਦੇ ਵਿੱਚ ਮਿਲਿਆ, ਉਸ ਹਾਲਤ ਦੇ ਬਾਵਜੂਦ ਕੈਪਟਨ ਅਮਰਿੰਦਰ ਸਿੰਘ ਜੀ ਨੇ ਆਪਣੀ ਕਹਿਣੀ ਨੂੰ ਕਥਨੀ ਵਿੱਚ ਬਦਲਿਆ। 5 ਲੱਖ 83 ਹਜ਼ਾਰ ਕਿਸਾਨਾਂ ਦਾ ਲਗਭਗ 4.5 ਹਜ਼ਾਰ ਕਰੋੜ ਰੁਪਏ ਤੋਂ ਵੀ ਜ਼ਿਆਦਾ ਕਰਜ਼ਾ ਮੁਆਫ਼ ਕੀਤਾ। ਇਸ ਤੋਂ ਇਲਾਵਾ ਇਸ ਬਜਟ ਵਿੱਚ ਹੁਣ 3000 ਕਰੋੜ ਰੁਪਏ ਦੀ ਪ੍ਰੋਵੀਜ਼ਨ ਰੱਖੀ ਹੈ। ਸੋ, ਮੈਂ ਵਿੱਤ ਮੰਤਰੀ ਸਾਹਿਬ ਨੂੰ ਬਹੁਤ-ਬਹੁਤ ਮੁਬਾਰਕਬਾਦ ਦਿੰਦਾ ਹਾਂ। ਕੈਪਟਨ ਸਾਹਿਬ ਦੀ ਸਰਕਾਰ ਨੂੰ ਬਹੁਤ-ਬਹੁਤ ਮੁਬਾਰਕਬਾਦ ਦਿੰਦਾ ਹਾਂ। ਕੈਪਟਨ ਸਾਹਿਬ ਨੇ ਜੋ ਸਭ ਤੋਂ ਵੱਡਾ ਇਤਿਹਾਸਕ ਕੰਮ ਕੀਤਾ ਹੈ, ਉਹ ਹੈ ਲੰਗਰ ਤੇ ਜੀ.ਐਸ.ਟੀ. ਮੁਆਫ਼ ਕਰਨਾ। ਇਸ ਦੇ ਨਾਲ ਪੰਜਾਬ ਦਾ ਭਲਾ ਤਾਂ ਕੀਤਾ ਹੀ ਹੈ ਪਰ ਸਪੀਕਰ ਸਾਹਿਬ, ਉਹ ਭਲਾ ਕੇਵਲ ਪੰਜਾਬ ਦਾ ਹੀ ਨਹੀਂ ਹੋਇਆ ਬਲਕਿ ਜਿੱਥੇ ਪੂਰੇ ਹਿੰਦੁਸਤਾਨ ਵਿੱਚ ਲੰਗਰ ਚੱਲਦਾ ਹੈ, ਉਹ ਸਾਰੇ ਹਿੰਦੁਸਤਾਨ ਦਾ ਫਾਇਦਾ ਹੋਇਆ ਹੈ ਔਰ ਇਹ ਕੈਪਟਨ ਸਾਹਿਬ ਦੀ ਸੋਚ ਸਦਕਾ ਹੋਇਆ ਹੈ। ਸੋ, ਇਸ ਵਾਸਤੇ ਕੈਪਟਨ ਸਾਹਿਬ ਦੀ ਸਰਕਾਰ ਨੂੰ ਬਹੁਤ-ਬਹੁਤ ਮੁਬਾਰਕਬਾਦ। ਸਪੀਕਰ ਸਾਹਿਬ,

ਮੇਰਾ ਹਲਕਾ ਪੂਰਨ ਤੌਰ ਤੇ ਦਿਹਾਤੀ ਹੈ। ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਜੋ ਉਨ੍ਹਾਂ ਨੇ ਸਮਾਰਟ ਵਿਲੇਜ ਕੈਂਪੇਨ ਸ਼ੁਰੂ ਕੀਤੀ ਹੈ, ਉਸ ਦੇ ਤਹਿਤ 2600 ਕਰੋੜ ਰੁਪਿਆ ਰੱਖਿਆ ਗਿਆ ਹੈ। ਇਸ ਵਾਸਤੇ ਮੈਂ ਉਨ੍ਹਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ। ਇਸ ਕੈਂਪੇਨ ਤਹਿਤ ਸਾਨੂੰ ਕਾਫ਼ੀ ਪੈਸੇ ਮਿਲ ਵੀ ਚੁੱਕੇ ਹਨ ਔਰ ਇਸ ਤੋਂ ਇਲਾਵਾ ਜਿਹੜੀ ਮਨਰੇਗਾ ਵਿੱਚ 92% ਦੀ ਇਨਕਰੀਜ਼ ਦਿੱਤੀ ਹੈ, ਇਹ ਪਹਿਲਾਂ 360 ਕਰੋੜ ਸੀ, ਜੋ ਹੁਣ 500 ਕਰੋੜ ਰੁਪਏ ਕਰ ਦਿੱਤੀ ਗਈ ਹੈ। ਇਹ ਵੀ ਬਹੁਤ ਅੱਛੀ ਗੱਲ ਹੈ। ਇੰਨਾ ਹੀ ਨਹੀਂ, ਸ਼ਹਿਰਾਂ ਦੇ ਵਿੱਚ ਜੋ ਸਾਡੇ ਨੌਜਵਾਨ ਬੇਕਾਰ ਸਨ, ਉਨ੍ਹਾਂ ਨੂੰ ਰੁਜ਼ਗਾਰ ਦੇਣ ਲਈ ਸੌ ਦਿਨਾਂ ਦੀ ਰੁਜ਼ਗਾਰ ਗਾਰੰਟੀ ਸਕੀਮ 'ਮੇਰਾ ਕੰਮ, ਮੇਰਾ ਮਾਣ' ਵੀ ਬਜਟ ਵਿੱਚ ਇੱਕ ਬਹੁਤ ਵੱਡਾ ਉਪਰਾਲਾ ਹੈ।

ਸਪੀਕਰ ਸਾਹਿਬ, ਜਿੱਥੇ ਮੇਰਾ ਹਲਕਾ ਦਿਹਾਤੀ ਹੈ, ਉਥੇ ਹੀ ਸਾਡੇ ਕੰਢੀ ਦਾ ਏਰੀਆ ਵੀ ਬਹੁਤ ਜ਼ਿਆਦਾ ਹੈ। ਕੰਢੀ ਅਤੇ ਬਾਰਡਰ ਦੇ ਪਿੰਡਾਂ ਲਈ ਜੋ ਡਿਵੈੱਲਪਮੈਂਟ ਬੋਰਡ ਬਣਾਏ ਹਨ, ਇਹ ਕੈਪਟਨ ਸਰਕਾਰ ਦੇ ਉਪਰਾਲੇ ਸਦਕਾ ਹੋਇਆ ਹੈ, ਇਹ ਵੀ ਇੱਕ ਬਹੁਤ ਮਾਣ ਵਾਲੀ ਗੱਲ ਹੈ। ਕੰਢੀ ਅਤੇ ਬਾਰਡਰ ਪਿੰਡਾਂ ਦੀਆਂ ਸਮੱਸਿਆਵਾਂ ਲਗਭਗ ਬਰਾਬਰ ਹਨ, ਦੋਨੋਂ ਇਲਾਕੇ ਪੱਛੜੇ ਹੋਏ ਹਨ। ਇਨ੍ਹਾਂ ਲਈ ਡਿਵੈਲਪਮੈਂਟ ਬੋਰਡ ਬਣਾ ਕੇ ਜੋ ਸਹੂਲਤਾਂ ਦਿੱਤੀਆਂ ਹਨ, ਇਹ ਵੀ ਇੱਕ ਬਹੁਤ ਵੱਡਾ ਉਪਰਾਲਾ ਹੈ। ਬਜਟ ਵਿੱਚ ਖਿੱਚ ਦਾ ਕੇਂਦਰ ਅਤੇ ਹਰ ਸਰਕਾਰ ਦੀ ਤਰਜੀਹ ਐਜੂਕੇਸ਼ਨ ਅਤੇ ਹੈਲਥ ਹੁੰਦੀ ਹੈ। ਐਜੂਕੇਸ਼ਨ ਦੇ ਤਹਿਤ approximately 9.5 % ਅਤੇ ਹੈਲਥ ਵਾਸਤੇ 10.87 % ਦਾ ਜੋ ਵਾਅਦਾ ਕੀਤਾ ਗਿਆ ਸੀ, ਇਹ ਬਜਟ ਵਿੱਚ ਬਹੁਤ ਹੀ ਖਿੱਚ ਦਾ ਕੇਂਦਰ ਰਹੀ ਹੈ। ਇਸੇ ਤਰ੍ਹਾਂ ਪ੍ਰੀ-ਪ੍ਰਾਇਮਰੀ ਕਲਾਸਿਜ਼ ਸ਼ੁਰੂ ਕਰਕੇ ਸਮਾਰਟ ਸਕੂਲ ਬਣਾਏ ਜਾ ਰਹੇ ਹਨ। ਮੇਰਾ ਖਿਆਲ ਹੈ ਕਿ ਹਿੰਦੁਸਤਾਨ ਵਿੱਚ ਇਹ ਇੱਕ ਇਤਿਹਾਸਕ ਕਦਮ ਹੈ। ਭਾਵੇਂ ਹੈਲਥ ਅਤੇ ਸਿਹਤ ਸਬੰਧੀ ਫਾਈਨਾਂਸ ਦੀ ਪ੍ਰਾਬਲਮ ਰਹਿੰਦੀ ਹੈ, ਬਜਟ ਵਾਸਤੇ ਪ੍ਰਾਬਲਮਜ਼ ਆਉਂਦੀਆਂ ਰਹਿੰਦੀਆਂ ਹਨ ਪਰ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਐਜੂਕੇਸ਼ਨ ਅਤੇ ਹੈਲਥ ਵਾਸਤੇ ਜੋ ਪ੍ਰੋਵੀਜ਼ਨਜ਼ ਕੀਤੀਆਂ ਗਈਆਂ ਹਨ, ਉਸ ਤੋਂ ਵੀ ਜ਼ਿਆਦਾ ਉਨ੍ਹਾਂ ਨੂੰ ਦਿੱਤਾ ਜਾਵੇ ਤਾਂ ਕਿ ਐਜੂਕੇਸ਼ਨ ਅਤੇ ਹੈਲਥ ਦੇ ਖੇਤਰ ਵਿੱਚ ਬਹੁਤੀਆਂ ਸਮੱਸਿਆਵਾਂ ਨਾ ਆ ਸਕਣ। ਸੈਂਟਰ ਸਰਕਾਰ ਵੱਲੋਂ ਜਿਹੜੀ 'ਆਯੂਸ਼ਮਾਨ ਬੀਮਾ ਯੋਜਨਾ' ਸ਼ੁਰੂ ਕੀਤੀ ਗਈ ਸੀ, ਉਸ ਤਹਿਤ ਲਗਭਗ 15 ਲੱਖ ਪਰਿਵਾਰ ਹੀ ਕਵਰ ਹੁੰਦੇ ਸਨ ਪਰ ਕੈਪਟਨ ਸਰਕਾਰ ਦੀ ਦੂਰਦਰਸ਼ੀ ਸੋਚ ਸਦਕਾ ਜਿੱਥੇ 'ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ' ਤਹਿਤ

[ਡਾਕਟਰ ਰਾਜ ਕੁਮਾਰ]
ਸਿਰਫ਼ ਪੰਜਾਹ ਹਜ਼ਾਰ ਦਾ ਕਵਰ ਮਿਲਦਾ ਸੀ, ਉਥੇ ਹੁਣ 40 ਲੱਖ ਪਰਿਵਾਰਾਂ ਨੂੰ ਪੰਜ ਲੱਖ ਦਾ ਕਵਰ ਦਿੱਤਾ ਗਿਆ ਹੈ। ਮੇਰਾ ਖਿਆਲ ਹੈ ਕਿ ਇਹ ਵੀ ਹਿੰਦੁਸਤਾਨ ਵਿੱਚ ਕੈਪਟਨ ਸਰਕਾਰ ਨੇ ਇੱਕ ਇਤਿਹਾਸ ਰਚਿਆ ਹੈ। ਇਸ ਕੰਮ ਲਈ ਸਾਨੂੰ 300 ਕਰੋੜ ਰੁਪਿਆ ਮਿਲਿਆ ਹੈ। ਉਸ ਲਈ ਮੈਂ ਉਨ੍ਹਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਨਾ ਚਾਹੁੰਦਾ ਹਾਂ। ਹੈਲਥ ਵਿੱਚ 'ਸਰਬਤ ਸਿਹਤ ਬੀਮਾ ਯੋਜਨਾ' ਤਹਿਤ 42 ਲੱਖ ਪਰਿਵਾਰ ਕਵਰ ਹੋਣੇ ਹਨ, ਉਸ ਤੋਂ ਇਲਾਵਾ ਸਾਡੀ ਸਰਕਾਰ ਨੇ 'ਘਰ-ਘਰ ਰੁਜ਼ਗਾਰ' ਦੀ ਗੱਲ ਕੀਤੀ ਸੀ, ਇਸ ਲਈ ਦਿਲੋਂ ਉਪਰਾਲੇ ਵੀ ਕੀਤੇ ਹਨ ਔਰ ਉਨ੍ਹਾਂ ਉਪਰਾਲਿਆਂ ਦਾ ਅਸਰ ਨਜ਼ਰ ਵੀ ਆਇਆ ਹੈ।

ਜੇਕਰ ਇੰਡਸਟਰੀ ਦੀ ਗੱਲ ਕਰੀਏ ਤਾਂ ਮੰਡੀ ਗੋਬਿੰਦਗੜ੍ਹ, ਜਿੱਥੇ ਇੰਡਸਟਰੀ ਪਲਾਇਨ ਕਰ ਰਹੀ ਸੀ ਅਤੇ ਪਿਛਲੇ ਦਸ ਸਾਲ ਤੋਂ ਯੂਨਿਟ ਬੰਦ ਸਨ, ਉਨ੍ਹਾਂ ਯੂਨਿਟਾਂ ਦਾ ਮੁੜ ਸ਼ੁਰੂ ਹੋਣਾ, ਮੰਡੀ ਗੋਬਿੰਦਗੜ੍ਹ ਵਿੱਚ ਦੁਬਾਰਾ ਰੌਣਕਾਂ ਦਾ ਆਉਣਾ, 60 ਨਵੇਂ ਯੂਨਿਟਾਂ ਦਾ ਆਉਣਾ, ਪਾਵਰ ਕੰਨਜ਼ੰਪਸ਼ਨ ਦਾ ਵਧਣਾ, ਇਹ ਆਪਣੇ ਆਪ ਵਿੱਚ ਇੰਡਸਟਰੀ ਦੀ ਗਰੋਥ ਹੈ। ਇਹ ਉਸ ਦੀ ਇੱਕ ਉਦਾਹਾਰਨ ਵੀ ਹੈ। ਇਹ ਕਿਹਾ ਜਾ ਰਿਹਾ ਸੀ ਕਿ ਕੈਪਟਨ ਸਾਹਿਬ ਦੀ ਸਰਕਾਰ ਨੇ ਕੁਝ ਨਹੀਂ ਕੀਤਾ ਪਰ ਸਪੀਕਰ ਸਾਹਿਬ, ਅਸੀਂ ਇਨ੍ਹਾਂ ਦੋ ਸਾਲਾਂ ਦੇ ਵਿੱਚ ਜਿੰਨੇ ਵੀ ਸਾਡੇ ਇਲੈੱਕਸ਼ਨ ਆਏ, ਚਾਹੇ ਕੋਈ ਬਾਇ-ਇਲੈੱਕਸ਼ਨ ਆਇਆ, ਚਾਹੇ ਕੋਈ ਕਾਰਪੋਰੇਸ਼ਨ ਦੇ ਇਲੈੱਕਸ਼ਨ ਆਏ, ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤਾਂ, ਸੰਮਤੀਆਂ ਦੀਆਂ ਚੋਣਾਂ ਆਈਆਂ, ਉਨ੍ਹਾਂ ਸਾਰੀਆਂ ਇਲੈੱਕਸ਼ਨਜ਼ ਵਿੱਚ ਜਿੱਤ ਪ੍ਰਾਪਤ ਕੀਤੀ ਹੈ। ਇਹ ਕੈਪਟਨ ਸਰਕਾਰ ਦੀਆਂ ਨੀਤੀਆਂ ਦਾ ਪ੍ਰਤੀਕ ਹੈ। ਮੈਂ ਖਾਸ ਤੌਰ ਤੇ ਕਹਿਣਾ ਚਾਹੁੰਦਾ ਹਾਂ ਕਿ ਦਲਿਤਾਂ ਲਈ ਅਤੇ ਪੱਛੜਿਆਂ ਲਈ ਕੈਪਟਨ ਸਰਕਾਰ ਨੇ ਜੋ ਉਪਰਾਲਾ ਕੀਤਾ ਹੈ, ਉਸ ਲਈ ਮੈਂ ਕੈਪਟਨ ਸਰਕਾਰ ਨੂੰ ਬਹੁਤ-ਬਹੁਤ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ। ਅੱਜ ਜੇਕਰ ਕਿਸਾਨਾਂ ਦੀ ਗੱਲ ਹੋ ਰਹੀ ਹੈ ਤਾਂ ਉਹ ਕੈਪਟਨ ਸਰਕਾਰ ਦੀ ਦੂਰਦਰਸ਼ੀ ਸੋਚ ਸਦਕਾ ਹੋ ਰਹੀ ਹੈ। ਸਰਕਾਰ ਕਿਸਾਨਾਂ ਮਜ਼ਦੂਰਾਂ, ਦਲਿਤਾਂ ਅਤੇ ਪੱਛੜਿਆਂ ਦੀ ਗੱਲ ਕਰ ਰਹੀ ਹੈ, ਜਿਹੜੇ ਭੂਮੀਹੀਣ ਮਜ਼ਦੂਰਾਂ, ਪੱਛੜਿਆਂ, ਦਲਿਤਾਂ ਨੇ ਕੋਆਪਰੇਟਿਵ ਸੁਸਾਇਟੀਜ਼ ਤੋਂ ਕਰਜ਼ੇ ਲਏ ਹੋਏ ਹਨ, ਉਨ੍ਹਾਂ ਨੂੰ ਮੁਆਫ਼ ਕਰਨ ਦੀ ਗੱਲ ਵੀ ਕੀਤੀ ਗਈ ਹੈ। ਇਸ ਲਈ ਮੈਂ ਆਪਣੀ ਸਰਕਾਰ ਨੂੰ ਬਹੁਤ-ਬਹੁਤ ਮੁਬਾਰਕਬਾਦ ਦਿੰਦਾ ਹਾਂ। ਪਿਛਲੇ ਸੈਸ਼ਨ ਵਿਚ reservation in promotion for Scheduled Castes ਬਾਰੇ ਕਾਨੂੰਨ ਲਿਆਂਦਾ ਗਿਆ ਹੈ। ਸਾਡੀ ਕੈਪਟਨ ਸਰਕਾਰ ਪਹਿਲਾਂ ਵੀ ਸਾਲ 2006 ਵਿਚ ਇਹ ਕਾਨੂੰਨ ਲਿਆਈ ਸੀ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਾਡੇ ਵੈਲਫੇਅਰ ਮਨਿਸਟਰ ਸਾਧੂ ਸਿੰਘ ਧਰਮਸੋਤ ਜੀ

ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਾਨੂੰਨ ਪਾਸ ਹੋ ਚੁੱਕਾ ਹੈ ਪਰ ਇਸ ਕਾਨੂੰਨ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ। ਜਿਸ ਕਰਕੇ ਸਾਡੇ ਦਲਿਤ ਕਰਮਚਾਰੀ ਅੱਜ ਵੀ ਪ੍ਰੇਸ਼ਾਨ ਹਨ। ਕੈਪਟਨ ਸਾਹਿਬ ਨੇ ਇਹ ਕਾਨੂੰਨ ਪਾਸ ਕਰ ਦਿੱਤਾ ਹੈ। ਮੈਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ 85ਵੀਂ ਸੋਧ ਲਾਗੂ ਕਰਵਾਈ ਜਾਵੇ ਤਾਂ ਜੋ ਇਸ ਕਾਨੂੰਨ ਨਾਲ ਵੱਧ ਤੋਂ ਵੱਧ ਲਾਭ ਮਿਲ ਸਕੇ।

ਸਪੀਕਰ ਸਾਹਿਬ, ਸਾਡੇ ਪੂਰੇ ਪੰਜਾਬ ਵਿਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਗੱਲ ਹੋ ਰਹੀ ਹੈ। ਡਾਕਟਰ ਸੁਖਵਿੰਦਰ ਕੁਮਾਰ ਜੀ ਵੀ ਇਹ ਗੱਲ ਕਰ ਰਹੇ ਸਨ ਕਿ ਇਹ ਸਕਾਲਰਸ਼ਿਪ ਸਾਡੇ ਸਟੂਡੈਂਟਸ ਨੂੰ ਨਹੀਂ ਮਿਲ ਰਹੀ। ਇਸ ਸਕਾਲਰਸ਼ਿਪ ਅਧੀਨ 300 ਕਰੋੜ ਤੋਂ ਵੀ ਜ਼ਿਆਦਾ ਪੈਸੇ ਰੱਖੇ ਗਏ ਹਨ ਤਾਂ ਕਿ ਸਾਡੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਵਾਸਤੇ ਕੋਈ ਸਮੱਸਿਆ ਨਾ ਆਵੇ। ਮੈਂ ਆਪਣੇ ਮੈਂਬਰ ਸਾਥੀ ਜੀ ਨੂੰ ਇਹ ਜ਼ਰੂਰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਵੱਲੋਂ ਇਸ ਸਕਾਲਰਸ਼ਿਪ ਲਈ ਆਡਿਟ ਕੰਪਲੀਟ ਕਰ ਲਏ ਗਏ ਹਨ। ਮੈਂ ਇਨ੍ਹਾਂ ਨੂੰ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਤੁਹਾਡੀ ਮੋਦੀ ਸਰਕਾਰ ਨੂੰ ਵੀ ਪੁੱਛੋ ਕਿ ਜਿਹੜੀ ਪਹਿਲਾਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਲਈ 3000 ਕਰੋੜ ਰੁਪਿਆ ਰੱਖਦੀ ਸੀ ਪਰੰਤੂ ਇਸ ਵਾਰ ਉਨ੍ਹਾਂ ਨੇ 2800 ਕਰੋੜ ਰੁਪਿਆ ਰੱਖਿਆ ਹੈ। ਇਸ ਨਾਲ ਤਾਂ ਏਰੀਅਰ ਵੀ ਪੂਰੇ ਨਹੀਂ ਹੋਣੇ ਕਿਉਂਕਿ ਪੂਰੇ ਹਿੰਦੁਸਤਾਨ ਦੇ ਏਰੀਅਰ ਬਕਾਇਆ ਹਨ। ਸਾਡੇ ਪੰਜਾਬ ਦਾ ਹੀ ਇਸ ਵਿਚ 1600 ਕਰੋੜ ਰੁਪਿਆ ਤਾਂ ਬਕਾਇਆ ਹੈ।

ਸਪੀਕਰ ਸਾਹਿਬ, ਅੰਤ ਵਿਚ ਮੈਂ ਪੰਜਾਬ ਦੇ ਲਿੰਕ ਰੋਡਜ਼ ਵਾਸਤੇ P.W.D ਮਨਿਸਟਰ ਸਿੰਗਲਾ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਪਿਛਲੇ ਦਸ ਸਾਲਾਂ ਵਿਚ ਅਕਾਲੀ ਸਰਕਾਰ ਨੇ ਪੂਰੇ ਪੰਜਾਬ ਵਿਚ ਜਿੱਥੇ 42,000 ਕਿਲੋਮੀਟਰ ਰੋਡਜ਼ ਬਣਾਏ ਸਨ ਜਾਂ ਰਿਪੇਅਰ ਕੀਤੀ ਸੀ ਉਸ ਦੇ ਮੁਕਾਬਲੇ ਅਸੀਂ 62,000 ਕਿਲੋਮੀਟਰ ਸੜਕਾਂ ਪੰਜਾਬ ਵਿਚ ਬਣਾ ਰਹੇ ਹਾਂ। ਸਪੀਕਰ ਸਾਹਿਬ, ਅੰਤ ਵਿਚ ਮੈਂ ਤੁਹਾਡਾ ਖਾਸ ਤੌਰ ਤੇ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਨਾ ਚਾਹੁੰਦਾ ਹਾਂ। ਇਨ੍ਹਾਂ ਦੋ ਸਾਲਾਂ ਵਿਚ ਵੈਸੇ ਤਾਂ ਇਹ ਮੇਰੀ maiden speech ਹੈ ਪਰ ਤੁਸੀਂ ਪ੍ਰਸਤਾਵਾਂ ਅਤੇ ਸਵਾਲਾਂ ਵਾਸਤੇ ਵੀ ਮਾਣ ਸਤਿਕਾਰ ਬਖਸ਼ਿਆ ਹੈ। ਸਪੀਕਰ ਸਾਹਿਬ, ਤੁਹਾਡਾ ਬਹੁਤ ਸਹਿਯੋਗ ਰਿਹਾ ਹੈ, ਮੈਂ ਧੰਨਵਾਦ ਕਰਦਾ ਹਾਂ। ਮੈਂ ਆਪਣੇ ਵਿੱਤ ਮੰਤਰੀ ਸਾਹਿਬ ਜੀ ਨੂੰ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ। ਉਨ੍ਹਾਂ ਦੇ ਹਰ ਇੱਕ ਅੰਕੜੇ ਦਾ ਹਰ ਇੱਕ ਅੱਖਰ ਦਾ ਭਰਪੂਰ ਸਮਰਥਨ ਕਰਦਾ ਹੋਇਆ ਇਹ ਜ਼ਰੂਰ ਕਹਾਂਗਾ ਕਿ ਅਕਾਲੀ-ਭਾਜਪਾ ਦੀ ਹਾਲਤ ਉਸ ਤਰ੍ਹਾਂ ਦੀ ਹੈ ਜਿਵੇਂ ਗੁਰਬਾਣੀ ਵਿਚ ਕਿਹਾ ਗਿਆ ਹੈ -

[ਡਾਕਟਰ ਰਾਜ ਕੁਮਾਰ]

ਆਪਿ ਨ ਦੇਹਿ ਚੁਰੂ ਭਰਿ ਪਾਨੀ॥

ਮੈਂ ਮਰਨ ਵਾਲੀ ਗੱਲ ਨਹੀਂ ਕਰ ਰਿਹਾ, ਮੈਂ ਦੇਣ ਵਾਲੀ ਗੱਲ ਕਰ ਰਿਹਾ ਹਾਂ ਕਿ -

ਆਪਿ ਨ ਦੇਹਿ ਚੁਰੂ ਭਰਿ ਪਾਨੀ॥ ਤਿਹ ਨਿੰਦਹਿ ਜਿਹ ਗੰਗਾ ਆਨੀ॥

ਕੈਪਟਨ ਸਾਹਿਬ ਪਾਣੀਆਂ ਦੀ ਗੱਲ ਕਰ ਰਹੇ ਹਨ ਪਰ ਇਹ ਲੋਕ ਉਨ੍ਹਾਂ ਨੂੰ ਨਿੰਦਣ ਦੀ ਕੋਸ਼ਿਸ਼ ਕਰ ਰਹੇ ਹਨ ਜਦ ਕਿ ਉਹ ਪੰਜਾਬ ਦੇ ਵਾਧੇ ਦੀ ਗੱਲ ਕਰ ਰਹੇ ਹਨ, ਪੰਜਾਬ ਦੇ ਵਿਕਾਸ ਦੀ ਗੱਲ ਕਰ ਰਹੇ ਹਨ। ਉਨ੍ਹਾਂ ਨੂੰ ਨਿੰਦਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੋ, ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ, ਜੈ ਹਿੰਦ।

**ਮਾਨਯੋਗ ਸਪੀਕਰ :** ਧੰਨਵਾਦ। ਢੀਂਡਸਾ ਸਾਹਿਬ, ਪਹਿਲਾਂ ਤੁਸੀਂ ਬੋਲੋਗੇ ਜਾਂ ਪਹਿਲਾਂ ਐਨ.ਕੇ. ਸ਼ਰਮਾ ਜੀ ਬੋਲ ਲੈਣ। ਤੁਸੀਂ ਬੋਲੋਗੇ? ਹਾਂ ਜੀ, ਢੀਂਡਸਾ ਸਾਹਿਬ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ (ਲਹਿਰਾ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਸ ਬਜਟ ਵਿਚ ਬਹੁਤ ਵੱਡੇ ਵੱਡੇ ਕਲੇਮ ਵੀ ਕੀਤੇ ਗਏ ਹਨ ਤੇ ਲੋਕਾਂ ਨੂੰ ਬਹੁਤ ਆਸਾਂ ਵੀ ਦਿੱਤੀਆਂ ਗਈਆਂ ਹਨ ਕਿ ਇਹ ਹੋਏਗਾ, ਉਹ ਹੋਏਗਾ। ਮੈਨੂੰ ਪ੍ਰੈੱਸ ਵਾਲਿਆਂ ਨੇ ਪੁੱਛਿਆ ਕਿ ਬਜਟ ਤੇ ਤੁਸੀਂ ਕੀ ਕਹੋਗੇ? ਮੇਰਾ ਤਾਂ ਇੱਕੋ ਕਹਿਣਾ ਹੈ ਕਿ ਇਹ ਇੱਕ ਬਹੁਤ ਵੱਡਾ farce on the people of Punjab. ਇਸ ਬਜਟ ਵਿਚ ਪੰਜਾਬ ਦੇ ਲੋਕਾਂ ਨਾਲ ਬਹੁਤ ਵੱਡਾ ਧੋਖਾ ਕੀਤਾ ਗਿਆ ਹੈ ਕਿਉਂਕਿ ਇਸ ਵਿਚ Jugglery of figures ਨਾਲ ਇਸ ਵਿਚ ਬਹੁਤ ਕੁਝ ਲੁਕੋਇਆ ਗਿਆ ਹੈ ਅਤੇ ਬਹੁਤ ਕੁਝ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ। ਮੈਂ ਸਿਰਫ ਗੱਲਾਂ ਨਹੀਂ ਕਰ ਰਿਹਾ, ਮੈਂ ਤੱਥਾਂ ਦੇ ਆਧਾਰ ਤੇ, ਫਿੱਗਰਜ਼ ਦੇ ਆਧਾਰ ਤੇ ਦੱਸਾਂਗਾ ਕਿ ਪੰਜਾਬ ਦੇ ਹਾਲਾਤ ਕੀ ਹਨ? ਤੁਸੀਂ ਕਹਿ ਰਹੇ ਹੋ ਕਿ ਬਿਹਤਰ ਹੋਏ ਹਨ ਪਰ ਪੰਜਾਬ ਅੱਜ ਬਹੁਤ ਮਾੜੀ ਸਥਿਤੀ ਵੱਲ ਵੱਧ ਰਿਹਾ ਹੈ। ਸਪੀਕਰ ਸਾਹਿਬ, ਮਾਨਯੋਗ ਐਫ.ਐਮ. ਸਾਹਿਬ ਨੇ ਗੱਲ ਕੀਤੀ ਹੈ ਕਿ ਅਸੀਂ fiscal consolidation path ਵੱਲ ਚੱਲ ਰਹੇ ਹਾਂ ਅਤੇ ਅਸੀਂ ਆਰਥਿਕ ਹਾਲਾਤਾਂ ਵਿਚ ਬੜਾ ਸੁਧਾਰ ਲਿਆਂਦਾ ਹੈ ਪਰ ਇਸ ਦੇ ਕੁਝ ਇੰਡੀਕੇਸ਼ਨ ਹੁੰਦੇ ਹਨ ਕਿ ਕੀ fiscal consolidation ਹੋ ਰਹੀ ਹੈ? ਪੰਜਾਬ ਬਿਹਤਰੀ ਵੱਲ ਜਾ ਰਿਹਾ ਹੈ ਜਾਂ ਹਾਲਾਤ ਮਾੜੇ ਹੋ ਰਹੇ ਹਨ। ਸਭ ਤੋਂ ਪਹਿਲਾਂ ਦੇਖਣਾ ਹੁੰਦਾ ਹੈ ਕਿ ਕੀ economic growth ਹੋ ਰਹੀ ਹੈ? ਫੇਰ ਰੈਵੇਨਿਊ ਕਿੰਨਾ ਹੈ, ਇਨਕਮ ਕਿੰਨੀ ਕੁ ਵੱਧ ਰਹੀ ਹੈ। ਉਸ ਤੋਂ ਬਾਅਦ ਤੁਸੀਂ ਐਕਸਪੈਂਡੀਚਰ ਤੇ ਕਿੰਨਾ ਕੁ ਕੰਟਰੋਲ ਕਰ ਰਹੇ ਹੋ। ਖਾਸ ਕਰਕੇ ਰੈਵੇਨਿਊ ਐਕਸਪੈਂਡੀਚਰ ਵਿੱਚ ਤੁਸੀਂ ਕਿੰਨਾ ਕੰਟਰੋਲ ਕੀਤਾ ਹੈ। ਫਿਰ ਕਿੰਨੇ ਕਰਜ਼ੇ ਤੁਸੀਂ ਲਏ ਹਨ ਜਾਂ ਲਏ ਹੋਏ ਕਰਜ਼ਿਆਂ ਨੂੰ

ਕਿੰਨਾ ਘਟਾਇਆ ਹੈ। ਉਸ ਤੋਂ ਬਾਅਦ ਰੈਵੇਨਿਊ ਡੈਫੀਸਿਟ ਅਤੇ ਫਿਸਕਲ ਡੈਫੀਸਿਟ ਦੇ ਫਿਗਰਜ਼ ਹਨ।

ਸਪੀਕਰ ਸਾਹਿਬ, ਜੇਕਰ ਤੁਸੀਂ ਇਹ ਸਾਰੇ ਦੇਖੋ ਤਾਂ ਤੁਸੀਂ ਹੈਰਾਨ ਹੋਵੋਗੇ ਕਿ ਪੰਜਾਬ ਦੇ ਹਾਲਾਤ ਬਹੁਤ ਮਾੜੇ ਹਨ। ਸੂਬੇ ਦੀ ਆਰਥਿਕ ਹਾਲਾਤ ਦਾ ਸਭ ਤੋਂ ਵੱਡਾ ਪੈਮਾਨਾ ਇਕਨਾਮਿਕ ਗਰੋਥ ਹੁੰਦਾ ਹੈ। ਅੱਜ ਪੰਜਾਬ ਦਾ ਗਰੋਥ ਰੇਟ ਕੀ ਹੈ? ਇਹ ਤਾਂ ਮੰਤਰੀ ਜੀ ਨੇ ਦੱਸਿਆ ਹੀ ਨਹੀਂ ਕਿ ਪੰਜਾਬ ਕਿੱਧਰ ਜਾ ਰਿਹਾ ਹੈ। ਤੁਸੀਂ ਪੂਰਾ ਬਜਟ ਖੋਲ੍ਹ ਕੇ ਦੇਖ ਲਵੋ, ਉਹ ਲੁਕੋ ਗਏ ਹਨ ਕਿ ਇਕਨਾਮਿਕ ਗਰੋਥ ਕੀ ਸੀ? ਜਦ ਸਾਡੀ ਸਾਲ 2016-17 ਵਿੱਚ ਸਰਕਾਰ ਸੀ ਤਾਂ ਸਰਕਾਰ ਦੇ ਅੰਕੜਿਆਂ ਮੁਤਾਬਿਕ ਪੰਜਾਬ ਦਾ accumulative average growth rate 7.16% ਸੀ ਅਤੇ ਫਿਰ ਸਾਲ 2017-18 ਵਿੱਚ ਇਨ੍ਹਾਂ ਦੀ ਸਰਕਾਰ ਬਣ ਗਈ। ਉਦੋਂ ਇਹ 7.16% ਤੋਂ ਘੱਟ ਕੇ 6.27% ਰਹਿ ਗਿਆ। ਇਹ ਤੁਹਾਡੇ ਆਪਣੇ ਸਟੈਟੇਟਿਕਸ ਡਿਪਾਰਟਮੈਂਟ ਦੇ ਅੰਕੜੇ ਹਨ। ਇਹ ਕਹਿ ਰਹੇ ਹਨ ਕਿ ਚਿਮਨੀਆਂ ਵਿੱਚ ਧੂੰਆਂ ਵਧੀ ਜਾ ਰਿਹਾ ਹੈ ਪਰ ਮੈਨੂੰ ਤਾਂ ਹੈਰਾਨੀ ਹੈ। ਜੇ ਇਕਨਾਮਿਕ ਗਰੋਥ ਘੱਟ ਰਹੀ ਹੈ ਤਾਂ ਉਸ ਵਿੱਚ ਇਹ ਸਾਰਾ ਕੁਝ ਵੀ ਹੈ। Economic growth means ਸੂਬੇ ਵਿੱਚ ਜੋ ਕੁੱਲ ਪਦਾਰਥ ਪੈਦਾ ਹੋ ਰਿਹਾ ਹੈ, ਉਹ ਕਿੰਨਾ ਵੱਧ ਰਿਹਾ ਹੈ ਜਾਂ ਕਿੰਨਾ ਘੱਟ ਰਿਹਾ ਹੈ। ਪਿਛਲੇ ਸਾਲ ਇਸ ਤੋਂ ਵੀ ਮਾੜਾ ਹਾਲ ਸੀ। ਸਪੀਕਰ ਸਾਹਿਬ, ਇਨ੍ਹਾਂ ਦੇ ਐਡਵਾਂਸ ਐਸਟੀਮੇਟਸ ਕਹਿੰਦੇ ਹਨ ਕਿ ਜਿਹੜਾ ਸਾਲ ਹੁਣ ਚੱਲ ਰਿਹਾ ਹੈ, ਇਸ ਵਿੱਚ ਹੋਰ ਘੱਟ ਕੇ ਇਹ ਰੇਟ 5.93% ਤੇ ਚਲਾ ਗਿਆ ਹੈ। ਮੈਂ ਦਾਅਵਾ ਕਰਦਾ ਹਾਂ ਕਿ ਇਨ੍ਹਾਂ ਦਾ ਗਰੋਥ ਰੇਟ 5.5% ਤੋਂ ਉਪਰ ਨਹੀਂ ਜਾਂਦਾ। ਇਕਨਾਮਿਕ ਗਰੋਥ ਘੱਟ ਰਹੀ ਹੈ ਪਰ ਇਹ ਆਪਣੇ ਪੱਟ ਥਾਪੜੀ ਜਾਂਦੇ ਹਨ ਕਿ ਅਸੀਂ ਬਹੁਤ ਕੁਝ ਕਰ ਰਹੇ ਹਾਂ। ਪਤਾ ਨਹੀਂ ਇਹ ਪੰਜਾਬ ਨੂੰ ਕਿੱਥੇ ਲੈ ਕੇ ਜਾ ਰਹੇ ਹਾਂ।

ਸਪੀਕਰ ਸਾਹਿਬ, ਰੈਵੇਨਿਊ ਡੈਫੀਸਿਟ ਕੀ ਹੈ? ਜਿਹੜਾ ਤੁਹਾਡਾ ਪੈਸਾ ਜਾਂ ਆਮਦਨ ਹੈ, ਉਹ ਤੁਸੀਂ ਕਿੱਥੇ ਖਰਚ ਰਹੇ ਹੋ। ਕੀ ਉਹ ਪੈਸਾ ਪ੍ਰੋਡਕਟਿਵ ਕੰਮਾਂ ਲਈ ਖਰਚ ਹੋ ਰਿਹਾ ਹੈ? ਜੇ ਤੁਹਾਡਾ ਰੈਵੇਨਿਊ ਡੈਫੀਸਿਟ ਹਾਈ ਹੋਵੇ ਤਾਂ ਉਸ ਪੈਸੇ ਨੂੰ ਤੁਸੀਂ ਕੈਪੀਟਲ ਬਣਾਉਣ ਵਾਸਤੇ ਜਾਂ ਪ੍ਰੋਡਕਟਿਵ ਕੰਮਾਂ ਲਈ ਨਹੀਂ ਵਰਤ ਰਹੇ। ਸਪੀਕਰ ਸਾਹਿਬ, ਜਦੋਂ ਸਾਲ 2016-17 ਵਿੱਚ ਸਾਡੀ ਸਰਕਾਰ ਸੀ ਤਾਂ ਰੈਵੇਨਿਊ ਡੈਫੀਸਿਟ 1.7% ਸੀ। ਇਨ੍ਹਾਂ ਦਾ ਜਿਹੜਾ ਪਹਿਲਾ ਸਾਲ ਸੀ, ਉਸ ਵਿੱਚ ਇਹ 1.7% ਤੋਂ ਵੱਧ ਕੇ 2.01% ਹੋ ਗਿਆ। ਜਿਹੜਾ ਪਿਛਲਾ ਸਾਲ ਲੰਘਿਆ ਹੈ, ਇਸ ਵਿੱਚ ਵੱਧ ਕੇ 2.3% ਹੋ ਗਿਆ। ਰੈਵੇਨਿਊ ਡੈਫਿਸਿਟ ਸ਼ੂਟ ਅੱਪ ਕਰ ਰਿਹਾ ਹੈ, ਇਸ ਦਾ ਮਤਲਬ ਪੈਸਾ ਸਹੀ ਪਾਸੇ ਨਹੀਂ ਲੱਗ ਰਿਹਾ। ਉਹ ਪ੍ਰੋਡਕਟਿਵ ਯੂਜ਼ ਤੇ ਨਹੀਂ ਲੱਗ ਰਿਹਾ, ਪੈਸਾ ਖਰਾਬ ਹੋ ਰਿਹਾ ਹੈ।

[ਸਰਦਾਰ ਪਰਮਿੰਦਰ ਸਿੰਘ ਢੀਂਡਸਾ]

ਹੁਣ ਰੈਵੇਨਿਊ ਐਕਸਪੈਂਡੀਚਰ ਲੈਂਦੇ ਹਾਂ। ਤੁਸੀਂ ਕਹਿੰਦੇ ਹੋ ਕਿ ਅਸੀਂ ਖਰਚੇ ਬੜੇ ਕੰਟਰੋਲ ਕੀਤੇ ਹਨ। ਮਾਨਯੋਗ ਐਫ.ਐਮ. ਸਾਹਿਬ ਹਰ ਜਗ੍ਹਾ ਕਹਿੰਦੇ ਹਨ ਕਿ ਅਸੀਂ ਖਰਚੇ ਬੜੇ ਕੰਟਰੋਲ ਕੀਤੇ। ਸਪੀਕਰ ਸਾਹਿਬ, ਰੈਵੇਨਿਊ ਐਕਸਪੈਂਡੀਚਰ ਕਈ ਤਰ੍ਹਾਂ ਦਾ ਹੁੰਦਾ ਹੈ। Interest payments, salaries, pensions, power subsidy, devolution of Rural Urban Bodies ਦੇ ਐਕਸਪੈਂਡੀਚਰ ਨੂੰ ਛੱਡ ਦਿਓ ਕਿਉਂਕਿ ਇਹ ਕੁਮਿਟਿਡ ਐਕਸਪੈਂਡੀਚਰ ਹੁੰਦੇ ਹਨ। ਜਿਹੜੇ ਹੋਰ ਬਾਕੀ ਖਰਚੇ ਹਨ, ਉਹ ਰੈਵੇਨਿਊ ਐਕਸਪੈਂਡੀਚਰ ਹੈ, ਜਿਸ ਵਿੱਚ ਸਰਕਾਰ ਦੇ ਬਾਕੀ ਸਾਰੇ ਖਰਚੇ ਆ ਜਾਂਦੇ ਹਨ। ਇਸ ਵਿੱਚ ਗੱਡੀਆਂ ਦੇ ਵੀ ਖਰਚੇ ਹਨ, ਬਾਕੀ ਬਿੱਲ ਵੀ ਹਨ। ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਇਨ੍ਹਾਂ ਨੇ ਰੈਵੇਨਿਊ ਐਕਸਪੈਂਡੀਚਰ ਨੂੰ curtail ਕਰਕੇ ਕੈਪੀਟਲ ਐਕਸਪੈਂਡੀਚਰ ਕਰਨਾ ਸੀ ਪਰ ਇਨ੍ਹਾਂ ਦੇ ਆਪਣੇ ਅੰਕੜਿਆਂ ਮੁਤਾਬਿਕ ਰੈਵੇਨਿਊ ਐਕਸਪੈਂਡੀਚਰ 5,823 ਕਰੋੜ ਤੋਂ ਵੱਧ ਕੇ 16,113 ਕਰੋੜ ਹੋ ਗਿਆ ਹੈ। ਰੈਵੇਨਿਊ ਐਕਸਪੈਂਡੀਚਰ ਤਿੱਗਣਾ ਵਧਾ ਦਿੱਤਾ ਹੈ। ਤੁਸੀਂ ਕਹਿੰਦੇ ਹੋ ਕਿ ਅਸੀਂ ਰੈਵਨਿਊ ਨੂੰ ਬੜਾ ਸਹੀ ਵਰਤ ਰਹੇ ਹਾਂ, ਅਸੀਂ ਖਰਚੇ ਘਟਾ ਰਹੇ ਹਾਂ ਜਦਕਿ ਤੁਹਾਡਾ ਰੈਵੇਨਿਊ ਐਕਸਪੈਂਡੀਚਰ ਅਸਮਾਨ ਛੂਹ ਰਿਹਾ ਹੈ।

ਅੱਗੇ ਫਿਸਕਲ ਡੈਫੀਸਿਟ ਦੀ ਗੱਲ ਕਰਦੇ ਹਾਂ। ਸਰਕਾਰ ਜਿਹੜਾ ਕੁੱਲ ਕਰਜ਼ਾ ਲੈਂਦੀ ਹੈ, ਉਹ ਜੀ.ਐਸ.ਡੀ.ਪੀ. ਦੇ ਆਧਾਰ ਤੇ ਲੈਂਦੀ ਹੈ। ਸਾਡੇ ਵੇਲੇ ਸਾਲ 2016-17 ਵਿੱਚ 3% ਸੀ। ਇਨ੍ਹਾਂ ਦੇ ਕਹਿਣ ਮੁਤਾਬਿਕ ਸਾਲ 2018-19 ਵਿੱਚ ਇਹ ਵੱਧ ਕੇ 3.41% ਹੋ ਗਿਆ ਹੈ। ਇਸ ਸਾਲ ਜਿਹੜਾ ਇਨ੍ਹਾਂ ਨੇ ਬਜਟ ਵਿੱਚ ਰੱਖਿਆ ਹੈ, ਉਸ ਵਿੱਚ ਫਿਸਕਲ ਡੈਫੀਸਿਟ 3.4% ਹੈ। ਸਪੀਕਰ ਸਾਹਿਬ, ਕਰਜ਼ਾ ਵੀ ਇਹ ਪੂਰਾ ਦਿਲ ਖੋਲ੍ਹ ਕੇ ਲੈ ਰਹੇ ਹਨ ਅਤੇ ਸਾਨੂੰ ਕਹਿੰਦੇ ਸੀ ਕਿ ਤੁਸੀਂ ਪੰਜਾਬ ਤੇ ਬਹੁਤ ਵੱਡਾ ਕਰਜ਼ਾ ਚਾੜ੍ਹ ਦਿੱਤਾ। ਸਪੀਕਰ ਸਾਹਿਬ, ਅਸੀਂ ਦਸ ਸਾਲਾਂ ਵਿੱਚ ਬਜਟ ਵਾਸਤੇ 89,000 ਕਰੋੜ ਰੁਪਿਆ ਲੈ ਕੇ ਵਰਤਿਆ ਸੀ। ਜੇ ਮੈਂ ਗਲਤ ਹੋਵਾਂ ਤਾਂ ਮੈਨੂੰ ਜਿਥੇ ਮਰਜੀ ਖੜ੍ਹਾ ਕਰ ਲਿਆ ਜਾਵੇ। UDAY ਬਾਂਡਜ਼ ਦੀ ਗੱਲ ਕਰਦੇ ਹਨ, ਸੀ.ਸੀ.ਐਲ. ਦੀ ਗੱਲ ਕਰਦੇ ਹਨ, UDAY ਬਾਂਡਜ਼ ਸਾਰੀਆਂ ਸਟੇਟਾਂ ਨੂੰ ਅਲਾਓ ਕੀਤੇ ਗਏ ਸਨ। ਅਸੀਂ ਤਾਂ 15,000 ਕਰੋੜ ਦੇ ਬਾਂਡਜ਼ ਲਏ ਸਨ ਜਦਕਿ ਰਾਜਸਥਾਨ ਵਰਗੇ ਸੂਬਿਆਂ ਨੇ 70-80 ਹਜ਼ਾਰ ਕਰੋੜ ਰੁਪਏ ਦੇ ਉਦੈ ਬਾਂਡਜ਼ ਲਏ ਹਨ that is special extraordinary situation. ਸਾਰੀਆਂ ਸਟੇਟਾਂ ਵਿਚ ਅਜਿਹਾ ਹੋਇਆ ਸੀ। ਸਪੀਕਰ ਸਾਹਿਬ, ਪੰਜਾਬ ਦੀਆਂ ਏਜੰਸੀਆਂ ਉਤੇ ਕਰਜ਼ਾ ਸੀ। ਅਸੀਂ ਸੀ.ਸੀ.ਐਲ. ਦਾ ਕੋਈ ਨਵਾਂ ਕਰਜ਼ਾ ਨਹੀਂ ਲਿਆ ਸੀ। ਜਿਹੜੀਆਂ ਏਜੰਸੀਆਂ ਹਰ ਸਾਲ ਕਰਜ਼ੇ ਵਿੱਚ ਡੁੱਬਦੀਆਂ ਜਾ ਰਹੀਆਂ ਸਨ, ਅੱਜ ਉਹੀ ਏਜੰਸੀਆਂ ਪ੍ਰਾਫਿਟ ਵਿਚ

ਆ ਗਈਆਂ ਹਨ। ਪਹਿਲਾਂ ਉਨ੍ਹਾਂ ਦਾ ਸਾਰਾ ਪ੍ਰਾਫਿਟ ਵਿਆਜ ਦੇਣ ਉਤੇ ਚਲਾ ਜਾਂਦਾ ਸੀ ਪਰ ਹੁਣ ਤੁਸੀਂ ਚੈੱਕ ਕਰ ਲਵੋ, ਜਿਹੜੀਆਂ ਪ੍ਰਕਿਉਰਮੈਂਟ ਏਜੰਸੀਆਂ ਹਨ ਉਹ ਅੱਜ ਮੁਨਾਫ਼ੇ ਕਮਾ ਰਹੀਆਂ ਹਨ। ਇਹ ਪਤਾ ਨਹੀਂ ਸੀ.ਸੀ.ਐਲ. ਬਾਰੇ ਕੀ ਕਹਿੰਦੇ ਰਹੇ ਹਨ, ਸਾਡੀ ਸਰਕਾਰ ਨੇ ਸਾਰੇ ਖਰਚਿਆਂ ਵਾਸਤੇ 89,000 ਕਰੋੜ ਰੁਪਿਆ ਲਿਆ ਸੀ। ਜਿਹੜੀ ਸੀ.ਸੀ.ਐਲ. ਹੈ ਇਹ ਕੇਵਲ ਦਸ ਸਾਲਾਂ ਦੀ ਨਹੀਂ ਸੀ, ਇਹ ਬਹੁਤ ਲੰਮੇ ਸਮੇਂ ਤੋਂ ਚੱਲ ਰਹੀ ਹੈ ਅਤੇ ਵਧਦੀ ਵਧਦੀ ਵੀਹ-ਪੱਚੀ ਸਾਲਾਂ ਵਿਚ ਇਥੇ ਆ ਗਈ। ਇਹ ਕਿਸੇ ਦੇ ਵੱਸ ਦੀ ਗੱਲ ਨਹੀਂ ਪਰ ਅਸੀਂ ਤਾਂ ਦਸ ਸਾਲਾਂ ਵਿਚ 89,000 ਕਰੋੜ ਰੁਪਿਆ ਲਿਆ ਹੈ। ਇਹ ਆਪਣੇ ਪਹਿਲੇ ਦੋ ਸਾਲਾਂ ਵਿੱਚ ਤਕਰੀਬਨ 30,000 ਕਰੋੜ ਰੁਪਿਆ ਤਾਂ net borrowing ਲੈ ਚੁੱਕੇ ਹਨ ਅਤੇ ਤੀਜੇ ਸਾਲ ਵਿਚ ਇਨ੍ਹਾਂ ਨੇ ਕੁੱਲ 28,000 ਕਰੋੜ ਰੁਪਿਆ ਹੋਰ ਲੈਣਾ ਹੈ। ਜਿਸ ਨਾਲ ਇਸ ਸਾਲ ਦਾ ਕਰਜ਼ਾ 19,657 ਕਰੋੜ ਰੁਪਏ ਵਧੇਗਾ। ਇਹ ਕਹਿੰਦੇ ਹਨ ਕਿ ਅਸੀਂ ਫਿਸਕਲ ਕੰਸੋਲੀਡੇਸ਼ਨ ਕਰ ਰਹੇ ਹਾਂ। ਇਕ ਸਾਲ ਦੇ ਵਿੱਚ ਤੁਸੀਂ 30,000 ਕਰੋੜ ਰੁਪਿਆ ਲੈ ਰਹੇ ਹੋ। ਇਹ ਸਾਨੂੰ ਖੜ੍ਹੇ ਹੋ-ਹੋ ਕੇ ਬੜਾ ਦੋਸ਼ ਲਗਾਉਂਦੇ ਹਨ ਪਰ ਕਦੇ ਆਪਣੀ ਪੀੜ੍ਹੀ ਥੱਲੇ ਸੋਟਾ ਫੇਰ ਕੇ ਨਹੀਂ ਦੇਖਿਆ।

ਸਪੀਕਰ ਸਾਹਿਬ, ਇਹ ਦੇਖਣਾ ਹੁੰਦਾ ਹੈ ਕਿ ਤੁਹਾਡੇ ਰੈਵੇਨਿਊਜ਼ ਕਿੰਨੇ ਕੁ ਵੱਧ ਰਹੇ ਹਨ? ਇਨ੍ਹਾਂ ਦੇ State's own tax revenue ਪਿਛਲੇ ਸਾਲ ਸਿਰਫ਼ 4-5% ਵਧੇ ਹਨ ਜਿਸ ਸਬੰਧੀ ਮੈਂ ਪਿਛਲੇ ਸਾਲ ਕਿਹਾ ਸੀ ਕਿ ਤੁਸੀਂ ਇਨਫਲੇਟ ਕੀਤੇ ਹਨ, ਫਿਗਰਜ਼ exaggerate ਕੀਤੇ ਹਨ ਪਰ ਇਹ ਕਹਿੰਦੇ ਹਨ ਕਿ ਇਹ ਤਾਂ ਐਵੇਂ ਹੀ ਕਹੀ ਜਾਂਦੇ ਹਨ ਅਤੇ ਹੁਣ ਇਨ੍ਹਾਂ ਦੇ ਆਪਣੇ ਰਿਵਾਈਜ਼ਡ ਐਸਟੀਮੇਟ ਵਿਚ ਹੀ ਆ ਗਿਆ। ਸਪੀਕਰ ਸਾਹਿਬ, ਇਹ ਤੁਸੀਂ ਦੇਖ ਲਵੋ, ਤੁਹਾਡੇ ਸਾਹਮਣੇ ਹੀ ਹੈ। ਸਟੇਟ ਐਕਸਾਈਜ਼ ਸਬੰਧੀ ਕਹਿੰਦੇ ਸੀ ਕਿ 5,135 ਤੋਂ ਵੱਧ ਕੇ 6,000 ਕਰੋੜ ਹੋਵੇਗੀ ਅਤੇ ਰਿਵਾਈਜ਼ਡ ਐਸਟੀਮੇਟਸ ਸਬੰਧੀ ਕਿਹਾ ਸੀ ਕਿ 5,462 ਕਰੋੜ ਰੁਪਿਆ ਹੋਵੇਗਾ ਪਰ ਇਹ ਇੰਨਾ ਵੀ ਨਹੀਂ ਹੋਣਾ। ਮੈਨੂੰ ਲਗਦਾ ਹੈ ਕਿ 100-150 ਕਰੋੜ ਹੋਰ ਘਟੇਗਾ ਕਿਉਂਕਿ ਐਕਸਾਈਜ਼ ਪਾਲਿਸੀ faulty ਹੈ। ਤੁਸੀਂ ਸ਼ਰਾਬ ਦਾ ਦੋ ਲੱਖ ਬੋਤਲ ਦਾ ਕੋਟਾ ਘਟਾ ਕੇ ਸਵਾ ਲੱਖ ਕਰ ਰਹੇ ਹੋ। ਉਸ ਨਾਲ ਸੂਬੇ ਦੀ ਸਰਕਾਰ ਦਾ ਵੀ ਨੁਕਸਾਨ ਹੋਇਆ ਹੈ ਅਤੇ ਜਿਹੜੀ ਸ਼ਰਾਬ ਅੱਜ ਪੰਜਾਬ ਵਿਚ ਬਾਹਰੋਂ ਧੜਾਧੜ ਆ ਰਹੀ ਹੈ, ਇਸ ਨਾਲ ਕਿਸ ਦਾ ਨੁਕਸਾਨ ਹੋ ਰਿਹਾ ਹੈ? ਪੰਜਾਬ ਦੇ ਰੈਵੇਨਿਊ ਦਾ ਨੁਕਸਾਨ ਹੋ ਰਿਹਾ ਹੈ। ਕੋਟਾ ਘਟਾਉਣ ਦੀ ਕੀ ਲੋੜ ਸੀ? ਜੇ ਘਟਾਉਣਾ ਵੀ ਸੀ ਤਾਂ ਥੋੜ੍ਹਾ-ਬਹੁਤ ਘਟਾ ਦਿੰਦੇ। ਕਿਸ ਨੂੰ ਫਾਇਦਾ ਦਿੱਤਾ, ਕਿਸ ਵਾਸਤੇ ਕੀਤਾ? ਪੰਜਾਬ ਦੇ ਰੈਵੇਨਿਊ ਵਿਚ ਵਾਧਾ ਕੀਤਾ ਜਾ ਸਕਦਾ ਸੀ ਪਰ ਪਤਾ ਨਹੀਂ ਇਨ੍ਹਾਂ ਦੇ ਮਨ ਵਿਚ

[ਸਰਦਾਰ ਪਰਮਿੰਦਰ ਸਿੰਘ ਢੀਂਡਸਾ]
ਕੀ ਹੈ? ਅੱਜ ਇਹ ਖਦਸ਼ੇ ਸੱਚ ਸਾਬਤ ਹੋ ਰਹੇ ਹਨ। ਇਸੇ ਤਰ੍ਹਾਂ ਸਟੈਂਪ ਡਿਊਟੀਜ਼ ਅਤੇ ਰਜਿਸਟ੍ਰੇਸ਼ਨ ਬਾਰੇ ਕਹਿੰਦੇ ਸੀ ਕਿ 2,500 ਕਰੋੜ ਰੁਪਿਆ ਆਵੇਗਾ, ਹੁਣ ਇਨ੍ਹਾਂ ਦੇ ਰਿਵਾਈਜ਼ਡ ਐਸਟੀਮੇਟ 2,300 ਕਰੋੜ ਕਹਿ ਰਹੇ ਹਨ, ਉਹ ਵੀ ਨਹੀਂ ਹੋਣਾ ਕਿਉਂਕਿ ਜਿਹੜੀ ਕੱਲ੍ਹ ਮੰਤਰੀ ਜੀ ਨੇ 1,800 ਕਰੋੜ ਰੁਪਏ ਦੇ ਲਗਭਗ ਦੀ ਫਿਗਰ ਦਿੱਤੀ ਹੈ, ਉਸ ਨੂੰ ਮੈਂ extrapolate ਕੀਤਾ ਹੈ ਕਿ ਵੱਧ ਤੋਂ ਵੱਧ ਉਹ 2,100 ਕਰੋੜ ਤੱਕ ਪਹੁੰਚੇਗਾ, ਉਸ ਵਿੱਚ ਇਨ੍ਹਾਂ ਨੇ ਫੇਰ 150 ਕਰੋੜ ਐਡਵਾਂਸ ਵਿਚ ਵੱਧ ਲਗਾ ਲਿਆ।

ਸਪੀਕਰ ਸਾਹਿਬ, ਮਾਈਨਿੰਗ ਸਬੰਧੀ ਇਹ ਕਹਿੰਦੇ ਸਨ ਕਿ ਸਾਨੂੰ 300 ਕਰੋੜ ਆਵੇਗਾ ਅਤੇ ਸਿੱਧੂ ਸਾਹਿਬ ਕਹਿ ਗਏ ਕਿ 2000 ਕਰੋੜ ਆਵੇਗਾ। ਬਜਟ ਵਿਚ 300 ਕਰੋੜ ਕਿਹਾ ਗਿਆ ਹੈ ਅਤੇ ਆਇਆ ਕਿੰਨਾ ਹੈ? ਕੁੱਲ 32 ਕਰੋੜ ਰੁਪਿਆ। ਮੇਰਾ ਖਿਆਲ ਹੈ ਕਿ ਸਾਡੇ ਵੇਲੇ ਘੱਟੋ-ਘੱਟ 125 ਕਰੋੜ ਤਾਂ ਆਉਂਦਾ ਹੀ ਸੀ। ਸਪੀਕਰ ਸਾਹਿਬ, ਜਿਹੜਾ State's own tax revenue ਹੈ, ਉਹ 200-300 ਕਰੋੜ ਰੁਪਿਆ ਘੱਟ ਗਿਆ। ਇਸ ਬਜਟ ਵਿੱਚ ਫਿਗਰਜ਼ ਤਾਂ ਸ਼ੋਅ ਕਰ ਰਹੀਆਂ ਹਨ ਕਿ ਮਿਸਲੇਨੀਅਸ ਰਿਸੀਟਸ 1,478 ਕਰੋੜ ਤੋਂ 7,222 ਕਰੋੜ ਹੋ ਗਏ ਪਰ ਉਹ ਅਸਲ ਵਿਚ ਇਨ੍ਹਾਂ ਦੀ ਆਮਦਨ ਨਹੀਂ ਹੈ। ਉਹ ਵੀ ਇਨ੍ਹਾਂ ਨੇ ਆਰ.ਡੀ.ਐਫ., ਪੀ.ਆਈ.ਡੀ.ਬੀ., ਮੰਡੀ ਬੋਰਡ ਤੋਂ ਕਰਜ਼ਾ ਲੈ ਕੇ consolidated fund ਦੇ ਥਰੂ ਰੂਟ ਕਰਕੇ ਵਿਖਾ ਦਿੱਤਾ ਕਿ ਸਾਡੀ ਇਨਕਮ ਵੱਧ ਗਈ ਹੈ। ਮੰਤਰੀ ਸਾਹਿਬ ਸਾਨੂੰ ਕਹਿੰਦੇ ਸੀ ਕਿ ਇਨ੍ਹਾਂ ਨੇ ਸਾਡੀ ਫਿਊਚਰ ਇਨਕਮ ਨੂੰ ਵੀ ਮਾਰਟਗੇਜ ਕਰ ਦਿੱਤਾ, ਉਸ ਨੂੰ ਵੀ ਗਹਿਣੇ ਰੱਖ ਦਿੱਤਾ, ਜਿਹੜੀ ਸਾਡੀ ਆਮਦਨ ਆਉਣੀ ਸੀ ਉਸ ਤੇ ਕਰਜ਼ੇ ਲੈ ਲਏ। ਇਸ ਦਾ ਜਵਾਬ ਦੱਸੋ ਕਿ ਹੁਣ ਤੁਸੀਂ ਜਿਹੜਾ 6,000 ਕਰੋੜ ਲਿਆ ਹੈ, ਕੀ ਇਹ ਫਿਊਚਰ ਇਨਕਮ ਨੂੰ ਮਾਰਟਗੇਜ ਕੀਤੇ ਬਗੈਰ ਲੈ ਲਏ ਹਨ? ਮੈਂ ਇੱਕੋ ਗੱਲ ਕਹੀ ਸੀ ਕਿ ਕੋਈ ਵੀ ਲੋਨ ਹੈ, ਉਹ ਫਿਊਚਰ ਇਨਕਮ ਦੇ ਅਗੇਂਸਟ ਮਿਲੇਗਾ। ਇਹ ਸਾਨੂੰ ਕਹਿੰਦੇ ਹਨ ਕਿ ਪੰਜਾਬ ਨਾਲ ਕਿੰਨਾ ਵੱਡਾ ਧੱਕਾ ਕਰ ਦਿੱਤਾ, ਇਨ੍ਹਾਂ ਨੇ future income ਦੇ ਅਗੇਂਸਟ ਕਰਜ਼ਾ ਲੈ ਲਿਆ ਪਰ ਆਪ ਪਿਛਲੇ ਸਾਲ 5,000-6,000 ਕਰੋੜ ਲੈ ਕੇ ਹਟੇ ਹਨ ਅਤੇ ਅੱਗੇ ਪਤਾ ਨਹੀਂ ਇਨ੍ਹਾਂ ਨੇ ਹੋਰ ਕੀ ਕੁਝ ਕਰਨਾ ਹੈ। ਸਪੀਕਰ ਸਾਹਿਬ, ਦੂਜਿਆਂ ਨੂੰ ਮਾੜਾ ਸਾਬਤ ਕਰਨ ਦੇ ਚੱਕਰ ਵਿੱਚ ਅੱਜ ਇਨ੍ਹਾਂ ਦੀ ਆਪਣੀ ਸਾਰੀ ਗੱਲ ਸਾਰਿਆਂ ਦੇ ਸਾਮ੍ਹਣੇ ਆ ਰਹੀ ਹੈ।

State's own non tax revenue 200-300 ਕਰੋੜ ਰੁਪਿਆ ਘੱਟ ਗਿਆ ਹੈ। ਜੇਕਰ ਸਟੇਟ ਦੀ total tax and non tax income ਵਧੀ ਹੈ, ਉਸ ਵਿੱਚ ਮਸਾਂ 2-3% ਵਾਧਾ ਹੋਇਆ ਹੈ। ਸਪੀਕਰ ਸਾਹਿਬ, ਇਸ ਤਰ੍ਹਾਂ ਸੂਬਾ ਕਿਵੇਂ

ਚੱਲੇਗਾ? ਜਿਹੜਾ ਵੀ ਪੈਸਾ ਵਧਿਆ ਹੈ, ਉਹ ਜੀ.ਐਸ.ਟੀ. ਕੰਪਨਸੇਸ਼ਨ ਦਾ ਵਧਿਆ ਹੈ, ਜੋ ਅਸੀਂ ਕਰਵਾ ਕੇ ਲਿਆਏ ਹਾਂ। ਮੈਂ ਆਪਣੀ praise ਨਹੀਂ ਕਰਦਾ, ਇਹ ਹਰ ਬੰਦੇ ਦੀ ਸਟੇਟ ਪ੍ਰਤੀ ਡਿਊਟੀ ਹੁੰਦੀ ਹੈ, ਸਰਕਾਰ ਦੀ ਵੀ ਹੁੰਦੀ ਹੈ ਕਿ ਉਹ ਲੜੇ। ਮੈਂ ਸਮਝਦਾ ਹਾਂ ਕਿ ਮਨਪ੍ਰੀਤ ਜੀ ਵੀ hopefully ਭਵਿੱਖ ਵਾਸਤੇ ਲੜ ਰਹੇ ਹਨ ਪਰ ਦੇਖੋ, ਅੱਜ ਅਸੀਂ ਕੇਂਦਰ ਸਰਕਾਰ ਤੇ ਕਿੰਨੇ ਨਿਰਭਰ ਹੋ ਗਏ ਹਾਂ। ਕਦੇ ਸਾਡੀ State's own tax revenue and devolution of funds from centre and Grants in Aid ratio, 80% ਸਾਡਾ ਹੁੰਦਾ ਸੀ ਅਤੇ 20% ਕੇਂਦਰ ਸਰਕਾਰ ਤੋਂ ਆਉਂਦਾ ਸੀ। ਅੱਜ ਇਹ 50%-50% ਹੋ ਗਿਆ ਹੈ। ਅੱਧਾ ਕੇਂਦਰ ਸਰਕਾਰ ਤੋਂ ਆਉਂਦਾ ਹੈ ਅਤੇ ਅੱਧਾ ਸਾਡਾ ਆਪਣਾ ਹੈ। ਭਵਿੱਖ ਵਿੱਚ ਜੇਕਰ ਕੋਈ ਕੇਂਦਰ ਦੀ ਸਰਕਾਰ ਨਾ ਦੇਣਾ ਚਾਹੇ ਤਾਂ ਉਨ੍ਹਾਂ ਸਾਮ੍ਹਣੇ ਅਸੀਂ ਮੰਗਤੇ ਬਣ ਜਾਵਾਂਗੇ। ਇਨ੍ਹਾਂ ਨੇ ਜੀ.ਐਸ.ਟੀ. ਰੈਵੇਨਿਊ ਵਧਾਉਣ ਵਾਸਤੇ ਕੀ ਕੀਤਾ ਹੈ? ਜੇਕਰ ਜੀ.ਐਸ.ਟੀ. ਵਿੱਚ ਗ੍ਰੋਥ ਨਹੀਂ ਹੈ ਤਾਂ ਕਿਹੜੇ ਕਦਮ ਚੁੱਕੇ ਹਨ? ਸਰਕਾਰ ਸੁੱਤੀ ਪਈ ਹੈ ਕਿਉਂਕਿ ਸੈਂਟਰ ਤੋਂ ਪੈਸਾ ਆ ਜਾਣਾ ਹੈ ਇਸ ਲਈ ਸਾਨੂੰ ਕਰਨ ਦੀ ਕੀ ਲੋੜ ਹੈ ਪਰ ਤੁਸੀਂ ਭਵਿੱਖ ਵਾਸਤੇ ਪੰਜਾਬ ਲਈ ਖੱਡਾ ਖੋਦ ਰਹੇ ਹੋ। ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਯਾਦ ਰੱਖਣ, ਇਸ ਸਾਲ ਵੀ ਬਜਟ ਵਿੱਚ ਬਹੁਤ ਵੱਡੀਆਂ incomes exaggerate ਕੀਤੀਆਂ ਹਨ ਅਤੇ ਖਰਚੇ ਘਟਾ ਦਿੱਤੇ ਹਨ। ਮੇਰੇ ਮੁਤਾਬਿਕ ਇਸ ਸਾਲ ਦੇ ਬਜਟ ਵਿੱਚ ਸਟੇਟ ਦੇ ਆਪਣੇ ਖਰਚਿਆਂ ਤੋਂ ਘੱਟੋ ਘੱਟ 1,500 ਕਰੋੜ ਰੁਪਿਆ ਵੱਧ ਦਿਖਾਇਆ ਹੈ।

ਸਪੀਕਰ ਸਾਹਿਬ, ਸਮਾਂ ਘੱਟ ਹੈ ਅਤੇ ਬਾਕੀਆਂ ਨੇ ਵੀ ਬੋਲਣਾ ਹੈ। ਐਫ.ਐਮ. ਸਾਹਿਬ, ਮੈਨੂੰ ਪਤਾ ਨਹੀਂ ਲੱਗਿਆ ਕਿ miscellaneous receipts ਦੇ 6,377 ਕਰੋੜ ਰੁਪਏ ਵਿੱਚ ਕਿੰਨਾ ਲੋਨ ਹੈ ਜਾਂ ਸਰਕਾਰ ਨੇ ਆਪ ਕਰਨਾ ਹੈ, ਉਸ ਸਬੰਧੀ ਇਸ ਵਿੱਚ ਕੋਈ ਜਾਣਕਾਰੀ ਨਹੀਂ ਹੈ। ਮੈਂ ਅੰਦਾਜ਼ਾ ਲਗਾਉਂਦਾ ਹਾਂ ਕਿ ਰਿਸੀਟਸ ਤਾਂ ਵਧਾ ਕੇ ਤਕਰੀਬਨ 1,500 ਕਰੋੜ ਰੁਪਏ ਕਰ ਦਿੱਤੀਆਂ ਹਨ ਪਰ ਇਸ ਨਾਲ ਖਰਚੇ ਨੂੰ ਵੀ ਘਟਾਇਆ ਹੈ। ਸਭ ਤੋਂ ਵੱਡਾ ਖਰਚ salaries and wages ਦਾ ਹੈ, ਜਿਹੜੀਆਂ ਤਨਖਾਹਾਂ ਦਿੰਦੇ ਹਾਂ। ਇਹ ਸਾਲ 2017-18 ਵਿੱਚ 23,210 ਕਰੋੜ ਸਨ ਅਤੇ ਪਿਛਲੇ ਸਾਲ ਵੱਧ ਕੇ 25,377 ਕਰੋੜ ਹੋ ਗਿਆ ਮਤਲਬ ਪਿਛਲੇ ਸਾਲ ਤਨਖਾਹਾਂ ਦਾ ਖਰਚਾ 2,167 ਕਰੋੜ ਰੁਪਿਆ ਵੱਧ ਗਿਆ ਹੈ।

**Mr. Speaker :** Thank you.

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਟਾਈਮ ਤਾਂ ਦੇ ਦਿਓ।

**ਮਾਨਯੋਗ ਸਪੀਕਰ :** ਮੇਰੇ ਵਲੋਂ ਸਾਰਾ ਟਾਈਮ ਤੁਸੀਂ ਲੈ ਲਓ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਮੈਂ ਹੋਰ ਸ਼ਾਰਟ ਕਰ ਦਿੰਦਾ ਹਾਂ।

**ਮਾਨਯੋਗ ਸਪੀਕਰ :** ਮੈਂ knowledge sake ਦੱਸ ਰਿਹਾ ਹਾਂ ਕਿ ਤੁਸੀਂ 12.38 ਵਜੇ ਤੇ ਸ਼ੁਰੂ ਕੀਤਾ ਸੀ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** 12.39 ਵਜੇ ਤੇ ਸ਼ੁਰੂ ਕੀਤਾ ਸੀ ਜੀ। 2,167 ਕਰੋੜ ਰੁਪਿਆ ਵੱਧ ਗਿਆ ਹੈ ਜਦਕਿ ਕੋਈ ਡੀ.ਏ. ਨਹੀਂ ਦਿੱਤਾ। ਇਸ ਸਾਲ ਦਾ ਡੀ.ਏ. ਵੀ ਅਨਾਊਂਸ ਕਰ ਦਿੱਤਾ ਹੈ। ਜੇ ਡੀ.ਏ. ਨੂੰ ਇਸ ਵਿੱਚ ਜੋੜ ਲਓ ਤਾਂ normal growth ਜੋ ਡੀ.ਏ. ਤੋਂ ਬਿਨਾਂ ਵਧੀ ਹੈ ਉਸ ਨਾਲ 2,750 ਕਰੋੜ ਸੈਲਰੀ ਵਾਸਤੇ ਵਧਣਾ ਚਾਹੀਦਾ ਹੈ। ਇਨ੍ਹਾਂ ਨੇ ਉਸ ਵਾਸਤੇ ਸਿਰਫ਼ 1,600 ਕਰੋੜ ਰੁਪਏ ਦੇ ਵਾਧੇ ਦੀ ਪ੍ਰੋਵੀਜ਼ਨ ਕੀਤੀ ਹੈ। ਘੱਟੋ ਘੱਟ 1000 ਕਰੋੜ ਰੁਪਿਆ ਹੋਰ ਰੱਖਣਾ ਚਾਹੀਦਾ ਸੀ। ਇਸ ਦਾ ਮਤਲਬ ਇਹ ਵੀ ਹੈ ਕਿ ਨਾ ਇਨ੍ਹਾਂ ਨੇ ਮੁਲਾਜ਼ਮਾਂ ਨੂੰ ਕੋਈ ਏਰੀਅਰ ਦੇਣਾ ਹੈ, ਨਾ ਡੀ.ਏ. ਦੇਣਾ ਹੈ ਅਤੇ ਨਾ ਹੀ ਪੇਅ ਕਮਿਸ਼ਨ ਦਾ ਪੈਸਾ ਦੇਣਾ ਹੈ। ਸਪੀਕਰ ਸਾਹਿਬ, ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਮੈਂ ਤੁਹਾਡੇ ਰਾਹੀਂ ਕਿੰਨੀ ਵਾਰ ਸਵਾਲ ਲਗਾਇਆ ਹੈ ਪਰ ਅੱਜ ਤੱਕ ਦੋ ਸਾਲਾਂ ਵਿੱਚ ਮੈਨੂੰ ਇਸ ਦਾ ਜਵਾਬ ਨਹੀਂ ਆਇਆ ਕਿ ਸਰਕਾਰ ਕਦੋਂ ਪੇਅ ਕਮਿਸ਼ਨ ਅਨਾਊਂਸ ਕਰ ਰਹੀ ਹੈ? ਕੀ ਡੀ.ਏ. ਦੇ ਰਹੀ ਹੈ ਜਾਂ ਨਹੀਂ ਦੇ ਰਹੀ? ਇਹ ਪੰਜਾਬ ਦੇ ਹਾਲਾਤ ਹਨ, ਅਸੀਂ ਕੀ ਆਸ ਰੱਖ ਸਕਦੇ ਹਾਂ?

ਪਾਵਰ ਸਬਸਿਡੀ ਦੀ ਗੱਲ ਲੈ ਲਓ, ਹਾਲੇ ਟੈਰਿਫ ਆਰਡਰ ਨਹੀਂ ਆਇਆ। ਇਨ੍ਹਾਂ ਨੇ ਜੋ ਫਿਗਰਜ਼ ਦਿੱਤੀਆਂ ਹਨ, ਮੈਨੂੰ ਲਗਦਾ ਹੈ ਉਹ ਉਸ ਨਾਲੋਂ ਹਮੇਸ਼ਾ ਵੱਧ ਹੀ ਹੁੰਦਾ ਹੈ। ਇਨ੍ਹਾਂ ਨੇ 12,398 ਕਰੋੜ ਰੁਪਏ ਦੀ ਪਾਵਰ ਸਬਸਿਡੀ ਰੱਖੀ ਹੈ, ਜਿਸ ਵਿਚੋਂ ਫਾਰਮਰ ਵਾਸਤੇ ਤਕਰੀਬਨ 8969 ਕਰੋੜ, ਇੰਡਸਟਰੀ ਵਾਸਤੇ 1513 ਕਰੋੜ, free power to SCs, BCs 1,916 crore ਪਰ ਇਹ ਇਕ ਗੱਲ ਭੁੱਲ ਗਏ ਕਿ ਜਿਹੜੇ ਪਾਵਰ ਸਬਸਿਡੀ ਦੇ 4,500 ਕਰੋੜ ਰੁਪਏ ਦੇ ਏਰੀਅਰਜ਼ ਹਨ, ਉਹ ਕੌਣ ਦੇਵੇਗਾ? ਜੇ ਤੁਸੀਂ ਹੁਣ ਉਸ ਪੈਸੇ ਨੂੰ ਵੀ ਇਸ ਵਿੱਚ ਜੋੜ ਲਵੋ ਤਾਂ ਤੁਸੀਂ ਹਿਸਾਬ ਲਗਾ ਲਵੋ ਕਿ 6,000 ਕਰੋੜ ਰੁਪਏ ਦੇ ਬਿਲ ਇਸ ਸਾਲ ਦੇ ਟਰੈਜ਼ਰੀ ਵਿਚ ਪੈਂਡਿੰਗ ਪਏ ਹਨ। ਵੈਸੇ ਤਾਂ ਪਾਸੀਬਲ ਨਹੀਂ ਪਰ ਉਸ ਵਿਚ ਵੱਧ ਤੋਂ ਵੱਧ ਜ਼ੋਰ ਲਗਾਉਣ ਤੇ ਵੀ ਮੇਰਾ ਖਿਆਲ ਹੈ ਕਿ ਇਹ ਬਿਲ ਵਧਣਗੇ ਹੀ ਕਿਉਂਕਿ ਨੇੜੇ ਜਾ ਕੇ ਬਿਲ ਵਧਦੇ ਹੀ ਹੁੰਦੇ ਹਨ। ਜੇ ਇਨ੍ਹਾਂ ਨੇ ਵੱਧ ਤੋਂ ਵੱਧ 2,000 ਕਰੋੜ ਰੁਪਏ ਕਲੀਅਰ ਕਰ ਵੀ ਦਿੱਤੇ ਤਾਂ ਵੀ 4,000 ਕਰੋੜ ਰੁਪਏ ਦੇ ਪੈਂਡਿੰਗ ਰਹਿ ਗਏ।

ਸਪੀਕਰ ਸਾਹਿਬ, ਫ਼ਿਰ ਇਹ ਬਜਟ ਵਿੱਚ ਹੀ ਬੜਾ ਵੱਡਾ ਝੂਠ ਬੋਲ ਗਏ ਕਿ ਅਨਫੰਡਿਡ ਗੈਪ 2,323 ਕਰੋੜ ਰੁਪਏ ਦਾ ਹੈ। ਮੈਂ ਲੇਖਾ-ਜੋਖਾ ਕਰਕੇ ਦੇਖਿਆ ਹੈ ਕਿ ਜਿਹੜਾ ਇਨ੍ਹਾਂ ਦਾ ਖਰਚਾ ਅਤੇ ਆਮਦਨ ਹੈ, ਜੇ ਟੋਟਲ ਰੈਵੇਨਿਊ ਅਤੇ ਟੋਟਲ ਐਕਸਪੈਂਡੀਚਰ ਦਾ ਤੁਸੀਂ ਜੋੜ ਕਰੋ ਤਾਂ 4,323 ਕਰੋੜ ਰੁਪਏ ਦਾ ਫ਼ਰਕ ਹੈ, ਨਾ ਕਿ 2,323 ਕਰੋੜ ਰੁਪਏ ਦਾ ਹੈ। ਇਨ੍ਹਾਂ ਨੇ total expenditure of State Government 1,58, 493 ਕਰੋੜ ਰੁਪਏ ਦਿਖਾਇਆ ਹੈ ਅਤੇ ਟੋਟਲ ਰੈਵੇਨਿਊ 1,54,170 ਕਰੋੜ ਰੁਪਏ ਦਿਖਾਇਆ ਹੈ। ਫ਼ਿਰ ਆਪੇ ਹੀ 4,000 ਕਰੋੜ ਰੁਪਏ ਦਾ ਫ਼ਰਕ ਪੈ ਗਿਆ। What I feel, ਇਨ੍ਹਾਂ ਨੇ ਜਵਾਬ ਵਿੱਚ ਕਹਿਣਾ ਹੈ ਕਿ ਅਸੀਂ through ways and means or opening and closing manage ਕਰਾਂਗੇ। ਆਮ ਇਹ ਦੱਸਣਾ ਹੁੰਦਾ ਹੈ ਕਿ ਸਾਡਾ ਓਪਨਿੰਗ ਕਿੰਨਾ ਹੈ, ਅਸੀਂ ਓਵਰ ਡਰਾਫਟ ਵਿੱਚ ਜਾਵਾਂਗੇ ਜਾਂ ਸਰਪਲੱਸ ਵਿੱਚ ਜਾਵਾਂਗੇ ਅਤੇ ਸਾਡੀ ਕਲੋਜ਼ਿੰਗ ਕਿੰਨੀ ਹੋਵੇਗੀ। ਇਹ ਸਾਰਾ ਕੁਝ ਬਜਟ ਵਿੱਚ ਨਹੀਂ ਦੱਸਿਆ ਗਿਆ। ਮੈਂ ਅੰਦਾਜ਼ਾ ਲਗਾਉਂਦਾ ਹਾਂ ਕਿ ਇਨ੍ਹਾਂ ਦਾ ਅਨਫੰਡਿਡ ਗੈਪ 4,323 ਕਰੋੜ, ਐਕਸੈਸ ਰੈਵੇਨਿਊ 1,500 ਕਰੋੜ, ਸੈਲਰੀ ਬਿਲਜ਼ 1,150 ਕਰੋੜ, ਪੈਂਡਿੰਗ ਸਬਸਿਡੀ 4,500 ਕਰੋੜ ਅਤੇ ਜਿਹੜੇ ਇਸ ਸਾਲ ਦੇ ਬਿਲ ਹਨ ਜੋ ਕਿ ਇਨ੍ਹਾਂ ਨੂੰ ਅਗਲੇ ਸਾਲ ਵਿੱਚ ਦੇਣੇ ਪੈਣੇ ਹਨ, ਉਹ ਤਕਰੀਬਨ 4,000 ਕਰੋੜ ਰੁਪਏ ਹਨ। ਇਹ ਕੁੱਲ ਮਿਲਾ ਕੇ 15,500 ਕਰੋੜ ਰੁਪਏ ਬਣ ਗਿਆ। ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਵੱਧ ਕਰਜ਼ਾ ਦਿਖਾ ਰੱਖਿਆ ਹੈ, ਅਜੇ ਮੈਂ ਉਹ 2,200 ਕਰੋੜ ਵਿੱਚ ਨਹੀਂ ਲਿਆ ਕਿਉਂਕਿ ਇਨ੍ਹਾਂ ਨੇ ਫਿਸਕਲ ਡੈਫੇਸਿਟ 3.4% ਦਿਖਾਇਆ ਹੈ ਜਦਕਿ ਐਫ.ਆਰ.ਬੀ.ਐਮ. ਐਕਟ ਦੇ ਮੁਤਾਬਕ 3% ਤਾਂ ਜਾ ਹੀ ਨਹੀਂ ਸਕਦਾ। ਇਸ ਕਰਕੇ ਜੇ ਉਸ ਨੂੰ ਵੀ ਜੋੜ ਲਈਏ ਤਾਂ 15,000 ਕਰੋੜ ਰੁਪਏ ਤੋਂ ਉਤੇ ਦਾ ਡਿਫਰੈਂਸ ਤਾਂ ਬਜਟ ਵਿੱਚ ਅਤੇ ਐਕਚੁਅਲ ਵਿੱਚ ਆ ਰਿਹਾ ਹੈ ਫ਼ਿਰ ਲੋਕਾਂ ਲਈ ਕੀ ਬਚਣਾ ਹੈ? ਮੈਨੂੰ ਕਾਂਗਰਸ ਦੇ ਕਈ ਐਮ.ਐਲ.ਏਜ਼ ਪੁੱਛਦੇ ਹਨ ਕਿ ਬਜਟ ਵਿਚ ਤਾਂ ਬਹੁਤ ਕੁਝ ਸੀ ਪ੍ਰੰਤੂ ਸਾਨੂੰ ਤਾਂ ਕੁਝ ਮਿਲਿਆ ਨਹੀਂ। ਮੈਂ ਕਿਹਾ ਕਿ ਇਹ ਗੱਲਾਂ ਹੀ ਸਨ। ਹਵਾ ਵਿੱਚ ਹੀ ਸੀ ਅਤੇ ਹਵਾ ਵਿੱਚ ਹੀ ਲੰਘ ਗਿਆ। ਮੈਂ ਕਿਹਾ ਕਿ ਅਗਲੇ ਸਾਲ ਲਈ ਵੀ ਤੁਹਾਡੇ ਨਾਲ ਇਸ ਤਰ੍ਹਾਂ ਹੀ ਹੋਣਾ ਹੈ। ਇਸ ਕਰਕੇ ਬਹੁਤੀ ਆਸ ਰੱਖਣ ਦੀ ਕੋਈ ਲੋੜ ਨਹੀਂ।

ਸਪੀਕਰ ਸਾਹਿਬ, ਮੈਂ ਟੈਕਸਿਜ਼ ਦੀ ਐਲੋਕੇਸ਼ਨ ਦੀ ਗੱਲ ਕਰਦਾ ਹਾਂ। ਐਲੋਕੇਸ਼ਨ ਮਾਇਨੇ ਤਾਂ ਰੱਖਦਾ ਹੈ ਜੇ ਪੈਸੇ ਹੋਣ। ਐਲੋਕੇਸ਼ਨ ਤਾਂ ਜਿੰਨੀ ਮਰਜ਼ੀ ਕਰੀ ਜਾਓ। ਇਨ੍ਹਾਂ ਨੇ ਸਮਾਰਟ ਫੋਨਾਂ ਲਈ 50 ਕਰੋੜ ਰੁਪਏ ਦੀ ਰਾਸ਼ੀ ਰੱਖੀ ਹੈ। ਪਤਾ ਨਹੀਂ ਉਸ ਵਿਚੋਂ ਕਿੰਨੇ ਕੁ ਆਉਣਗੇ ਕਿਉਂਕਿ ਇਹ ਟੋਕਨ ਹੈ ਅਤੇ ਪਿਛਲੇ ਸਾਲ ਵੀ

[ਸਰਦਾਰ ਪਰਮਿੰਦਰ ਸਿੰਘ ਢੀਂਡਸਾ]

ਕੀਤੀ ਸੀ। ਕਿਹਾ ਗਿਆ ਹੈ ਕਿ ਨਵੇਂ ਟੈਕਸਿਜ਼ ਨਹੀਂ ਲਗਾਏ। ਇਹ ਹੁਣ ਬਾਅਦ ਵਿੱਚ ਲਗਾਉਣਗੇ। ਜਦੋਂ ਇਲੈਕਸ਼ਨ ਲੰਘ ਗਈ ਫਿਰ ਜੋ ਕੁਝ ਵੀ ਕਰਨਾ ਹੈ, ਇਹ ਕਰਨਗੇ। ਕੱਲ੍ਹ ਹੀ ਮੰਤਰੀ ਜੀ ਨੇ ਅਰਬਨ ਏਰੀਆਜ਼ ਵਿੱਚ 3% ਸਟੈਂਪ ਡਿਊਟੀ ਵਧਾਉਣ ਬਾਰੇ ਕਿਹਾ ਹੈ।

**ਮਾਲ ਮੰਤਰੀ (ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ):** ਸਪੀਕਰ ਸਾਹਿਬ, ਮੈਂ ਇਹ ਕਿਹਾ ਸੀ ਕਿ ਇਨ੍ਹਾਂ ਵੇਲੇ 3% ਡਿਊਟੀ ਲਗਦੀ ਹੁੰਦੀ ਸੀ, ਜਦੋਂ ਸਾਡੀ ਸਰਕਾਰ ਬਣੀ ਸੀ, ਅਸੀਂ ਉਸ ਤੇ ਫ਼ੈਸਲਾ ਕੀਤਾ ਸੀ ਅਤੇ ਦੋ ਸਾਲ ਲਈ ਉਹ ਹਟਾ ਦਿੱਤੀ ਸੀ। ਉਸ ਦਾ ਟਾਈਮ 31 ਮਾਰਚ ਤੱਕ ਦਾ ਹੈ ਅਤੇ ਇਹ ਜ਼ਰੂਰੀ ਨਹੀਂ ਹੈ ਕਿਉਂਕਿ ਸਾਡੀ ਕੈਬਨਿਟ ਦੀ ਮੀਟਿੰਗ ਹੋਣੀ ਹੈ ਅਤੇ ਹੋ ਸਕਦਾ ਹੈ ਕਿ ਅਸੀਂ ਹੋਰ ਵੀ ਟਾਈਮ ਵਧਾ ਦੇਈਏ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਇਹ ਲੁਕੀਆਂ ਹੋਈਆਂ ਗੱਲਾਂ ਹਨ। ਇਹ ਦੇਖੋ ਕਿ ਬਿਜਲੀ ਦੇ ਰੇਟ ਕਿੰਨੇ ਵਧਾ ਦਿੱਤੇ, ਇਲੈਕਟ੍ਰੀਸਿਟੀ ਡਿਊਟੀ 2% ਵਧਾ ਦਿੱਤੀ ਹੈ। ਇਹ ਸਾਰੇ ਖਰਚੇ ਲੋਕਾਂ ਤੇ ਹੀ ਪੈਣੇ ਹਨ।

**ਮਾਨਯੋਗ ਸਪੀਕਰ:** ਢੀਂਡਸਾ ਜੀ, ਤੁਸੀਂ ਸਾਰਾ ਹੀ ਟਾਈਮ ਲੈ ਲਿਆ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਮੈਂ ਸਮਾਪਤ ਕਰਦਾ ਹਾਂ ਜੀ। ਸਪੀਕਰ ਸਾਹਿਬ, ਜਦੋਂ ਮੈਂ ਧਿਆਨ ਮਾਰਿਆ ਤੇ ਸੋਚਿਆ ਕਿ ਮੈਂ ਹੁਣ ਕੀ ਕਹਾਂ? ਫ਼ਿਰ ਰਾਤ ਨੂੰ ਮੇਰੇ ਸੁਪਨੇ ਵਿੱਚ ਵੀ ਅਲਾਮਾ ਇਕਬਾਲ ਆ ਗਏ।(ਹਾਸਾ) ਮੈਂ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਵਿਅਕਤ ਕਰਨਾ ਚਾਹੁੰਦਾ ਹਾਂ ਅਤੇ ਮਾਨਯੋਗ ਐਫ.ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ – तुझे फुर्सत मिले तो गिन लेना कितने वादे उधार हैं तुझ पर। (ਥੰਪਿੰਗ) ਸੋ, ਇਹ ਯਾਦ ਰੱਖਣ ਕਿ ਮੈਨੀਫੈਸਟੋ ਵਿੱਚ ਲੋਕਾਂ ਨਾਲ ਕੀ ਵਾਅਦੇ ਕਰਕੇ ਆਏ ਹਨ ਅਤੇ ਪੰਜਾਬ ਦੇ ਕੀ ਹਾਲਾਤ ਕਰ ਦਿੱਤੇ ਹਨ।

**ਮਾਨਯੋਗ ਸਪੀਕਰ:** ਸ਼ਰਮਾ ਜੀ, ਨੋਟ ਕਰ ਲਉ, ਇਹ 21 ਮਿੰਟ ਬੋਲੇ ਹਨ।(...ਵਿਘਨ) ਮੈਂ ਦੱਸ ਰਿਹਾ ਹਾਂ। ਟਾਈਮ ਦੇਵਾਂਗੇ, ਤੁਹਾਨੂੰ ਦੱਸ ਰਿਹਾ ਹਾਂ, ਤੁਹਾਡੇ ਗਿਲ੍ਹੇ ਦਾ ਜਵਾਬ ਦੇ ਰਿਹਾ ਹਾਂ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸਪੀਕਰ ਸਾਹਿਬ...

**ਮਾਨਯੋਗ ਸਪੀਕਰ:** ਤੁਸੀਂ ਤਾਂ ਬਾਅਦ ਵਿੱਚ ਬੋਲਣਾ ਹੀ ਹੈ।

**ਵਿੱਤ ਮੰਤਰੀ :** ਸਪੀਕਰ ਸਾਹਿਬ, ਮੈਂ ਵੈਸੇ ਦੱਸ ਰਿਹਾ ਹਾਂ। ਇਨ੍ਹਾਂ ਦੀਆਂ ਗੱਲਾਂ ਦਾ

ਜਵਾਬ ਤਾਂ ਮੈਂ ਜਿਸ ਦਿਨ ਰਿਪਲਾਈ ਕਰਾਂਗਾ, ਉਸ ਦਿਨ ਦੇਵਾਂਗਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇੰਨਾ ਹਲਕਾ ਸ਼ੇਅਰ ਇਕਬਾਲ ਜੀ ਦਾ ਨਹੀਂ ਹੋ ਸਕਦਾ। (ਹਾਸਾ)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਇਕਬਾਲ ਤਾਂ ਵੱਡੇ ਸ਼ੇਅਰ ਹੀ ਬੋਲਦਾ ਸੀ ਹੁਣ ਜਦੋਂ ਰੱਬ ਨੂੰ ਪਿਆਰਾ ਹੋ ਗਿਆ ਤਾਂ ਫ਼ਿਰ ਹਲਕੀ ਗੱਲ ਹੀ ਹੁੰਦੀ ਹੈ।(ਹਾਸਾ)

**ਮਾਨਯੋਗ ਸਪੀਕਰ :** ਹਾਂ ਜੀ ਸਰਦਾਰ ਜੈ ਕ੍ਰਿਸ਼ਨ ਸਿੰਘ ਜੀ।

**ਸਰਦਾਰ ਜੈ ਕ੍ਰਿਸ਼ਨ ਸਿੰਘ (ਗੜ੍ਹਸ਼ੰਕਰ):** ਧੰਨਵਾਦ ਸਪੀਕਰ ਸਾਹਿਬ, ਅੱਜ ਪੰਜਾਬ ਦੇ ਬਜਟ ਦੇ ਉਪਰ ਗੱਲ ਹੋ ਰਹੀ ਹੈ। ਪੰਜਾਬ ਦਾ ਖਜ਼ਾਨਾ ਕਿਸ ਪ੍ਰਕਾਰ ਲੁੱਟਿਆ ਗਿਆ ਅਤੇ ਅੱਜ ਵੀ ਕਿਸ ਪ੍ਰਕਾਰ ਪੰਜਾਬ ਦੇ ਲੋਕਾਂ ਦੀਆਂ ਜੇਬਾਂ ਨੂੰ ਲੁੱਟਿਆ ਜਾ ਰਿਹਾ ਹੈ। ਮੈਂ ਗੱਲ ਕਰਾਂਗਾ ਕਿ ਜਲੰਧਰ ਤੋਂ ਪਾਣੀਪਤ ਸੜਕ ਤੇ ਸਾਲ 2009 ਵਿੱਚ ਟੋਲ ਪਲਾਜ਼ਾ ਲੱਗਿਆ ਸੀ ਅਤੇ ਉਸ ਟੋਲ ਪਲਾਜ਼ੇ ਦਾ ਉਸ ਸੜਕ ਤੇ ਟਾਈਮ ਸਾਲ 2009 ਤੋਂ ਸ਼ੁਰੂ ਹੋ ਕੇ ਸਾਲ 2024 ਤੱਕ ਸੀ ਪਰ ਸੜਕ ਸਾਲ 2009 ਤੋਂ 2012 ਦੌਰਾਨ ਤਿੰਨ ਸਾਲ ਵਿੱਚ ਤਿਆਰ ਹੋਣੀ ਸੀ। ਸਪੀਕਰ ਸਾਹਿਬ, ਜਿੰਨਾ ਚਿਰ ਸੜਕ ਤਿਆਰ ਨਹੀਂ ਹੁੰਦੀ ਉਨਾ ਚਿਰ ਟੋਲ ਪਲਾਜ਼ਾ ਨਹੀਂ ਲੱਗ ਸਕਦਾ ਪਰ ਦੁੱਖ ਦੀ ਗੱਲ ਹੈ ਕਿ ਅੱਜ ਸਾਲ 2019 ਆ ਗਿਆ ਹੈ। ਇਨ੍ਹਾਂ 10 ਸਾਲਾਂ ਵਿੱਚ ਉਹ ਸੜਕ ਹਾਲੇ ਵੀ ਤਿਆਰ ਨਹੀਂ ਹੋਈ। ਕਈ ਜਗ੍ਹਾ ਹਾਲੇ ਵੀ ਕੰਮ ਰੁਕਿਆ ਪਿਆ ਹੈ। ਉਸ ਟੋਲ ਪਲਾਜ਼ੇ ਉਪਰ ਹਰ ਰੋਜ਼ ਲਗਭਗ 40 ਤੋਂ 50 ਲੱਖ ਰੁਪਿਆ ਇਕੱਠਾ ਹੁੰਦਾ ਹੈ। ਜੇਕਰ ਅਸੀਂ ਪਿਛਲੇ 10 ਸਾਲ ਦਾ ਦੇਖੀਏ ਤਾਂ ਲਗਭਗ 1400 ਕਰੋੜ ਰੁਪਿਆ ਉਸ ਸੜਕ ਤੋਂ ਇਕੱਠਾ ਹੋਇਆ ਹੈ। ਵੱਖ ਵੱਖ ਸਮਿਆਂ ਤੇ ਵੱਖ ਵੱਖ ਪਾਰਟੀਆਂ ਨੇ ਉਥੇ ਪ੍ਰਦਰਸ਼ਨ ਵੀ ਕੀਤਾ ਹੈ ਕਿ ਜਦੋਂ ਸੜਕ ਤਿਆਰ ਹੀ ਨਹੀਂ ਹੋਈ ਤਾਂ ਉਨ੍ਹਾਂ ਸੜਕਾਂ ਦੇ ਉਪਰ ਟੋਲ ਪਲਾਜ਼ਾ ਨਹੀਂ ਲੱਗਣਾ ਚਾਹੀਦਾ ਹੈ। ਪਿੱਛੇ ਜਿਹੇ ਅਸੀਂ ਦੇਖਿਆ ਹੈ ਕਿ ਭਵਾਨੀਗੜ੍ਹ ਦੀ ਇਕ ਸੜਕ ਨੂੰ ਬਣਨ ਉਪਰੰਤ ਹੁਣ ਅੱਠ ਸਾਲ ਬਾਅਦ ਉਥੇ ਟੋਲ ਪਲਾਜ਼ਾ ਲਗਾ ਦਿੱਤੇ ਗਏ ਹਨ। ਜਿਹੜੀ ਜਲੰਧਰ ਤੋਂ ਪਾਣੀਪਤ ਸੜਕ ਦੀ ਮੈਂ ਗੱਲ ਕਰਦਾ ਹਾਂ, ਉਸ ਵਿੱਚ ਟੋਟਲ ਤਿੰਨ ਟੋਲ ਪਲਾਜ਼ੇ ਹਨ। ਇਕੱਲਾ ਲਾਡੋਵਾਲ ਟੋਲ ਪਲਾਜ਼ਾ ਦੀ ਹਰ ਰੋਜ਼ ਦੀ ਆਮਦਨ 40 ਲੱਖ ਰੁਪਏ ਦੇ ਕਰੀਬ ਹੈ। ਇਸ ਤਰ੍ਹਾਂ ਉਥੇ ਲੋਕਾਂ ਦੀ ਲੁੱਟ ਕੀਤੀ ਜਾ ਰਹੀ ਹੈ।

*1.03 ਵਜੇ ਬਾਅਦ ਦੁਪਹਿਰ

(*ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਇਨ੍ਹਾਂ ਤਿੰਨ ਸਾਲਾਂ ਵਿੱਚ ਜਦ ਸੜਕ ਹੀ ਕੰਪਲੀਟ ਨਹੀਂ ਕੀਤੀ ਤਾਂ ਉਹ ਕਿਹੜੇ ਅਧਿਕਾਰੀ ਹਨ ਜਿਨ੍ਹਾਂ ਨੇ ਉਥੇ ਟੋਲ ਪਲਾਜ਼ਾ ਲਗਾਉਣ ਦੀ ਅਨੁਮਤੀ ਦੇ ਦਿੱਤੀ।

[ਸਰਦਾਰ ਜੈ ਕ੍ਰਿਸ਼ਨ ਸਿੰਘ]

ਡਿਪਟੀ ਸਪੀਕਰ ਸਾਹਿਬ, ਅੱਜ ਪੰਜਾਬ ਦੇ ਲੋਕਾਂ ਅਤੇ ਸਰਕਾਰ ਦੇ ਜੋ ਹਾਲਾਤ ਹਨ ਉਹ ਕਿਸੇ ਤੋਂ ਗੁੱਝੇ ਨਹੀਂ ਹਨ। ਸਭ ਨੂੰ ਪਤਾ ਹੈ ਕਿ ਪੰਜਾਬ ਸਰਕਾਰ ਦੇ ਖਜ਼ਾਨੇ ਦੀ ਕੀ ਹਾਲਤ ਹੈ। ਹਰ ਵਾਰ ਜਦੋਂ ਅਧਿਆਪਕਾਂ ਦੀ ਗੱਲ ਆਉਂਦੀ ਹੈ ਜਾਂ ਮੁਲਾਜ਼ਮਾਂ ਦੇ ਡੀ.ਏ. ਦੀ ਗੱਲ ਆਉਂਦੀ ਹੈ ਤਾਂ ਇਕੋ ਗੱਲ ਕਹਿ ਕੇ ਪੱਲਾ ਛੁਡਾਇਆ ਜਾਂਦਾ ਹੈ ਕਿ ਖਜ਼ਾਨੇ ਵਿੱਚ ਪੈਸੇ ਨਹੀਂ ਹਨ। ਜਦੋਂ ਟੀਚਰ ਭਰਤੀ ਕਰਨੇ ਹੁੰਦੇ ਹਨ ਜਾਂ ਡਾਕਟਰ ਭਰਤੀ ਕਰਨੇ ਹੁੰਦੇ ਹਨ, ਉਸ ਸਮੇਂ ਵੀ ਇਹੀ ਕਿਹਾ ਜਾਂਦਾ ਹੈ ਕਿ ਖਜ਼ਾਨੇ ਵਿੱਚ ਇੰਨੀ ਰਕਮ ਨਹੀਂ ਹੈ ਕਿ ਅਸੀਂ ਮੁਲਾਜ਼ਮਾਂ ਨੂੰ ਵੱਧ ਤਨਖਾਹਾਂ ਦੇ ਸਕੀਏ। ਦੁੱਖ ਦੀ ਗੱਲ ਇਹ ਹੈ ਕਿ ਅੱਜ ਪੰਜਾਬ ਦਾ ਹਰ ਨੌਜਵਾਨ ਬੇਰੁਜ਼ਗਾਰੀ ਕਾਰਨ ਪੀੜ੍ਹਤ ਹੈ। ਪੰਜਾਬ ਦਾ ਹਰ ਆਮ ਬਾਸ਼ਿੰਦਾ ਕਿਸੇ ਨਾ ਕਿਸੇ ਕਾਰਨ ਆਪਣੀਆਂ ਬਿਮਾਰੀਆਂ ਦਾ ਇਲਾਜ ਨਹੀਂ ਕਰਵਾ ਸਕਦਾ ਕਿਉਂਕਿ ਉਨ੍ਹਾਂ ਦੀ ਆਰਥਿਕ ਹਾਲਤ ਬੜੀ ਮਾੜੀ ਹੈ। ਉਸ ਤੋਂ ਬਾਅਦ ਪੰਜਾਬ ਦੇ ਲੋਕਾਂ ਦੀਆਂ ਜੇਬਾਂ ਉਪਰ ਇਨ੍ਹਾਂ ਸੜਕਾਂ ਵਾਲਿਆਂ ਦੁਆਰਾ ਵੱਡੀ ਲੁੱਟ ਕੀਤੀ ਜਾਂਦੀ ਹੈ। ਡਿਪਟੀ ਸਪੀਕਰ ਸਾਹਿਬ, ਬੇਨਤੀ ਇੰਨੀ ਹੈ ਕਿ ਜਿਹੜੇ ਬਿਜਲੀ ਕੰਪਨੀਆਂ ਨਾਲ ਸਾਡੇ ਠੇਕੇ ਹੋਏ ਹਨ, ਜਿਨ੍ਹਾਂ ਨਾਲ ਪੰਜਾਬ ਦੇ ਲੋਕਾਂ ਉੱਤੇ 70 ਹਜ਼ਾਰ ਕਰੋੜ ਰੁਪਏ ਦਾ ਬੋਝ ਪੈਣਾ ਹੈ, ਜੇਕਰ ਸਰਕਾਰ ਉਹ review ਨਹੀਂ ਕਰ ਸਕਦੀ ਅਤੇ ਜਿਹੜਾ ਅਸੀਂ ਇਕੱਲੇ ਰਾਜਸਥਾਨ ਤੋਂ ਆਪਣੇ ਪਾਣੀਆਂ ਦਾ ਮੁੱਲ 16 ਲੱਖ ਕਰੋੜ ਰੁਪਿਆ ਲੈਣਾ ਹੈ, ਜਿਸ ਬਾਰੇ ਇਸ ਵਿਧਾਨ ਸਭਾ ਨੇ ਨਵੰਬਰ, 2016 ਵਿੱਚ ਪੰਜਾਬ ਦੇ ਪਾਣੀਆਂ ਦੇ ਪੈਸੇ ਲੈਣ ਸਬੰਧੀ ਮਤਾ ਪਾਸ ਕੀਤਾ ਸੀ, ਜੇਕਰ ਸਰਕਾਰ ਉਸ ਦਾ ਬਿੱਲ ਵੀ ਨਹੀਂ ਭੇਜ ਸਕਦੀ ਅਤੇ ਜੇਕਰ ਸ਼ਰਾਬ ਦੀ ਅਸੀਂ ਕਾਰਪੋਰੇਸ਼ਨ ਨਹੀਂ ਬਣਾ ਸਕਦੇ, ਜਿਸ ਬਾਰੇ ਹੁਣੇ ਢੀਂਡਸਾ ਸਾਹਿਬ ਕਹਿ ਕੇ ਹਟੇ ਹਨ ਕਿ ਜਿਸ ਨਾਲ ਪੰਜਾਬ ਦੇ ਮਾਲੀਏ ਵਿੱਚ ਇਜ਼ਾਫ਼ਾ ਹੋਣਾ ਹੈ, ਜੇਕਰ ਸ਼ਰਾਬ ਦੀ ਕਾਰਪੋਰੇਸ਼ਨ ਬਣਾ ਕੇ ਅਸੀਂ ਪੰਜਾਬ ਦਾ ਖਜ਼ਾਨਾ ਨਹੀਂ ਭਰਨਾ ਚਾਹੁੰਦੇ.....

**ਮਾਨਯੋਗ ਡਿਪਟੀ ਸਪੀਕਰ :** ਰੋੜੀ ਜੀ, ਵਾਈਂਡ ਅੱਪ ਕਰੋ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਥੋੜ੍ਹਾ ਹੀ ਰਹਿ ਗਿਆ ਹੈ ਜੀ। ਪਿੱਛੇ ਜਿਹੇ ਸਰਦਾਰ ਨਵਜੋਤ ਸਿੱਧੂ ਜੀ ਦਾ ਬਿਆਨ ਆਇਆ ਸੀ ਕਿ 6 ਲੱਖ ਕਰੋੜ ਰੁਪਏ ਦੀਆਂ ਜਾਇਦਾਦਾਂ ਤੇ ਲੋਕਾਂ ਦੇ ਕਬਜ਼ੇ ਹਨ, ਜੇਕਰ ਅਸੀਂ ਉਹ ਵੀ ਨਹੀਂ ਛੁਡਾਉਣਾ ਚਾਹੁੰਦੇ.....

**ਮਾਨਯੋਗ ਡਿਪਟੀ ਸਪੀਕਰ :** ਧੰਨਵਾਦ, ਰੋੜੀ ਜੀ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਜੇਕਰ ਮਾਈਨਿੰਗ ਦੀ ਪਾਲਿਸੀ ਬਣਾ ਕੇ.....

**Mr. Deputy Speaker :** Thank you, thank you, thank you, thank you.

**ਸਰਦਾਰ ਜੈ ਕ੍ਰਿਸ਼ਨ ਸਿੰਘ :** ਜੇਕਰ ਅਸੀਂ ਖਜ਼ਾਨਾ ਨਹੀਂ ਭਰਨਾ ਚਾਹੁੰਦੇ....

**Mr. Deputy Speaker :** Your time is over now. Please.

**ਸਰਦਾਰ ਜੈ ਕ੍ਰਿਸ਼ਨ ਸਿੰਘ :** ਮਾਈਨਿੰਗ ਦੀ ਪਾਲਿਸੀ ਬਣਾ ਕੇ ਜੇਕਰ ਖਜ਼ਾਨਾ ਨਹੀਂ ਭਰਨਾ ਚਾਹੁੰਦੇ ਤਾਂ ਕਿਰਪਾ ਕਰਕੇ ਅੱਜ ਸਰਕਾਰ ਨੂੰ ਬੇਨਤੀ ਹੈ ਕਿ ਜਿਨ੍ਹਾਂ ਨੇ ਟੋਲ ਪਲਾਜ਼ਾ ਲਗਾਉਣ ਦੀ ਅਨੁਮਤੀ ਦਿੱਤੀ, ਪਰਚੀਆਂ ਕੱਟ ਕੇ ਪੈਸੇ ਇਕੱਠੇ ਕਰਨ ਦੀ ਅਨੁਮਤੀ ਦਿੱਤੀ, ਉਨ੍ਹਾਂ ਅਧਿਕਾਰੀਆਂ ਖਿਲਾਫ਼ ਪਰਚੇ ਦਰਜ ਕਰਕੇ ਅਤੇ 1400 ਕਰੋੜ ਰੁਪਿਆ ਇਕੱਠਾ ਕਰਕੇ ਪੰਜਾਬ ਦੀ ਵੈਲਫੇਅਰ ਤੇ ਲਗਾਉਣਾ ਚਾਹੀਦਾ ਹੈ। ਧੰਨਵਾਦ।

**Mr. Deputy Speaker :** Thank you, thank you. ਸਰਦਾਰ ਸੁਖਪਾਲ ਸਿੰਘ ਭੁੱਲਰ ਜੀ। ਸੁਖਪਾਲ ਜੀ ਤੁਹਾਡਾ 10 ਮਿੰਟ ਦਾ ਟਾਈਮ ਹੈ।

**ਸਰਦਾਰ ਸੁਖਪਾਲ ਸਿੰਘ ਭੁੱਲਰ (ਖੇਮਕਰਨ):** ਧੰਨਵਾਦ ਜੀ, ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ। ਮੈਂ ਸਭ ਤੋਂ ਪਹਿਲਾਂ ਐਫ.ਐਮ. ਸਾਹਿਬ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਉਚੇਚੇ ਤੌਰ ਤੇ ਇਸ ਬਜਟ ਵਿੱਚ, ਸਾਡੇ ਹਲਕੇ ਦੀ, ਇਲਾਕੇ ਦੀ ਜੋ ਇੱਕ ਲੰਮੇ ਸਮੇਂ ਤੋਂ ਮੰਗ ਚਲਦੀ ਆ ਰਹੀ ਸੀ, ਇੱਕ ਕਾਲਜ ਖੇਮਕਰਨ ਵਿੱਚ ਦਿੱਤਾ ਹੈ, ਇਸ ਵਾਸਤੇ ਮੈਂ ਉਨ੍ਹਾਂ ਦਾ ਆਪਣੇ ਹਲਕੇ ਦੇ ਸਾਰੇ ਵਰਕਰਾਂ ਵੱਲੋਂ ਧੰਨਵਾਦ ਕਰਦਾ ਹਾਂ। ਮੈਂ ਨਾਲ ਹੀ ਇਹ ਵੀ ਬੇਨਤੀ ਕਰਦਾ ਹਾਂ ਕਿ ਇਹ ਕਾਲਜ ਸਿਰਫ ਲੜਕੀਆਂ ਵਾਸਤੇ ਕਰ ਦਿਉ ਤਾਂ ਇਸ ਵਾਸਤੇ ਤੁਹਾਡਾ ਹੋਰ ਵੀ ਧੰਨਵਾਦ, ਮਿਹਰਬਾਨੀ ਹੋਵੇਗੀ। ਡਿਪਟੀ ਸਪੀਕਰ ਸਾਹਿਬ, ਅਸੀਂ ਅੱਗੇ ਵੀ ਇੱਕ ਦੋ ਵਾਰ ਬੇਨਤੀ ਕੀਤੀ ਹੈ, ਮੈਂ ਤੁਹਾਡੇ ਰਾਹੀਂ ਇਹ ਗੱਲ ਇੱਕ ਵਾਰ ਫਿਰ ਹਾਊਸ ਵਿੱਚ ਰੱਖਣਾ ਚਾਹੁੰਦਾ ਹਾਂ ਕਿ ਜਿਹੜੇ ਏਰੀਏ ਖਾਸ ਤੌਰ ਤੇ ਬਾਰਡਰ ਦੇ ਪੈਂਦੇ ਹਨ, ਬਾਰਡਰ ਦੇ ਜ਼ਿਲ੍ਹੇ ਪੈਂਦੇ ਹਨ, ਇਨ੍ਹਾਂ ਜ਼ਿਲ੍ਹਿਆਂ ਵਿੱਚ ਜਿਹੜੇ ਸਕੂਲ 10-12-15 ਕਿਲੋਮੀਟਰ ਦੇ ਅੰਦਰ ਪੈਂਦੇ ਹਨ, ਉਨ੍ਹਾਂ ਵਾਸਤੇ ਉਚੇਚੇ ਤੌਰ ਤੇ ਇੱਕ ਵੱਖਰਾ ਡਾਇਰੈਕਟੋਰੇਟ ਬਣਾਇਆ ਜਾਵੇ ਤਾਂ ਜੋ ਟੀਚਰ ਉੱਥੇ ਹੀ ਭਰਤੀ ਹੋਣ। ਅਸੀਂ ਟੀਚਰ ਬੜੀ ਮੁਸ਼ਕਲ ਨਾਲ ਲੈ ਕੇ ਜਾਂਦੇ ਹਾਂ, ਫਿਰ ਕਿਤੇ ਨਾ ਕਿਤੇ ਤੋਂ ਰਿਸ਼ਤੇਦਾਰੀਆਂ, ਸਿਫ਼ਾਰਸ਼ਾਂ ਪੁਆ ਕੇ ਉਹ ਜਿੱਥੋਂ ਦੇ ਹੁੰਦੇ ਹਨ, ਵਾਪਸ ਚਲੇ ਜਾਂਦੇ ਹਨ ਅਤੇ ਸਕੂਲ ਫਿਰ ਤੋਂ ਖਾਲੀ ਹੋ ਜਾਂਦੇ ਹਨ। ਬੱਚਿਆਂ ਦੀ ਪੜ੍ਹਾਈ ਤੇ ਇਸ ਚੀਜ਼ ਦਾ ਬੜਾ ਅਸਰ ਪੈਂਦਾ ਹੈ। ਬਜਟ ਵਿੱਚ ਜ਼ਿਕਰ ਕੀਤਾ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਲਈ ਗਰਾਂਟ ਦਿੱਤੀ ਗਈ ਹੈ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿਛਲੀ ਕਾਂਗਰਸ ਸਰਕਾਰ ਵੇਲੇ ਸਾਲ 2002-07 ਦੌਰਾਨ ਜਦੋਂ ਮੇਰੇ ਪਿਤਾ ਜੀ ਐਮ.ਐਲ.ਏ. ਸਨ,

[ਸਰਦਾਰ ਸੁਖਪਾਲ ਸਿੰਘ ਭੁੱਲਰ]

ਮਨਿਸਟਰ ਸਨ, ਉਨ੍ਹਾਂ ਦੇ ਯਤਨਾਂ ਸਦਕਾ ਕੈਪਟਨ ਸਾਹਿਬ ਨਾਲ ਰਲ ਕੇ ਇਸ ਯੂਨੀਵਰਸਿਟੀ ਤਹਿਤ ਚੂੰਗ ਪਿੰਡ ਵਿੱਚ ਇੱਕ ਕਾਲਜ ਖੁਲ੍ਹਵਾਇਆ ਸੀ ਪਰ ਪਿਛਲੇ ਲੰਮੇ ਸਮੇਂ ਤੋਂ ਉਸ ਕਾਲਜ ਦਾ ਧਿਆਨ ਨਾ ਰੱਖਿਆ ਗਿਆ ਜਿਸ ਕਾਰਨ ਉਸ ਦੀ ਹਾਲਤ ਦਿਨ-ਬ-ਦਿਨ ਖਰਾਬ ਹੁੰਦੀ ਜਾ ਰਹੀ ਹੈ। ਸੋ, ਮੇਰੀ ਬੇਨਤੀ ਹੈ ਕਿ ਉਸ ਕਾਲਜ ਵਾਸਤੇ ਵੀ ਕੁਝ ਨਾ ਕੁਝ ਫੰਡ ਯਕੀਨੀ ਤੌਰ ਤੇ ਮੁਹੱਈਆ ਕਰਵਾਇਆ ਜਾਵੇ। ਉਸ ਦਾ ਬਣਦਾ ਹਿੱਸਾ ਦੇ ਕੇ ਜਾਂ ਵੱਖਰੀ ਐਲੋਕੇਸ਼ਨ ਕਰਕੇ ਉਸ ਕਾਲਜ ਦਾ ਪੱਧਰ ਉੱਚਾ ਚੁੱਕਿਆ ਜਾਵੇ।

ਇਸ ਦੇ ਨਾਲ ਹੀ ਕਈ ਬੁਲਾਰਿਆਂ ਨੇ ਪੰਜਾਬ ਵਿੱਚ ਕਰਜ਼ਾ ਮੁਆਫ਼ੀ ਨੂੰ ਲੈ ਕੇ ਗੱਲ ਕੀਤੀ ਹੈ। ਕੈਪਟਨ ਸਾਹਿਬ ਤੇ ਉਨ੍ਹਾਂ ਦੀ ਸਰਕਾਰ ਨੇ ਇਨ੍ਹਾਂ ਹਾਲਤਾਂ ਵਿੱਚ ਤਕਰੀਬਨ 5,83,000 ਕਿਸਾਨਾਂ ਦਾ 4700 ਕਰੋੜ ਰੁਪਿਆ ਮੁਆਫ਼ ਕੀਤਾ ਹੈ। ਉਸ ਵਿੱਚੋਂ ਤਕਰੀਬਨ ਸਿਰਫ਼ ਮੇਰੇ ਹਲਕੇ ਦੇ 4,400 ਛੋਟੇ ਜ਼ਿਮੀਂਦਾਰਾਂ, ਕਿਸਾਨਾਂ ਦਾ 3,700 ਕਰੋੜ ਰੁਪਿਆ ਮੁਆਫ਼ ਹੋਇਆ ਹੈ। ਮੈਂ ਉਨ੍ਹਾਂ ਵੱਲੋਂ ਅੱਜ ਕੈਪਟਨ ਸਾਹਿਬ ਦੀ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਇਸ ਮੰਦੀ ਅਤੇ ਕਰਜ਼ੇ ਵਿੱਚ ਡੁੱਬੇ ਹੋਇਆਂ ਨੂੰ ਬਾਹਰ ਕੱਢਣ ਲਈ ਕੋਸ਼ਿਸ਼ ਕੀਤੀ। ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇੱਥੇ ਗੱਲ ਕਰਨੀ ਚਾਹੁੰਦਾ ਹਾਂ ਕਿਉਂਕਿ ਪਿਛਲੀ ਸਰਕਾਰ ਦੀ ਸਭ ਤੋਂ ਛੋਟੀ ਸਹੂਲਤ ਗਰੀਬਾਂ ਨੂੰ 250/- ਰੁਪਏ ਪੈਨਸ਼ਨ ਦੀ ਸੀ ਪਰ ਪਿੰਡਾਂ ਵਿੱਚ, ਇਹ ਕਾਂਗਰਸੀ ਹੈ, ਕਾਮਰੇਡ ਹੈ ਜਾਂ ਇਹ ਦੂਜੀ ਪਾਰਟੀ ਨਾਲ ਜੁੜਿਆ ਹੋਇਆ ਹੈ, ਇਹ ਕਹਿ ਕੇ ਦਿੱਤੀ ਨਹੀਂ ਜਾਂਦੀ ਸੀ। ਜੇਕਰ ਅਕਾਲੀ ਪਾਰਟੀ ਨਾਲ ਜੁੜਿਆ ਹੋਵੇਗਾ ਜਾਂ ਉਨ੍ਹਾਂ ਦੀ ਪਾਰਟੀ ਨਾਲ ਸਬੰਧ ਰੱਖਦਾ ਹੋਵੇਗਾ ਤਾਂ ਉਸ ਨੂੰ 250/- ਰੁਪਿਆ ਪੈਨਸ਼ਨ ਦਿੱਤੀ ਜਾਂਦੀ ਸੀ। ਕੈਪਟਨ ਸਾਹਿਬ ਦੀ ਇਹ ਫ਼ਰਾਖਦਿਲੀ ਹੈ, ਉਨ੍ਹਾਂ ਦਾ ਵਡੱਪਣ ਹੈ ਕਿ ਉਨ੍ਹਾਂ ਦੀ ਸਰਕਾਰ ਬਗੈਰ ਕਿਸੇ ਪੱਖਪਾਤ ਤੋਂ, ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਹਜ਼ਾਰਾਂ-ਲੱਖਾਂ ਕਿਸਾਨਾਂ ਦਾ ਕਰੋੜਾਂ ਰੁਪਿਆ ਕਰਜ਼ਾ ਮੁਆਫ਼ ਕੀਤਾ ਹੈ।

ਡਿਪਟੀ ਸਪੀਕਰ ਸਾਹਿਬ, ਪਲਿਊਸ਼ਨ ਨੂੰ ਲੈ ਕੇ ਆਪਣੇ ਸੂਬੇ ਵਿੱਚ ਹੀ ਨਹੀਂ ਪੂਰੇ ਦੇਸ਼, ਦੁਨੀਆਂ ਵਿੱਚ ਇਹ ਚਰਚਾ ਚੱਲ ਰਹੀ ਹੈ। ਜਦੋਂ ਤੋਂ ਸਾਡੀ ਸਰਕਾਰ ਆਈ ਹੈ, ਪਿਛਲੇ ਬਜਟ ਵਿੱਚ ਵੀ ਤਕਰੀਬਨ 250 ਕਰੋੜ ਔਰ ਐਤਕੀਂ ਵੀ 350 ਕਰੋੜ ਰੁਪਿਆ ਇਸ ਵਾਸਤੇ ਰੱਖਿਆ ਗਿਆ ਹੈ ਤਾਂ ਕਿ ਕਿਸਾਨ, ਜ਼ਿਮੀਂਦਾਰ ਪਰਾਲੀ ਨਾ ਸਾੜਨ। ਅਸੀਂ ਵੀ ਪਿੰਡਾਂ ਵਿੱਚ ਜਾਂਦੇ ਹਾਂ, ਸਾਰੇ ਹੀ ਜਾਂਦੇ ਹਾਂ ਅਤੇ ਸਾਰਿਆਂ ਦੀ ਕੋਸ਼ਿਸ਼ ਰਹਿੰਦੀ ਹੈ ਕਿ ਉਨ੍ਹਾਂ ਨੂੰ ਜਾਗਰੂਕ ਕੀਤਾ ਜਾਵੇ। ਅੱਜ ਦੀ ਤਰੀਕ ਵਿੱਚ ਕਿਸਾਨ ਤਿਆਰ ਹੈ ਅਤੇ ਉਹ ਪਰਾਲੀ ਨੂੰ ਅੱਗ ਨਹੀਂ ਲਾਉਣਾ ਚਾਹੁੰਦਾ ਪਰ ਸਾਡੇ ਕੁਝ ਸਾਥੀ ਜਿਹੜੇ ਅੱਜ ਇੱਥੇ ਨਹੀਂ ਹਨ, ਉਹ ਆਪ ਨਾਲ ਜਾ

ਕੇ, ਜਥੇਬੰਦੀਆਂ ਨੂੰ ਅੱਗੇ ਲਾ ਕੇ, ਉਨ੍ਹਾਂ ਕੋਲੋਂ ਪਰਾਲੀ ਨੂੰ ਅੱਗ ਲਗਵਾ ਕੇ ਆਪਣੀ ਫੋਕੀ ਸ਼ੌਹਰਤ ਅਤੇ ਫੋਕੀ ਸਿਆਸਤ ਚਮਕਾਉਣ ਨੂੰ ਇਹੋ ਜਿਹੇ ਕੰਮ ਕਰਦੇ ਸਨ। ਜਦੋਂ ਇੱਕ ਵਾਰੀ ਇੱਕ ਥਾਂ ਤੋਂ ਅੱਗ ਲੱਗਣੀ ਸ਼ੁਰੂ ਹੁੰਦੀ ਹੈ, ਫ਼ਿਰ ਉਹ ਰੁਕਦੀ ਨਹੀਂ ਹੈ। ਫ਼ਿਰ ਉਹ ਇੱਕ ਪਿੰਡ ਤੋਂ ਦੂਜੇ ਪਿੰਡ ਤੇ ਫ਼ਿਰ ਇਲਾਕਾ ਵਧਦਾ ਰਹਿੰਦਾ ਹੈ ਤੇ ਫ਼ਿਰ ਉਹ ਜ਼ਿਲ੍ਹੇਵਾਰ ਤੁਰੀ ਰਹਿੰਦੀ ਹੈ। ਮੈਂ ਸਮਝਦਾ ਹਾਂ ਕਿ ਅਸੀਂ ਜਿੰਨੇ ਵੀ ਹਾਂ, ਚਾਹੇ ਇੱਧਰਲੇ ਸਾਥੀ ਭਰਾ ਹਨ, ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਇਹੋ ਜਿਹੇ ਮੁੱਦਿਆਂ ਉਤੇ ਸਿਆਸਤ ਨਹੀਂ ਕਰਨੀ ਚਾਹੀਦੀ ਹੈ ਅਤੇ ਇਸ ਚੀਜ਼ ਨੂੰ ਆਪਾਂ ਨੂੰ ਤਕੜੇ ਹੋ ਕੇ ਰੋਕਣਾ ਚਾਹੀਦਾ ਹੈ।

ਪਾਣੀਆਂ ਦੀ ਗੱਲ ਹੋਈ ਹੈ। ਜਦੋਂ ਵੀ ਪਾਣੀ ਨੂੰ ਰੋਕਣ ਦੀ ਗੱਲ ਆਉਂਦੀ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਸਾਡਾ ਇਲਾਕਾ ਹੈ, ਸਾਡੀ ਪੁਰਾਣੀ ਤਹਿਸੀਲ ਪੱਟੀ ਸੀ, ਜੋ ਕਿ ਖਾਰੇ ਮਾਝੇ ਦੇ ਨਾਂ ਨਾਲ ਜਾਣੀ ਜਾਂਦੀ ਸੀ। ਸਾਲ 1992 ਵਿੱਚ ਜਦੋਂ ਮੇਰੇ ਪਿਤਾ ਜੀ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨਾਲ, ਸਰਦਾਰ ਬਰਾੜ ਸਾਹਿਬ ਦੀ ਸਰਕਾਰ ਨਾਲ, ਕੈਪਟਨ ਸਾਹਿਬ ਨਾਲ ਐਮ.ਐਲ.ਏ. ਬਣ ਕੇ ਇੱਥੇ ਆਏ ਤਾਂ ਅਸੀਂ ਉਸ ਖਾਰੇ ਮਾਝੇ ਦੀ ਖੇਮਕਰਨ ਮਾਈਨਰ, ਜੋ ਕਿ ਉੱਥੋਂ ਦੀ ਇੱਕ ਮੁੱਖ ਲਾਈਫਲਾਈਨ ਸੀ, ਨੂੰ ਬਚਾਉਣ ਵਿੱਚ ਕਾਮਯਾਬ ਹੋਏ ਔਰ ਅਸੀਂ ਟੇਲਾਂ ਤੱਕ ਪਾਣੀ ਪਹੁੰਚਾਇਆ ਸੀ। ਪਿਛਲੇ ਦਸ ਸਾਲਾਂ ਤੋਂ ਉਸ ਦੀ ਕੋਈ ਦੇਖ-ਰੇਖ ਨਹੀਂ ਹੋਈ, ਕੋਈ ਸਾਫ਼-ਸਫ਼ਾਈ ਨਹੀਂ ਹੋਈ ਔਰ ਹੁਣ ਉਹ ਬਿਲਕੁਲ ਟੁੱਟ ਚੁੱਕਿਆ ਹੈ। ਸੋ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ, ਸਰਕਾਰੀਆ ਸਾਹਿਬ ਵੀ ਬੈਠੇ ਹਨ, ਮੈਂ ਰੋਜ਼ ਇਨ੍ਹਾਂ ਨਾਲ ਜ਼ਿਕਰ ਕਰਦਾ ਹਾਂ ਔਰ ਇਨ੍ਹਾਂ ਨੇ ਕਦੇ ਨਾਂਹ ਨਹੀਂ ਕੀਤੀ ਹੈ ਔਰ ਜਿਹੜੇ ਵੀ ਕੰਮ ਹੁੰਦੇ ਹਨ ਇਹ ਹਮੇਸ਼ਾ ਤੋਂ ਹੀ ਸਭ ਤੋਂ ਅੱਗੇ ਲੱਗ ਕੇ ਕੰਮ ਕਰਕੇ ਦਿੰਦੇ ਹਨ। ਵਿੱਤ ਮੰਤਰੀ ਸਾਹਿਬ, ਮੇਰੀ ਇਹ ਬੇਨਤੀ ਹੈ ਕਿ ਉਸ ਤੇ ਤਕਰੀਬਨ ਅੱਠ ਕਰੋੜ ਰੁਪਏ ਲੱਗਣੇ ਹਨ। ਡਿਪਾਰਟਮੈਂਟ ਕੋਲ ਫ਼ਾਈਲਾਂ ਤਿਆਰ ਹੋਈਆਂ ਪਈਆਂ ਹਨ, ਮੰਤਰੀ ਜੀ ਕੋਲ ਪਈਆਂ ਹਨ ਜੇ ਤੁਸੀਂ ਇਹ ਰਕਮ ਅਲਾਟ ਕਰ ਦਿਓ ਤਾਂ ਸਾਡੀ ਖਾਰੇ ਮਾਝੇ ਦੀ ਸੈਂਕੜੇ - ਹਜ਼ਾਰਾਂ ਏਕੜ ਜ਼ਮੀਨ ਫ਼ਿਰ ਬੰਜਰ ਹੋਣ ਤੋਂ ਬਚ ਜਾਵੇਗੀ। ਇਹ ਸਾਡੀ ਖੁਸ਼ਹਾਲ ਜ਼ਮੀਨ ਹੈ ਔਰ ਉੱਥੇ ਇੱਕ ਵੀ ਕਿੱਲਾ ਬਿਲਕੁਲ ਬੇਅਬਾਦ ਨਹੀਂ ਹੈ, ਸਾਰੀ ਉਪਜਾਊ ਵਧੀਆ ਜ਼ਮੀਨ ਹੈ। ਜੇ ਡਾਈਵਰਸੀਫਿਕੇਸ਼ਨ ਦੀ ਗੱਲ ਕਰੀਏ ਅਤੇ ਵੇਖਿਆ ਜਾਵੇ ਤਾਂ ਪੁਰਾਣੇ ਟਾਈਮ ਵਿੱਚ ਸਭ ਤੋਂ ਵੱਧ ਬਾਗ ਪੱਟੀ ਤਹਿਸੀਲ ਵਿੱਚ ਲੱਗੇ ਹਨ।

ਡਿਪਟੀ ਸਪੀਕਰ ਸਾਹਿਬ, ਜੇ ਨਸ਼ਿਆਂ ਦੀ ਗੱਲ ਕਰੀਏ, ਮੈਂ ਤੁਹਾਡੇ ਰਾਹੀਂ ਹੈਲਥ ਮਨਿਸਟਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਇਨ੍ਹਾਂ ਨੇ ਜਦੋਂ ਨਸ਼ਿਆਂ ਤੋਂ

ਬਚਾਅ ਲਈ ਗੋਲੀ ਦੇਣ ਦਾ ਪ੍ਰੋਗਰਾਮ ਸ਼ੁਰੂ ਕਰਨਾ ਸੀ ਤਾਂ ਉਸ ਵਾਸਤੇ ਉਚੇਚੇ ਤੌਰ ਤੇ ਸਾਡੇ ਜ਼ਿਲ੍ਹੇ ਨੂੰ ਚੁਣਿਆ। ਉੱਥੋਂ ਦੇ ਬੱਚਿਆਂ ਦੀ ਗੰਭੀਰਤਾ ਨੂੰ ਮੁੱਖ ਰੱਖਦੇ ਹੋਏ ਉਹ ਸਾਡੇ ਕੋਲ ਆਏ। ਜਿਹੜਾ ਇਹ ਪ੍ਰੋਗਰਾਮ ਸ਼ੁਰੂ ਕੀਤਾ ਸੀ, ਉਸ ਤੋਂ ਬੱਚੇ ਡਰਦੇ ਸੀ ਅਤੇ ਇੱਕ ਵੀ ਬੱਚਾ ਨਹੀਂ ਆਉਂਦਾ ਹੁੰਦਾ ਸੀ ਪਰ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਅੱਜ ਸਾਡੇ ਜ਼ਿਲ੍ਹੇ ਤਰਨਤਾਰਨ ਵਿੱਚ 17,000 ਤੋਂ ਵੱਧ ਬੱਚੇ ਰੋਜ਼ ਗੋਲੀ ਲੈ ਰਹੇ ਹਨ।(ਥੰਪਿੰਗ) ਇਹ ਗੋਲੀ ਲੈਣ ਦਾ ਮਤਲਬ ਇਹ ਹੈ ਕਿ ਜਿਹੜੇ ਲੋਕ ਨਸ਼ੇ ਦਾ ਕਾਰੋਬਾਰ ਕਰਦੇ ਸੀ, ਜਿਸ ਵਿੱਚ ਉਹ ਲੱਖਾਂ-ਕਰੋੜਾਂ ਰੁਪਏ ਕਮਾ ਰਹੇ ਸਨ, ਉਸ ਦੀ ਰੋਕਥਾਮ ਹੋਈ ਹੈ। ਜਿਹੜਾ ਬੱਚਾ ਇੱਕ ਵਾਰੀ ਇਹ ਗੋਲੀ ਲੈਣ ਲੱਗ ਜਾਂਦਾ ਹੈ, ਮੰਨ ਲਓ ਜੇ ਅੱਜ ਬੱਚਾ ਦੋ ਗੋਲੀਆਂ ਲੈਂਦਾ ਹੈ, ਫ਼ਿਰ ਇੱਕ ਦਿਨ ਛੱਡ ਕੇ ਜਾਂ ਦੋ ਦਿਨ ਛੱਡ ਕੇ ਗੋਲੀ ਲੈਂਦਾ ਹੈ ਤਾਂ ਉਹ ਬੱਚਾ ਮਰਦਾ ਨਹੀਂ, ਫ਼ਿਰ ਉਸਦੀ ਮੌਤ ਨਹੀਂ ਹੁੰਦੀ। ਉਹ ਹੌਲੀ-ਹੌਲੀ, ਡਿਗਦਾ-ਡਿਗਦਾ ਸੰਭਲ ਜਾਂਦਾ ਹੈ। ਸੋ, ਮੈਨੂੰ ਇਹ ਪੜ੍ਹ ਕੇ ਬਹੁਤ ਖੁਸ਼ੀ ਹੋਈ ਕਿ ਵਿੱਤ ਮੰਤਰੀ ਸਾਹਿਬ ਨੇ ਬੱਚਿਆਂ ਦੀ ਜ਼ਿੰਦਗੀ ਨੂੰ ਨਸ਼ਿਆਂ ਵਿੱਚੋਂ ਕੱਢਣ ਵਾਸਤੇ ਖੁੱਲ੍ਹਾ ਬਜਟ ਰੱਖਿਆ ਹੈ ਕਿ ਇਸ ਵਾਸਤੇ ਜਿੰਨੇ ਵੀ ਪੈਸੇ ਚਾਹੀਦੇ ਹਨ, ਅਸੀਂ ਲਗਾਵਾਂਗੇ। ਮੇਰੀ ਬੇਨਤੀ ਹੈ ਕਿ ਅਸੀਂ ਰੋਜ਼ ਚਰਚਾ ਕਰਦੇ ਹਾਂ ਕਿ ਦੂਜੇ ਡਾਕਟਰਾਂ ਨੂੰ ਵੀ ਤਿੰਨ-ਤਿੰਨ ਮਹੀਨਿਆਂ ਦੀ ਟ੍ਰੇਨਿੰਗ ਦਿਵਾਈ ਜਾਵੇ, ਖਾਸ ਤੌਰ ਤੇ ਬਾਰਡਰ ਏਰੀਏ ਦੀ ਹਰ ਡਿਸਪੈਂਸਰੀ ਵਿੱਚ, ਜਿੱਥੇ ਵੀ ਡਾਕਟਰ ਬੈਠਦੇ ਹਨ ਕਿਉਂਕਿ ਸਾਇਕੈਟਰਿਸਟ ਵਾਸਤੇ ਵੀ ਸਾਨੂੰ ਪ੍ਰਾਬਲਮ ਆਉਂਦੀ ਹੈ। ਅਸੀਂ ਜਦੋਂ ਵੀ ਹੈਲਥ ਮਨਿਸਟਰ ਸਾਹਿਬ ਕੋਲ ਜਾਂਦੇ ਹਾਂ, ਉਹ ਬੜੇ ਉਤਸ਼ਾਹ ਨਾਲ ਸਾਨੂੰ ਯਕੀਨ ਦਿਵਾਉਂਦੇ ਹਨ ਕਿ ਸਾਨੂੰ ਹਰ ਡਿਸਪੈਂਸਰੀ ਵਿੱਚ ਗੋਲੀ ਮਿਲ ਸਕੇਗੀ।

ਡਿਪਟੀ ਸਪੀਕਰ ਸਾਹਿਬ, ਕੈਪਟਨ ਸਾਹਿਬ ਨਾਲ ਵੀ ਜ਼ਿਕਰ ਹੋਇਆ ਹੈ ਤੇ ਮੈਂ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ 1965 ਦੀ ਲੜਾਈ ਵਿੱਚ ਅਬਦੁਲ ਹਮੀਦ, ਜਿਨ੍ਹਾਂ ਨੂੰ ਪਰਮਵੀਰ ਚੱਕਰ ਮਿਲਿਆ ਸੀ, ਉਹ ਉੱਥੋਂ ਦੇ ਸਨ, ਉੱਥੇ ਸੀ-ਪਾਈਟ ਟ੍ਰੇਨਿੰਗ ਇੰਸਟੀਚਿਊਟ ਦਿੱਤਾ ਜਾਵੇ। ਅਸੀਂ ਰੂਰਲ ਡਿਵੈਲਪਮੈਂਟ ਮਨਿਸਟਰ, ਬਾਜਵਾ ਸਾਹਿਬ ਤੋਂ ਕਾਫ਼ੀ ਪੈਸੇ ਲੈ ਕੇ ਟ੍ਰੇਨਿੰਗ ਇੰਸਟੀਚਿਊਟ ਦਾ ਦਾਰਾ-ਮੁਦਾਰਾ ਤਿਆਰ ਕਰ ਚੁੱਕੇ ਹਾਂ ਪਰ ਅਫ਼ਸਰਾਂ ਦੀ ਘਾਟ ਕਰਕੇ ਉਹ ਅਜੇ ਪੂਰਾ ਮੁਕੰਮਲ ਨਹੀਂ ਹੋ ਸਕਿਆ ਹੈ। ਇਹ ਘਾਟ ਪੂਰੀ ਕੀਤੀ ਜਾਵੇ ਤਾਂ ਜੋ ਦੇਸ਼ ਦੀਆਂ ਵੱਖ-ਵੱਖ ਫ਼ੌਜਾਂ ਵਿੱਚ ਹਰ ਸਾਲ ਨੌਕਰੀਆਂ ਲਗਾਤਾਰ ਨਿਕਲਦੀਆਂ ਰਹਿੰਦੀਆਂ ਹਨ, ਉਨ੍ਹਾਂ ਵਾਸਤੇ ਇਹ ਬੱਚੇ ਜਿਹੜੇ ਨਸ਼ੇ ਛੱਡ ਰਹੇ ਹਨ, ਉਹ ਉੱਥੇ ਟ੍ਰੇਂਡ ਹੋ ਕੇ ਵਾਰੀ ਸਿਰ ਅੱਗੇ ਵੱਧ ਸਕਣ। ਡਿਪਟੀ ਸਪੀਕਰ ਸਾਹਿਬ, ਮੈਂ ਸਿੱਧੂ ਸਾਹਿਬ ਨੂੰ ਬੇਨਤੀ

ਕਰਨਾ ਚਾਹੁੰਦਾ ਹਾਂ ਕਿ ਨਗਰ ਪੰਚਾਇਤਾਂ ਔਰ ਕਾਰਪੋਰੇਸ਼ਨਾਂ ਨੂੰ ਲੈ ਕੇ ਉਨ੍ਹਾਂ ਨੇ ਬੜੀ ਸੀਰੀਅਸਨੈੱਸ ਦਿਖਾਈ ਹੈ। ਸਾਡੇ ਇਲਾਕੇ ਵਿੱਚ ਪਿੰਡ ਸੁਰਸਿੰਘ ਹੈ, ਜੋ ਕਿ ਅਣਵੰਡੇ ਪੰਜਾਬ ਦਾ ਸਭ ਤੋਂ ਵੱਡਾ ਪਿੰਡ ਸੀ। ਇਹ ਪਿੰਡ ਪਿਛਲੀ ਵਾਰੀ ਸਾਡੇ ਹਲਕੇ ਨਾਲ ਜੁੜਿਆ ਹੈ। ਸਾਡੀ ਮੰਗ ਹੈ ਕਿ ਇਸ ਪਿੰਡ ਨੂੰ ਨਗਰ ਪੰਚਾਇਤ ਦਾ ਦਰਜਾ ਮਿਲ ਸਕੇ ਤਾਂ ਜੋ ਉੱਥੋਂ ਦੇ ਲੋਕਾਂ ਦਾ ਵਿਕਾਸ ਹੋ ਸਕੇ। ਡਿਪਟੀ ਸਪੀਕਰ ਸਾਹਿਬ, ਜਦੋਂ ਵੀ ਆਪਾਂ ਗੱਲ ਕਰਦੇ ਹਾਂ ਤਾਂ ਲਾਅ ਐਂਡ ਆਰਡਰ ਤੇ ਆ ਕੇ ਗੱਲ ਮੁਕਦੀ ਹੈ। ਜੇ ਲਾਅ ਐਂਡ ਆਰਡਰ ਚੁਸਤ ਤੇ ਦਰੁਸਤ ਹੋਵੇਗਾ ਤਾਂ ਹੀ ਕਿਸੇ ਇਲਾਕੇ ਜਾਂ ਸੂਬੇ ਦਾ ਵਿਕਾਸ ਹੁੰਦਾ ਹੈ। ਪੰਜਾਬ ਦਾ ਲਾਅ ਐਂਡ ਆਰਡਰ ਕਿਵੇਂ ਵਿਗੜਿਆ ਹੈ ਜਾਂ ਕਿਹੜੇ ਲੋਕਾਂ ਦਾ ਇਸ ਵਿੱਚ ਯੋਗਦਾਨ ਰਿਹਾ ਹੈ, ਮੈਂ ਉਸ ਵੱਲ ਥੋੜ੍ਹਾ ਜਿਹਾ ਚਾਨਣਾ ਪਾਉਣਾ ਚਾਹੁੰਦਾ ਹਾਂ। ਮੈਂ ਖਾਸ ਤੌਰ ਤੇ ਪ੍ਰੈਸ ਵਾਲੇ ਸਾਥੀਆਂ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਪਿਛਲੇ ਦਿਨੀਂ ਇੱਕ ਇਹੋ-ਜਿਹਾ ਚਿਹਰਾ ਬੇਨਕਾਬ ਕੀਤਾ, ਜਿਹੜਾ ਲਗਾਤਾਰ ਦੋ ਵਾਰੀ ਇੱਥੇ ਵਿਧਾਨ ਸਭਾ ਵਿੱਚ ਆ ਕੇ....

**ਮਾਨਯੋਗ ਡਿਪਟੀ ਸਪੀਕਰ:** ਸੁਖਪਾਲ ਜੀ, ਤੁਸੀਂ ਵਾਈਂਡ ਅੱਪ ਕਰੋ।

**ਸਰਦਾਰ ਸੁਖਪਾਲ ਸਿੰਘ ਭੁੱਲਰ:** ਸਰ, ਬਸ ਦੋ ਮਿੰਟ ਵਿੱਚ ਹੀ ਵਾਈਂਡ ਅੱਪ ਕਰ ਦਿੰਦਾ ਹਾਂ। ਲਾਅ ਐਂਡ ਆਰਡਰ ਦਾ ਬੜਾ ਸੀਰੀਅਸ ਇਸ਼ੂ ਹੈ। ਇੱਥੇ ਵਿਧਾਨ ਸਭਾ ਦਾ ਮੈਂਬਰ ਬਣਿਆ, ਸਾਡਾ ਸਾਬਕਾ ਐਮ.ਐਲ.ਏ. ** ** ਉਹ ਇੱਥੇ ਆ ਕੇ ਵੀ ਕਹਿੰਦਾ ਰਿਹਾ ਹੈ ਕਿ ਮੈਂ ਸਾਬਕਾ ਅੱਤਵਾਦੀ ਸੀ, ਉਸ ਦਾ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ।

**ਮਾਨਯੋਗ ਡਿਪਟੀ ਸਪੀਕਰ:** ਸੁਖਪਾਲ ਜੀ, ਉਨ੍ਹਾਂ ਦਾ ਨਾਮ ਨਾ ਲਓ। ਨਾਂ ਰਿਕਾਰਡ ਵਿੱਚੋਂ ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਸੁਖਪਾਲ ਸਿੰਘ ਭੁੱਲਰ:** ਸਾਬਕਾ ਕਰ ਦਿੰਦੇ ਹਾਂ ਜੀ। ** ** ਇੱਕ ਉਸ ਦਾ ਨਾਮ ** **

**ਮਾਨਯੋਗ ਡਿਪਟੀ ਸਪੀਕਰ:** ਪਲੀਜ਼ ਵਾਰ-ਵਾਰ ਨਾਮ ਨਾ ਲਓ।

**ਸਰਦਾਰ ਸੁਖਪਾਲ ਸਿੰਘ ਭੁੱਲਰ:** ਡਿਪਟੀ ਸਪੀਕਰ ਸਾਹਿਬ, ਧਾਰਾ 302 ਦੀ ਐਫ.ਆਈ.ਆਰ. ਦਰਜ ਹੋਈ,ਜਿਸ ਵਿੱਚ ਇੱਕ ਡਾਕਟਰ ....

**ਮਾਨਯੋਗ ਡਿਪਟੀ ਸਪੀਕਰ:** ** ** ਦਾ ਨਾਂ ਡਿਲੀਟ ਕਰ ਦਿੱਤਾ ਜਾਵੇ।

---

** **Expunged as ordered by the Chair.

**ਸਰਦਾਰ ਸੁਖਪਾਲ ਸਿੰਘ ਭੁੱਲਰ :** ਸਰ, ਸਾਬਕਾ ਕਰ ਦਿੰਦੇ ਹਾਂ ਜੀ। ਉਸ ਡਾਕਟਰ ਦੇ ਕਤਲ ਵਿੱਚ ਉਹ ਭਗੌੜਾ ਹੋਇਆ। ਉਹ ਜੇਲ੍ਹਾਂ ਵੀ ਕੱਟਦਾ ਰਿਹਾ ਹੈ। ਉਸ ਦਾ ਸਾਰਾ ਸਿਸਟਮ ਇਸ ਹਿਸਾਬ ਨਾਲ ਚਲਦਾ ਰਿਹਾ ਹੈ। ਇੱਕ ਨਹੀਂ, ਇਸ ਤਰ੍ਹਾਂ ਦੀਆਂ ਸੈਂਕੜੇ ਧਾਰਾ 302 ਦੀਆਂ ਐਫ.ਆਈ.ਆਰਜ਼. ਉਸ ਨੇ ਭੁਗਤੀਆਂ ਹਨ। ਕਤਲ ਦੇ ਇਹੋ-ਜਿਹੇ ਸੰਗੀਨ ਜੁਰਮ ਵਾਲਾ ਕੋਈ ਬੰਦਾ ਹੋਵੇ ਤੇ ਜਿਹੜੇ ਇੱਧਰਲੇ ਮੇਰੇ ਵੀਰ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਬੈਠੇ ਹਨ, ਉਨ੍ਹਾਂ ਨੇ ਟਿਕਟ ਦੇ ਕੇ ਉਸ ਨੂੰ ਇੱਥੇ ਲਿਆਂਦਾ, ਫੇਰ ਦੱਸੋ ਲਾਅ ਐਂਡ ਆਰਡਰ ਕਿੱਥੋਂ ਆਉਣਾ ਸੀ?

**ਮਾਨਯੋਗ ਡਿਪਟੀ ਸਪੀਕਰ:** ਸਰਦਾਰ ਸੁਖਪਾਲ ਸਿੰਘ ਜੀ, please wind up, please wind up, your time is over.

**ਸਰਦਾਰ ਸੁਖਪਾਲ ਸਿੰਘ ਭੁੱਲਰ:** ਸਰ, ਇੱਕ ਮਿੰਟ ਦੇ ਦਿਉ ਜੀ। ਮੈਂ ਅਗਲੇ ਮੈਂਬਰ ਸਾਹਿਬ ਨੂੰ ਬੇਨਤੀ ਕਰ ਲੈਂਦਾ ਹਾਂ ਸਿਰਫ਼ ਦੋ ਮਿੰਟ ਲਈ ਗੱਲ ਕਰ ਲੈਣ ਦਿਉ। ਇੱਥੇ ਹੀ ਬਸ ਨਹੀਂ, ਸਾਡੇ ਅਜਨਾਲਾ ਸਾਹਿਬ ਚਲੇ ਗਏ ਹਨ, ਉਨ੍ਹਾਂ ਦੇ ਬਜ਼ੁਰਗ ਜਿਹੜੇ ਪਹਿਲਾਂ ਸਾਡੇ ਐਜੂਕੇਸ਼ਨ ਮਨਿਸਟਰ ਸਨ, ਉਨ੍ਹਾਂ ਦੇ ਘਰ ਵਿੱਚ ਜਿਹੜਾ ਬੰਬ ਚੱਲਿਆ ਸੀ, ਉਹ ਬੰਬ ਵੀ ਉਸੇ ਨੇ ਸੁੱਟਿਆ ਸੀ। ਉਹ ਬਜ਼ੁਰਗ ਉਸ ਦੇ ਗਵਾਹ ਹਨ। 1983 ਵਿੱਚ ਦਿੱਲੀ ਦੇ ਪਾਲਿਕਾ ਬਾਜ਼ਾਰ ਵਿੱਚ ਜਿਹੜਾ ਬੰਬ ਵਿਸਫੋਟ ਹੋਇਆ ਸੀ, ਮਨਚੰਦਾ ਕੇਸ ਅਤੇ ਪੰਜਾਬ ਵਿੱਚ ਸਿੰਡੀਕੇਟ ਦੀਆਂ ਬੱਸਾਂ ....

**Mr. Deputy Speaker :** Please, please, please. ਸੁਖਪਾਲ ਜੀ,ਪਲੀਜ਼ ਟਾਈਮ ਓਵਰ ਹੋ ਗਿਆ। ਤੁਹਾਡਾ ਟਾਈਮ ਓਵਰ ਹੋ ਗਿਆ ਹੈ ਜੀ।

**ਸਰਦਾਰ ਸੁਖਪਾਲ ਸਿੰਘ ਭੁੱਲਰ:** ਉਸ ਵਿੱਚ ਸਭ ਤੋਂ ਵੱਡਾ ਉਸ ਦਾ ਹੱਥ ਸੀ।

**ਮਾਨਯੋਗ ਡਿਪਟੀ ਸਪੀਕਰ:** ਸੁਖਪਾਲ ਜੀ, ਪਲੀਜ਼ ਟਾਈਮ ਓਵਰ ਹੋ ਗਿਆ। ਤੁਹਾਡਾ ਟਾਈਮ ਓਵਰ ਹੋ ਗਿਆ ਹੈ ਜੀ।

**ਸਰਦਾਰ ਸੁਖਪਾਲ ਸਿੰਘ ਭੁੱਲਰ:** ਮੈਂ ਇੱਕੋ ਬੇਨਤੀ ਕਰਨਾ ਚਾਹੁੰਦਾ ਹਾਂ ਕਿ 2020 ਆ ਰਿਹਾ ਹੈ ਜੀ। ਉਸ ਬੰਦੇ ਨੂੰ .....(ਵਿਘਨ..ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਐਨ.ਕੇ. ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ:** ਸ਼ਰਮਾ ਜੀ, ਬੈਠੋ ਪਲੀਜ਼... ਬੈਠੋ। Why are you wasting time? Let him conclude. (ਵਿਘਨ..ਸ਼ੋਰ) Please carry on, carry on.

**ਸਰਦਾਰ ਸੁਖਪਾਲ ਸਿੰਘ ਭੁੱਲਰ:** 2020 ਆ ਰਿਹਾ ਹੈ, ਇਨ੍ਹਾਂ ਮੇਰੇ ਸਾਥੀਆਂ ਨੇ ਸਾਲ 2009 ਵਿੱਚ ਉਸ ਬੰਦੇ ਨੂੰ ਪਾਸਪੋਰਟ ਇਸ਼ੂ ਕਰਵਾਇਆ, ਉਸ ਦਾ ਪਾਸਪੋਰਟ ਨਹੀਂ ਸੀ ਬਣਿਆ। ਜੇ ਇਨ੍ਹਾਂ ਨੂੰ 1983-84 ਦੀਆਂ ਗੱਲਾਂ ਪੁਰਾਣੀਆਂ ਲਗਦੀਆਂ ਹਨ, 2009 ਤਾਂ ਥੋੜ੍ਹਾ ਚਿਰ ਪਹਿਲਾਂ ਹੀ ਲੰਘਿਆ ਹੈ।

**ਮਾਨਯੋਗ ਡਿਪਟੀ ਸਪੀਕਰ:** ਸੁਖਪਾਲ ਜੀ, thank you।

**ਸਰਦਾਰ ਸੁਖਪਾਲ ਸਿੰਘ ਭੁੱਲਰ:** ਫਿਰ ਉਸ ਨੂੰ ਬਾਹਰਲੇ ਦੇਸ਼ਾਂ ਵਿੱਚ ਭੇਜਿਆ।

**ਮਾਨਯੋਗ ਡਿਪਟੀ ਸਪੀਕਰ:** ਸੁਖਪਾਲ ਜੀ, thank you।

**ਸਰਦਾਰ ਸੁਖਪਾਲ ਸਿੰਘ ਭੁੱਲਰ:** ਉਹ ਕੱਟੜਪੰਥੀ ਬੰਦੇ ਜਿਹੜੇ ਇੱਥੋਂ ਭਗੌੜੇ ਹੋਏ, ਉਨ੍ਹਾਂ ਨਾਲ ਸਮਝੌਤਾ ਕਰਕੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਹਾਲਾਤਾਂ ਨੂੰ ਖਰਾਬ ਕਰਨ ...

**Mr. Deputy Speaker :** Thank you, thank you.

**ਸਰਦਾਰ ਸੁਖਪਾਲ ਸਿੰਘ ਭੁੱਲਰ:** ਡਿਪਟੀ ਸਪੀਕਰ ਸਾਹਿਬ, ਇੱਕ ਮਿੰਟ। ਇੱਥੇ ਜ਼ਿਕਰ ਹੋਇਆ ਹੈ ਕਿ ਫੂਲਕਾ ਸਾਹਿਬ ਭੱਤੇ ਲੈਂਦੇ ਹਨ, ਤਨਖਾਹਾਂ ਲੈਂਦੇ ਹਨ। ਕਦੇ ਆਉਂਦੇ ਹਨ ਤੇ ਕਦੇ ਚਲੇ ਜਾਂਦੇ ਹਨ। ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ 10 ਸਾਲਾਂ ਵਿੱਚ ਕਰੋੜਾਂ ਰੁਪਏ ਲੈ ਕੇ ਚਲਾ ਗਿਆ, ਉਸ ਨੂੰ ਐਸ.ਐਸ.ਐਸ. ਬੋਰਡ ਦਾ ਮੈਂਬਰ ਬਣਾਇਆ....

**Mr. Deputy Speaker :** Thank you, thank you.

**ਸਰਦਾਰ ਸੁਖਪਾਲ ਸਿੰਘ ਭੁੱਲਰ:** ਉਸ ਨੇ ਪੈਸੇ ਲੈ ਕੇ ਬੰਦੇ ਭਰਤੀ ਕੀਤੇ ਫੇਰ ਅਫ਼ਸਰ ਵੀ ਇਹੋ ਜਿਹੇ ਆ ਗਏ। ਸੋ, ਮੈਂ ਆਖਿਰ ਵਿੱਚ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹੋ ਜਿਹੇ ਬੰਦਿਆਂ ਦੇ ਪਾਸਪੋਰਟ ਅੱਜ ਹੀ ਜ਼ਬਤ ਹੋਣੇ ਚਾਹੀਦੇ ਹਨ ਕਿਉਂਕਿ 2020 ਆ ਰਿਹਾ ਹੈ। ਲਾਅ ਐਂਡ ਆਰਡਰ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਤੇ ਸਖਤ ਤੋਂ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਉਹ ਅੱਜ ਵੀ ਸਾਬਕਾ ਐਮ.ਐਲ.ਏ. ਹੋਣ ਦੇ ਨਾਤੇ ਭੱਤੇ ਲੈ ਰਹੇ ਹਨ, ਪੰਜਾਬ ਦੇ ਖਜ਼ਾਨੇ ਨੂੰ ਅੱਜ ਦੀ ਤਰੀਕ ਵਿੱਚ ਵੀ ਇਹੋ ਜਿਹੇ ਬੰਦੇ ਲੁੱਟ ਰਹੇ ਹਨ। ਇਹ ਚਿੰਤਾ ਦੀ ਗੱਲ ਹੈ ਅਤੇ ਇਸ ਨੂੰ ਸੀਰੀਅਸਲੀ ਲੈਣਾ ਚਾਹੀਦਾ ਹੈ।

**ਮਾਨਯੋਗ ਡਿਪਟੀ ਸਪੀਕਰ:** ਸੁਖਪਾਲ ਜੀ, thank you.

**ਸਰਦਾਰ ਸੁਖਪਾਲ ਸਿੰਘ ਭੁੱਲਰ:** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਮੈਂ ਫਾਈਨਾਂਸ ਮਨਿਸਟਰ ਸਾਹਿਬ ਦਾ ਇੱਕ ਵਾਰ ਫ਼ਿਰ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਆਪਣਾ ਲੋਹਾ ਮੰਨਵਾ ਕੇ ਇੱਕ ਬਿਹਤਰੀਨ ਬਜਟ ਪੇਸ਼ ਕੀਤਾ ਹੈ ਅਤੇ ਤੇਲ ਦੀਆਂ ਕੀਮਤਾਂ ਨੂੰ ਲੈ ਕੇ ਇਤਿਹਾਸਕ ਫ਼ੈਸਲਾ ਲਿਆ। ਪੰਜਾਬ ਵਾਸਤੇ ਹਰ ਚੀਜ਼ ਦੇ ਹਰ ਕੋਨੇ ਨੂੰ ਟੱਚ ਕਰਦੇ ਹੋਏ ਆਪਣਾ ਲੋਹਾ ਮੰਨਵਾਉਂਦੇ ਹੋਏ ਇਸ ਬਜਟ ਨੂੰ ਬਿਹਤਰੀਨ ਬਣਾਇਆ। ਧੰਨਵਾਦ।

**Mr. Deputy Speaker :** Next, ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ ਜੀ। ਤੁਹਾਡਾ ਟਾਈਮ 5 ਮਿੰਟ ਹੈ, ਪਲੀਜ਼ 5 ਮਿੰਟ ਵਿੱਚ ਆਪਣੀ ਗੱਲ ਕਰਨੀ ਹੈ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ (ਬਰਨਾਲਾ):** ਧੰਨਵਾਦ, ਡਿਪਟੀ ਸਪੀਕਰ ਸਾਹਿਬ। ਬਜਟ ਤੇ ਬੋਲਣ ਤੋਂ ਪਹਿਲਾਂ ਜਿਹੜੀ ਗੱਲ ਭੁੱਲਰ ਸਾਹਿਬ ਨੇ ਕਹੀ ਹੈ, ਮੈਂ ਉਸ ਵਿੱਚ ਥੋੜ੍ਹਾ ਐਡ ਕਰਨਾ ਚਾਹੁੰਦਾ ਹਾਂ ਕਿ ਜਿਹੜੇ ** ** ਡਿਪਟੀ ਸਪੀਕਰ ਸਾਹਿਬ, ਜਿਹੜਾ ਮਾਨਯੋਗ ਵਿੱਤ ਮੰਤਰੀ ਜੀ ਨੇ ਦੋ ਦਿਨ ਪਹਿਲਾਂ ਬਜਟ ਤੇ ਭਾਸ਼ਣ ਦਿੱਤਾ, ਉਸ ਤੋਂ ਬਾਅਦ ਜਿਹੜੇ ਸਰਕਾਰ ਦੇ ਸਤਿਕਾਰਯੋਗ ਐਮ.ਐਲ.ਏ. ਸਾਹਿਬ ਹਨ, ਉਨ੍ਹਾਂ ਨੇ ਵੀ ਬਹੁਤ ਸਾਰੀਆਂ ਤਾਰੀਫ਼ਾਂ ਕੀਤੀਆਂ। ਅੱਜ ਉਹ ਐਮ.ਐਲ.ਏ. ਸਾਹਿਬ ਬੈਠੇ ਨਹੀਂ, ਹੁਣ ਚਲੇ ਗਏ ਹਨ। ਉਨ੍ਹਾਂ ਨੇ ਕਿਹਾ ਸੀ ਕਿ ਪਹਿਲੀ ਸਰਕਾਰ ਵੇਲੇ ਪੰਜਾਬ ਦਾ ਖਜ਼ਾਨਾ ਵੈਂਟੀਲੇਟਰ ਤੇ ਸੀ, ਹੁਣ ਅਸੀਂ ਵੈਂਟੀਲੇਟਰ ਤੋਂ ਉਤਾਰ ਕੇ ਤੋਰਨੀ ਸ਼ੁਰੂ ਕਰ ਦਿੱਤੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕਾਵਾਂ ਦੇ ਕਹਿਣ ਨਾਲ ਢੱਗੇ ਨਹੀਂ ਮਰਦੇ। ਪੰਜਾਬ ਦੇ ਜੋ ਹਾਲਾਤ ਦਸ ਸਾਲ ਪਹਿਲਾਂ ਸਨ, ਉਹੀ ਹਾਲਾਤ ਅੱਜ ਹਨ। ਜਿਹੜਾ ਬਾਦਲ ਸਾਹਿਬ ਨੇ ਬਜਟ ਪੇਸ਼ ਕੀਤਾ ਹੈ, ਇਸ ਵਿੱਚ ਕੋਈ ਵੀ ਤਬਦੀਲੀ ਨਹੀਂ ਹੈ, ਜਿਸ ਤਰ੍ਹਾਂ ਦਾ ਪਹਿਲਾਂ ਬਜਟ ਆਉਂਦਾ ਹੈ, ਉਹੀ ਹੈ। ਸਿਰਫ਼ ਇਸ ਵਿੱਚ ਡਿਵੈੱਲਪਮੈਂਟ ਟੈਕਸ ਨਹੀਂ ਲਗਾਇਆ ਗਿਆ। ਇਹ ਡਿਵੈੱਲਪਮੈਂਟ ਟੈਕਸ ਵੀ ਵੋਟਾਂ ਨੂੰ ਮੱਦੇਨਜ਼ਰ ਰੱਖਦਿਆਂ ਨਹੀਂ ਲਗਾਇਆ ਗਿਆ। ਜਿਵੇਂ ਢੀਂਡਸਾ ਸਾਹਿਬ ਨੇ ਕਿਹਾ ਹੈ ਕਿ ਵੋਟਾਂ ਆ ਰਹੀਆਂ ਹਨ, ਇਸ ਕਰਕੇ ਨਹੀਂ ਲਗਾਇਆ। ਬਾਅਦ ਵਿੱਚ ਇਨ੍ਹਾਂ ਵੱਲੋਂ ਡਿਵੈੱਲਪਮੈਂਟ ਟੈਕਸ ਲਗਾ ਦਿੱਤਾ ਜਾਵੇਗਾ। ਜੋ ਕੁਝ ਪਹਿਲਾਂ ਸੀ, ਉਹੀ ਅੱਜ ਹੈ। ਪੰਜਾਬ ਦੇ ਕਿਸਾਨਾਂ ਨਾਲ, ਦਲਿਤਾਂ ਨਾਲ, ਨੌਜਵਾਨਾਂ ਨਾਲ ਵਾਅਦੇ ਕਰਕੇ ਇਹ ਸਰਕਾਰ ਸੱਤਾ ਵਿੱਚ ਆਈ ਹੈ। ਉਹ ਅਖਬਾਰ ਚੁੱਕ-ਚੁੱਕ ਦੇਖਦੇ ਹਨ ਕਿ ਸਰਕਾਰ ਨੇ ਸਾਡੇ ਲਈ ਕੀ ਕੀਤਾ ਹੈ? ਕੱਲ੍ਹ ਸੈਕਟ੍ਰੀਏਟ ਵਿੱਚ ਮਜੀਠੀਆ ਸਾਹਿਬ ਵੀ ਬੋਲੇ ਸਨ। ਜਿਹੜੇ ਮੁਲਾਜ਼ਮ ਧਰਨੇ ਤੇ ਬੈਠੇ ਹਨ, ਉਨ੍ਹਾਂ ਨੇ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਸਾਨੂੰ ਮਰਨ ਦੀ ਪਰਮਿਸ਼ਨ ਦਿੱਤੀ ਜਾਵੇ। ਡਿਪਟੀ ਸਪੀਕਰ ਸਾਹਿਬ, ਮੈਂ ਕੱਲ੍ਹ ਵੀ ਬੋਲਿਆ ਸੀ। ਸਪੀਕਰ ਸਾਹਿਬ, ਕੱਲ੍ਹ ਵੀ ਇੱਥੇ

** **Expunged as ordered by the Hon'ble Speaker.

ਨਹੀਂ ਸਨ। ਉਹ ਵੀ ਮੁੱਖ ਮੰਤਰੀ ਸਾਹਿਬ ਨਾਲ ਧਰਨਿਆਂ ਵਿੱਚ ਜਾਂਦੇ ਰਹੇ ਹਨ, ਜਦੋਂ ਇਨ੍ਹਾਂ ਦੀ (ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ) ਸਰਕਾਰ ਹੁੰਦੀ ਸੀ। ਪੰਜਾਬ ਦੇ 27,000 ਮੁਲਾਜ਼ਮ ਠੇਕੇ ਤੇ ਹਨ। 20,000 ਮੁਲਾਜ਼ਮਾਂ ਨੂੰ ਆਊਟ ਸੋਰਸਿੰਗ ਰਾਹੀਂ ਭਰਤੀ ਕੀਤਾ ਗਿਆ ਹੈ। ਇਹ ਸਾਰਿਆਂ ਦੇ ਧਰਨਿਆਂ ਵਿੱਚ ਜਾਂਦੇ ਸਨ। ਉਹ ਸਾਰੇ ਕੈਪਟਨ ਸਾਹਿਬ ਨੂੰ ਆਪਣੇ ਮੰਗ-ਪੱਤਰ ਦਿੰਦੇ ਸਨ ਅਤੇ ਕੈਪਟਨ ਸਾਹਿਬ ਉਹੀ ਮੰਗ-ਪੱਤਰ ਲਿਆ ਕੇ ਮੈਨੀਫੈਸਟੋ ਵਿੱਚ ਪਾ ਦਿੰਦੇ ਸਨ। ਕਿਹਾ ਜਾਂਦਾ ਸੀ ਕਿ ਸਰਕਾਰ ਬਣ ਜਾਣ ਦਿਓ, ਤੁਹਾਡੇ ਸਾਰੇ ਵਾਅਦੇ ਪੂਰੇ ਕਰ ਦਿਆਂਗੇ ਪਰ ਮੈਂ ਦੇਖਿਆ ਹੈ ਕਿ ਪਿਛਲੀ ਵਾਰ ਬਜਟ ਵਿੱਚ ਸੈਲਰੀ ਲਈ 25,378 ਕਰੋੜ ਰੁਪਿਆ ਰੱਖਿਆ ਗਿਆ ਸੀ ਔਰ ਐਤਕੀਂ 26,979 ਕਰੋੜ ਰੁਪਿਆ ਰੱਖਿਆ ਗਿਆ ਹੈ। ਇੰਨਾ ਕੁ ਫਾਈਨਾਂਸ ਮਨਿਸਟਰ ਸਾਹਿਬ ਨੇ ਰੱਖਿਆ ਹੈ। ਇਸ ਵਿੱਚ ਕਿਤੇ ਵੀ ਇਹ ਗੱਲ ਦੇਖਣ ਨੂੰ ਨਹੀਂ ਮਿਲੀ ਕਿ ਜਿਹੜੇ ਆਊਟਸੋਰਸ ਵਾਲੇ ਹਨ ਜਾਂ ਠੇਕੇ ਤੇ ਹਨ, ਉਨ੍ਹਾਂ ਨੂੰ ਪੱਕੇ ਕਰਨ ਦੀ ਕੋਈ ਤਜਵੀਜ਼ ਰੱਖੀ ਗਈ ਹੋਵੇ। ਅੱਜ ਜਿਹੜੇ ਪੰਜਾਬ ਵਿੱਚ ਅਨੇਕਾਂ ਕੰਟਰੈਕਟ ਬੇਸਿਜ਼ ਤੇ ਮੁਲਾਜ਼ਮ ਭਰਤੀ ਕੀਤੇ ਗਏ ਹਨ, ਚਾਹੇ ਉਹ ਆਸ਼ਾ ਵਰਕਰ ਹਨ ਜਾਂ ਜਿਹੜੇ ਮਿਡ-ਡੇ ਮੀਲ ਵਾਲੇ ਹਨ, ਜੋ ਸੈਂਟਰ ਸਰਕਾਰ ਅੰਡਰ ਆਉਂਦੇ ਹਨ, ਉਨ੍ਹਾਂ ਦੀ ਸੈਲਰੀ ਪੰਜਾਬ ਦੇ ਅਨਸਕਿੱਲਡ ਵਰਕਰ ਦੀ ਮਿਨੀਮਮ ਵੇਜ਼ ਨਾਲੋਂ ਵੀ ਥੱਲੇ ਹੈ। ਪੰਜਾਬ ਦੇ ਲੋਕ 1200/- ਜਾਂ 1800/- ਰੁਪਏ ਤੇ ਵੀ ਕੰਮ ਕਰ ਰਹੇ ਹਨ, 4000/- ਰੁਪਏ ਤੇ ਵੀ ਕੰਮ ਕਰ ਰਹੇ ਹਨ। ਉਨ੍ਹਾਂ ਦੇ ਦਿਹਾੜੀ ਦੇ 60/- ਰੁਪਏ ਵੀ ਨਹੀਂ ਬਣਦੇ। ਅਨਸਕਿੱਲਡ ਵਰਕਰ ਦੀ 302/- ਰੁਪਏ ਦੀ wage ਤੋਂ ਵੀ ਥੱਲੇ ਹੈ। ਸੋ, ਮੇਰੀ ਇਸ ਸਰਕਾਰ ਨੂੰ ਬੇਨਤੀ ਹੈ ਅਤੇ ਮੈਂ ਇਹ ਕਹਿਣਾ ਵੀ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨਾਲੋਂ ਕੋਈ ਫ਼ਰਕ ਨਹੀਂ ਹੈ। ਜੇ ਅਸੀਂ ਵਾਕਿਆ ਹੀ ਪੰਜਾਬ ਦੇ ਹਿੱਤ ਦੀ, ਪੰਜਾਬ ਦੇ ਕਿਸਾਨਾਂ ਦੇ ਹਿੱਤ ਦੀ ਗੱਲ ਕਰਨੀ ਚਾਹੁੰਦੇ ਹਾਂ ਤਾਂ ਜਿਹੜੀ ਤੁਸੀਂ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੀ ਗੱਲ ਕੀਤੀ ਹੈ, ਚੀਚੀ ਤੇ ਖ਼ੂਨ ਲਗਾ ਕੇ ਸ਼ਹੀਦ ਕਹਾਉਣ ਦੀ ਕੋਸ਼ਿਸ਼ ਹੈ। 90,000 ਕਰੋੜ ਰੁਪਏ ਵਿੱਚੋਂ ਸਿਰਫ਼ ਪੰਜ-ਚਾਰ ਕਰੋੜ ਰੁਪਿਆ ਮੁਆਫ਼ ਕਰਨ ਨਾਲ ਪੰਜਾਬ ਦੇ ਕਿਸਾਨਾਂ ਦੀਆਂ ਖੁਦਕੁਸ਼ੀਆਂ ਬੰਦ ਨਹੀਂ ਹੋਣ ਲੱਗੀਆਂ। ਕੁਲਤਾਰ ਸੰਧਵਾਂ ਜੀ ਪਹਿਲਾਂ ਵੀ ਬੋਲ ਕੇ ਗਏ ਹਨ, ਕਿਸਾਨਾਂ ਦੇ 4% ਜਾਂ 5% ਕਰਜ਼ੇ ਮਾਫ ਕਰਨ ਨਾਲ ਕੁਝ ਨਹੀਂ ਬਣਨਾ। ਸਾਨੂੰ ਅੱਜ ਜ਼ਰੂਰਤ ਹੈ ਕਿ ਅਸੀਂ ਐਗਰੋ ਬੇਸਡ ਇੰਡਸਟਰੀ ਪੰਜਾਬ ਵਿੱਚ ਲੈ ਕੇ ਆਈਏ। ਅਸੀਂ ਪਿਛਲੀ ਵਾਰ ਵੀ ਡਾਈਵਰਸੀਫਿਕੇਸ਼ਨ ਦੀ ਗੱਲ ਕੀਤੀ ਸੀ, ਸੰਧਵਾਂ ਸਾਹਿਬ ਨੇ ਵੀ ਕਿਹਾ ਹੈ ਕਿ ਕੇਵਲ 10,000 ਏਕੜ ਵਿੱਚ ਡਾਈਵਰਸੀਫਿਕੇਸ਼ਨ ਹੋਈ ਹੈ। ਸਾਨੂੰ ਉਸ ਨੂੰ ਵਧਾਉਣ ਦੀ ਜ਼ਰੂਰਤ ਹੈ ਤਾਂ ਕਿ ਪੰਜਾਬ ਦੀ ਕਿਸਾਨੀ ਨੂੰ ਬਚਾਇਆ ਜਾ ਸਕੇ। ਪੰਜਾਬ ਦੇ ਜਿਹੜੇ ਕਿਸਾਨ ਹਨ, ਉਨ੍ਹਾਂ ਦੀ ਆਮਦਨ ਵਿੱਚ ਵਾਧਾ ਕੀਤਾ ਜਾ ਸਕੇ, ਇਹ ਬਜਟ ਵਿੱਚ ਵੀ ਹੈ।

**Mr. Deputy Speaker:** Shri Gurmeet Singh ji, your time is over now.

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਦੋ ਮਿੰਟ ਜੀ। ਸਰ, ਜੀ.ਡੀ.ਪੀ. ਦੇ ਵਿੱਚ ਐਗਰੀਕਲਚਰ ਦੀ ਗਰੋਥ ਦੂਸਰਿਆਂ ਨਾਲੋਂ ਘਟਦੀ ਜਾ ਰਹੀ ਹੈ। ਅੱਜ ਸਾਨੂੰ ਇਸ ਦੀ ਜ਼ਰੂਰਤ ਹੈ ਕਿਉਂਕਿ ਪੰਜਾਬ ਦੀ ਇਕਾਨਮੀ ਐਗਰੇਰੀਅਨ ਹੈ। ਪੰਜਾਬ ਤਾਂ ਹੀ ਬਚੇਗਾ, ਜੇ ਉਥੋਂ ਦੇ ਕਿਸਾਨ ਬਚਣਗੇ। ਅਸੀਂ ਐਗਰੋ ਇੰਡਸਟਰੀ ਨੂੰ ਪਰਮੋਟ ਕਰੀਏ। ਪੰਜਾਬ ਦੀ ਇਕਾਨਮੀ ਨੂੰ ਉੱਪਰ ਚੁੱਕਣ ਲਈ, ਇੱਥੇ ਇੰਡਸਟਰੀ ਲਿਆਉਣ ਦੀ ਜ਼ਰੂਰਤ ਹੈ। ਪਹਿਲਾਂ ਮੈਂਬਰ ਸਾਹਿਬਾਨਾਂ ਨੇ ਵੀ ਕਿਹਾ ਹੈ ਕਿ ਇੱਥੇ ਬਿਜਲੀ ਸਸਤੀ ਦੇਣੀ ਪੈਣੀ ਹੈ, ਕੰਪਨੀਆਂ ਨੂੰ ਸਬਸਿਡੀਆਂ ਦੇਣੀਆਂ ਪੈਣੀਆਂ ਹਨ। ਉਸ ਲਈ ਅਸੀਂ ਕੱਲ੍ਹ ਵੀ ਮੁੱਦਾ ਚੁੱਕਿਆ ਸੀ ਕਿ ਜਿਹੜੇ ਪ੍ਰਾਈਵੇਟ ਕੰਪਨੀਆਂ ਨਾਲ ਐਗਰੀਮੈਂਟ ਹਨ...

**Mr. Deputy Speaker:**Thank you, thank you.

**ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਡਿਪਟੀ ਸਪੀਕਰ ਸਾਹਿਬ....

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਇੱਕ ਲਾਸਟ ਮਿੰਟ ਜੀ, ਇੱਕ ਮਿੰਟ।

**ਮਾਨਯੋਗ ਡਿਪਟੀ ਸਪੀਕਰ:** ਇਨ੍ਹਾਂ ਨੂੰ ਨਿਬੇੜ ਲੈਣ ਦਿਓ ਜੀ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ :** ਠੀਕ ਹੈ ਜੀ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਜਿਵੇਂ ਮੈਂ ਪਹਿਲਾਂ ਕਹਿ ਕੇ ਹਟਿਆ ਹਾਂ ਕਿ ਫ਼ਰਕ ਕੋਈ ਨਹੀਂ ਹੈ। ਉਸੇ ਤਰ੍ਹਾਂ ਹੀ ਪੰਜਾਬ ਵਿੱਚ ਖੁਦਕੁਸ਼ੀਆਂ ਹੋ ਰਹੀਆਂ ਹਨ, ਉਸੇ ਤਰ੍ਹਾਂ ਹੀ ਬੇਰੁਜ਼ਗਾਰੀ ਹੈ, ਉਸੇ ਤਰ੍ਹਾਂ ਹੀ ਪੰਜਾਬ ਦੇ ਪੁੱਤ ਨਸ਼ਿਆਂ ਕਰਕੇ ਮਰ ਰਹੇ ਹਨ। ਮੈਨੂੰ ਬਹੁਤੀ ਸ਼ੇਅਰੋ-ਸ਼ਾਇਰੀ ਤਾਂ ਕਰਨੀ ਨਹੀਂ ਆਉਂਦੀ, ਮੈਨੂੰ ਇਹ ਵੀ ਨਹੀਂ ਪਤਾ ਕਿ ਇਹ ਸ਼ੇਅਰ ਕਿਸ ਦਾ ਹੈ ** ** ਮੈਂ ਇੱਕੋ ਹੀ ਗੱਲ ਕਹਾਂਗਾ ** **

**ਸਿਹਤ ਤੇ ਪਰਿਵਾਰ ਭਲਾਈ ਮੰਤਰੀ :** ਡਿਪਟੀ ਸਪੀਕਰ ਸਾਹਿਬ, ਜਿਸ ਵੇਲੇ ਮੈਂਬਰ ਸਾਹਿਬ ਬੋਲ ਰਹੇ ਸੀ, ਮੈਂ ਵਿਚ ਇੰਟਰਵੀਨ ਨਹੀਂ ਕਰਨਾ ਚਾਹਿਆ। ਇਨ੍ਹਾਂ ਨੇ ਆਸ਼ਾ ਵਰਕਰ ਦੀ ਗੱਲ ਕੀਤੀ ਹੈ। ਮੈਂ ਇੱਕ ਗੱਲ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਸਾਰੇ ਇੰਸੈਂਟਿਵ ਮਿਲਦੇ ਹਨ। ਮੇਰਾ ਖਿਆਲ ਹੈ ਕਿ ਕੋਈ ਐਸੀ ਆਸ਼ਾ

---

**Expunged as ordered by the Hon'ble Speaker.

ਵਰਕਰ ਨਹੀਂ ਹੈ ਜਿਹੜੀ ਹਰ ਮਹੀਨੇ 8,000/- ਜਾਂ 10,000/- ਤੋਂ ਘੱਟ ਆਪਣੇ ਘਰ ਲੈ ਕੇ ਜਾਂਦੀ ਹੋਵੇ ਕਿਉਂਕਿ ਜਿੰਨੇ ਵੀ ਨੈਸ਼ਨਲ ਪ੍ਰੋਗਰਾਮ ਹੁੰਦੇ ਹਨ ਜਾਂ ਜਿੱਥੇ ਆਸ਼ਾ ਵਰਕਰ ਦੀ ਜ਼ਰੂਰਤ ਪੈਂਦੀ ਹੈ, ਉਨ੍ਹਾਂ ਨੂੰ ਪੂਰੇ ਇੰਸੈਂਟਿਵ ਮਿਲਦੇ ਹਨ। ਮੈਂ ਮੈਂਬਰ ਸਾਹਿਬ ਨੂੰ correct ਕਰਨਾ ਚਾਹੁੰਦਾ ਹਾਂ ਅਤੇ ਅਸੀਂ ਸੋਚ ਰਹੇ ਹਾਂ ਕਿ further ਨੂੰ ਜਿਹੜੀ ਵੀ ਕੋਈ ਆਸ਼ਾ ਵਰਕਰ ਨੂੰ ਕਮੀ ਹੈ, ਅਸੀਂ ਉਸ ਨੂੰ ਪੂਰੀ ਕਰੀਏ।

**Mr. Deputy Speaker :** Thank you, ਸ਼੍ਰੀ ਬ੍ਰਹਮ ਮਹਿੰਦਰਾ ਜੀ। ਨੈਕਸਟ ਹਰਦਿਆਲ ਸਿੰਘ ਕੰਬੋਜ ਜੀ, ਕੰਬੋਜ ਜੀ ਤੁਸੀਂ 15 ਮਿੰਟ ਗੱਲ ਕਰਨੀ ਹੈ, ਟਾਈਮ ਨੋਟ ਕਰ ਲੈਣਾ।

**ਸਰਦਾਰ ਹਰਦਿਆਲ ਸਿੰਘ ਕੰਬੋਜ (ਰਾਜਪੁਰਾ):** ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਪੰਜਾਬ ਦੇ ਬਹੁਤ ਹੀ ਹਰਮਨ ਪਿਆਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਦੀ ਰਹਿਨੁਮਾਈ ਥੱਲੇ ਕੰਮ ਕਰ ਰਹੇ ਸਾਡੇ ਬਹੁਤ ਹੀ ਸਿਆਣੇ, ਸੂਝਵਾਨ ਫਾਈਨਾਂਸ ਮਨਿਸਟਰ, ਸਰਦਾਰ ਮਨਪ੍ਰੀਤ ਸਿੰਘ ਜੀ ਵੱਲੋਂ ਪੇਸ਼ ਕੀਤੇ ਗਏ ਸਾਲ 2019-20 ਦੇ ਬਜਟ ਤੇ ਆਪਣੇ ਵਿਚਾਰ ਰੱਖਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਪੰਜਾਬ ਲਈ ਇਹ ਬੜੇ ਫ਼ਖਰ ਵਾਲੀ ਗੱਲ ਹੈ ਕਿ ਅੱਜ ਪੰਜਾਬ ਦੀ ਵਾਗਡੋਰ ਕੈਪਟਨ ਅਮਰਿੰਦਰ ਸਿੰਘ ਜੀ ਦੇ ਹੱਥ ਵਿਚ ਹੈ। ਇਤਿਹਾਸਕ ਪੱਖ ਤੋਂ ਦੇਖ ਲਈਏ, ਉਨ੍ਹਾਂ ਦੇ ਪਿਛੋਕੜ ਤੋਂ ਦੇਖ ਲਈਏ, ਉਨ੍ਹਾਂ ਦੀਆਂ ਕੁਰਬਾਨੀਆਂ ਤੋਂ ਦੇਖ ਲਈਏ ਜੋ ਪੰਜਾਬ ਲਈ ਕੈਪਟਨ ਅਮਰਿੰਦਰ ਸਿੰਘ ਜੀ ਨੇ ਕੀਤਾ ਹੈ, ਚਾਹੇ ਉਹ ਪੰਜਾਬੀ ਬੋਲਦੇ ਇਲਾਕਿਆਂ ਦੀ ਗੱਲ ਹੋਵੇ, ਚਾਹੇ ਧਰਮ ਦੀ ਗੱਲ ਹੋਵੇ ਜਾਂ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਦੀ ਗੱਲ ਹੋਵੇ, ਜੇ ਅਸੀਂ ਪੂਰੇ ਪੰਜਾਬ ਵਿਚੋਂ ਕਿਸੇ ਦਾ ਨਾਮ ਲਈਏ ਤਾਂ ਉਹ ਸਿਰਫ਼ ਤੇ ਸਿਰਫ਼ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਹੀ ਸਿਹਰਾ ਜਾਂਦਾ ਹੈ। ਅੱਜ ਉਨ੍ਹਾਂ ਦੇ ਹੱਥ ਪੰਜਾਬ ਦੀ ਵਾਗਡੋਰ ਹੈ। ਪੰਜਾਬ ਨੂੰ ਬੜੇ ਸੁਚੱਜੇ ਢੰਗ ਨਾਲ ਚਲਾਉਣ ਲਈ ਉਨ੍ਹਾਂ ਦੀ ਪੂਰੀ ਹੀ ਟੀਮ ਵਿਸ਼ੇਸ਼ ਕਰਕੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਕੰਮ ਕਰ ਰਹੇ ਹਨ। ਸਪੀਕਰ ਸਾਹਿਬ, ਗੱਲ ਇਹ ਹੈ ਕਿ ਜਿਵੇਂ ਅੱਜ ਪੰਜਾਬ ਦੇ ਵਿੱਤੀ ਹਾਲਾਤ ਹਨ ਜੋ ਸਾਨੂੰ ਪਿੱਛੋਂ ਮਿਲਿਆ ਅਤੇ ਪਿਛਲੀ ਸਰਕਾਰ ਸਾਡੇ ਲਈ ਛੱਡ ਕੇ ਗਈ ਹੈ, ਬਿਨਾਂ ਪੈਸਿਆਂ ਤੋਂ ਤਾਂ ਘਰ ਵੀ ਨਹੀਂ ਚਲਦਾ। ਉਸ ਦਿਨ ਖਜ਼ਾਨਾ ਮੰਤਰੀ ਜੀ ਨੇ ਆਪਣੀ ਗੱਲ ਸ਼ੁਰੂ ਕਰਦਿਆਂ ਜੋ ਕਿਹਾ ਹੈ, ਮੇਰੇ ਮਨ ਨੂੰ ਉਨ੍ਹਾਂ ਦੀ ਹਰ ਗੱਲ ਬਹੁਤ ਜ਼ਿਆਦਾ ਚੰਗੀ ਲੱਗੀ ਹੈ। ਜਿਹੜੀਆਂ ਗੱਲਾਂ ਉਨ੍ਹਾਂ ਨੇ ਕੀਤੀਆਂ ਹਨ, ਉਨ੍ਹਾਂ ਨੇ ਪੂਰੇ ਪੰਜਾਬ ਦਾ ਦਰਦ ਪੇਸ਼ ਕੀਤਾ ਹੈ। ਜਿਵੇਂ ਦਰਦਮੰਦ ਦਾ ਦਰਦ ਦੂਰ ਹੋਵੇ, ਗਰਜ਼ਮੰਦ ਦੀ ਗਰਜ਼ ਪੂਰੀ ਹੋਵੇ, ਕਿਸਾਨ ਨੂੰ ਖੁਦਕਫ਼ੀਲ ਕਰਨਾ,

ਮਜ਼ਦੂਰ ਨੂੰ ਪੈਰਾਂ ਤੇ ਖੜ੍ਹਾ ਕਰਨਾ, ਕਾਰੋਬਾਰ ਤੇ ਵਪਾਰ ਨੂੰ ਤੇਜ਼ੀ ਵਿਚ ਲੈ ਕੇ ਆਉਣਾ, ਮੁਲਾਜ਼ਮਾਂ ਨੂੰ ਉਤਸ਼ਾਹਤ ਕਰਨਾ, ਇਹ ਸਾਰੀਆਂ ਕੋਸ਼ਿਸ਼ਾਂ ਸਰਦਾਰ ਮਨਪ੍ਰੀਤ ਸਿੰਘ ਜੀ ਨੇ ਕੀਤੀਆਂ ਹਨ ਇਸ ਲਈ ਮੈਂ ਉਨ੍ਹਾਂ ਦੀ ਬਹੁਤ ਤਾਰੀਫ਼ ਕਰਦਾ ਹਾਂ। ਜਦੋਂ ਇਨ੍ਹਾਂ ਨੇ ਸਰਕਾਰ ਸੰਭਾਲੀ, ਸਵਾ ਦੋ ਲੱਖ ਕਰੋੜ ਦੇ ਲਾਗੇ ਕਰਜ਼ਾ ਪੰਜਾਬ ਦੇ ਸਿਰ ਤੇ ਸੀ। ਮੈਂ ਹੈਰਾਨ ਹਾਂ ਕਿ ਸਾਡੇ ਖਜ਼ਾਨਾ ਮੰਤਰੀ ਜੀ ਕੋਲ ਕਿਹੜੀ ਜਾਦੂ ਦੀ ਛੜੀ ਹੈ ਕਿ ਉਨ੍ਹਾਂ ਨੇ ਹਰ ਵਰਗ ਦੇ ਲਈ ਬਹੁਤ ਵੱਡੇ ਉਪਰਾਲੇ ਕੀਤੇ ਹਨ। ਕੈਪਟਨ ਅਮਰਿੰਦਰ ਸਿੰਘ ਜੀ ਨੇ ਪੰਜਾਬ ਦੇ ਕਿਸਾਨਾਂ ਲਈ ਕਰਜ਼ਾ ਮੁਆਫ਼ੀ ਦਾ ਵਾਅਦਾ ਕੀਤਾ ਸੀ, ਅੱਜ ਪੰਜਾਬ ਦਾ ਸੁਨੇਹਾ ਦੂਜੇ ਰਾਜਾਂ ਵਿਚ ਵੀ ਜਾਣ ਲੱਗ ਪਿਆ ਹੈ। ਸਾਰਿਆਂ ਨੂੰ ਇਸ ਗੱਲ ਦਾ ਪਤਾ ਹੈ ਕਿ ਪੰਜਾਬ ਦੀ ਵਿੱਤੀ ਹਾਲਤ ਕਿੰਨੀ ਕਮਜ਼ੋਰ ਹੈ ਪਰ ਇਸ ਦੇ ਬਾਵਜੂਦ ਜੋ ਇਨ੍ਹਾਂ ਨੇ ਵਾਅਦਾ ਕੀਤਾ ਸੀ, 4700 ਕਰੋੜ ਰੁਪਿਆ ਦੇ ਕੇ 5,85,000 ਕਿਸਾਨਾਂ ਦੇ ਕਰਜ਼ੇ ਮੁਆਫ਼ ਕੀਤੇ ਹਨ। ਹਾਲੇ ਇੱਥੇ ਹੀ ਗੱਲ ਨਹੀਂ ਰੁਕੀ । ਜਦੋਂ ਮਾਨਯੋਗ ਐਫ.ਐਮ. ਸਾਹਿਬ ਨੇ ਬਜਟ ਪੇਸ਼ ਕੀਤਾ ਤਾਂ ਫ਼ਿਰ ਕਿਸਾਨਾਂ ਲਈ 3000 ਕਰੋੜ ਰੁਪਿਆ ਰੱਖਿਆ। ਇਸ ਨਾਲ ਆਉਣ ਵਾਲੇ ਸਮੇਂ ਵਿੱਚ ਕਿਸਾਨਾਂ ਦਾ ਕਰਜ਼ਾ ਮੁਆਫ਼ ਕੀਤਾ ਜਾਵੇਗਾ ਕਿਉਂਕਿ ਇਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਪੰਜਾਬ ਦੇ ਤਕਰੀਬਨ 11 ਲੱਖ ਕਿਸਾਨ ਇਸ ਘੇਰੇ ਵਿੱਚ ਆਉਣਗੇ।

ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਇਹ ਛੋਟੀਆਂ ਗੱਲਾਂ ਨਹੀਂ ਹਨ। ਸਾਡੇ ਸਾਹਮਣੇ ਬੈਠੇ ਸਾਥੀ ਵੀ ਸਰਕਾਰਾਂ ਚਲਾ ਕੇ ਗਏ ਹਨ ਪਰ ਜੇਕਰ ਠੀਕ ਢੰਗ ਨਾਲ ਸਰਕਾਰ ਚਲਾਈ ਹੁੰਦੀ। ਅੱਜ ਤੁਸੀਂ ਦੇਖ ਲਵੋ ਕਿ ਸਾਹਮਣੇ ਕਿੰਨੇ ਬੈਠੇ ਹਨ ਜਿਹੜੇ ਕਹਿੰਦੇ ਸੀ ਕਿ ਅਸੀਂ 25 ਸਾਲ ਰਾਜ ਕਰਾਂਗੇ ਪਰ ਉਹ ਤਾਂ 25 ਦੀ ਗਿਣਤੀ ਵਿੱਚ ਵੀ ਨਹੀਂ ਪਹੁੰਚੇ। (ਕਾਂਗਰਸ ਪਾਰਟੀ ਵੱਲੋਂ ਥੰਪਿੰਗ) ਮੈਨੂੰ ਇਹ ਲੱਗਦਾ ਹੈ ਕਿ ਇਨ੍ਹਾਂ ਦੇ ਅੱਗੋਂ 1 ਕੱਟ ਦਿਓ, ਆਉਣ ਵਾਲੇ ਸਮੇਂ ਵਿੱਚ ਇਹ ਚਾਰ-ਪੰਜ ਹੀ ਰਹਿ ਜਾਣੇ ਹਨ ਕਿਉਂਕਿ ਜੋ ਕੰਮ ਇਨ੍ਹਾਂ ਨੇ ਕੀਤੇ ਹਨ, ਪੰਜਾਬ ਦੇ ਲੋਕ ਅਜੇ ਵੀ ਨਹੀਂ ਭੁੱਲੇ, ਜਿਨ੍ਹਾਂ ਨੂੰ ਸੜਕਾਂ ਤੇ ਰੋਲਿਆ ਗਿਆ, ਮੰਡੀਆਂ ਦੇ ਵਿੱਚ ਰੋਲਿਆ ਗਿਆ। ਹੈਰਾਨੀ ਦੀ ਗੱਲ ਇਹ ਹੈ ਕਿ ਕਿਸਾਨ ਹਮੇਸ਼ਾ ਇੱਕ ਗੱਲ ਕਹਿੰਦਾ ਰਿਹਾ ਹੈ ਕਿ ਜਦੋਂ ਕੈਪਟਨ ਅਮਰਿੰਦਰ ਸਿੰਘ ਦਾ ਰਾਜ ਆਏਗਾ, ਫ਼ਿਰ ਹੀ ਸਾਡੀਆਂ ਫ਼ਸਲਾਂ ਚੁੱਕੀਆਂ ਜਾਣਗੀਆਂ। ਇਹ ਤਾਂ ਆਪਣੇ ਆਪ ਨੂੰ ਕਿਸਾਨਾਂ ਦੇ ਮਸੀਹੇ ਕਹਾਉਂਦੇ ਸੀ। ਮੈਂ ਹੈਰਾਨ ਹਾਂ, ਇਨ੍ਹਾਂ ਨੇ ਪੰਜ-ਪੰਜ ਵਾਰ ਸਰਕਾਰਾਂ ਬਣਾਈਆਂ ਹਨ ਪਰ ਕਿਹੜੀ ਕਿਸਾਨੀ ਦੀ ਗੱਲ ਕੀਤੀ ਹੈ? ਕੋਈ ਇੱਕ ਵੀ ਮੈਨੂੰ ਕੰਮ ਦੱਸ ਦੇਣ, ਜਿਹੜਾ ਇਨ੍ਹਾਂ ਨੇ ਕਿਸਾਨ ਦੇ ਹਿੱਤ ਵਿੱਚ ਕੀਤਾ ਹੋਵੇ। ਅਸੀਂ ਝੋਨੇ ਦੀ ਗੱਲ ਤਾਂ ਛੱਡ ਹੀ ਦੇਈਏ ਕਿਉਂਕਿ ਅਸੀਂ ਕਣਕ ਦੇ ਸੀਜ਼ਨ ਵਿੱਚ ਮੰਡੀਆਂ ਵਿੱਚ ਧਰਨੇ ਲਗਾ ਕੇ ਬੈਠਦੇ ਰਹੇ ਹਾਂ। ਇਨ੍ਹਾਂ ਤੋਂ ਕਿੱਥੇ

ਉਮੀਦ ਰੱਖੀ ਜਾ ਸਕਦੀ ਸੀ। ਸਾਲ 2002 - 2007 ਤੱਕ ਕੈਪਟਨ ਅਮਰਿੰਦਰ ਸਿੰਘ ਜੀ ਨੇ ਸਰਕਾਰ ਚਲਾਈ। ਦਸ ਫ਼ਸਲਾਂ ਵਿੱਚ ਕਿਸੇ ਨੂੰ ਦਸ ਮਿੰਟ ਵੀ ਮੰਡੀ ਦੇ ਵਿੱਚ ਰੁਕਣ ਨਹੀਂ ਦਿੱਤਾ। ਅੱਜ ਫ਼ਿਰ ਚਾਰ ਫ਼ਸਲਾਂ ਉੱਠੀਆਂ ਹਨ, ਕੋਈ ਕਿਸਾਨ ਉੱਠ ਕੇ ਹੱਥ ਖੜ੍ਹਾ ਕਰਕੇ ਕਹੇ ਕਿ ਚਾਰ ਮਿੰਟ ਵੀ ਕਿਤੇ ਰੁਕੇ ਹਾਂ। ਅੱਜ ਵੀ ਕਿਤੇ ਕਿਸਾਨ ਨਾਲ ਠੱਗੀ ਹੋ ਰਹੀ ਹੈ? ਸੋ, ਇਹ ਸੁਚੱਜੀ ਸਰਕਾਰ ਚਲਾਉਣ ਦਾ ਤਰੀਕਾ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਅਤੇ ਉਨ੍ਹਾਂ ਦੀ ਪੂਰੀ ਟੀਮ ਨੂੰ ਆਉਂਦਾ ਹੈ।

ਮੈਂ ਗੱਲ ਕਰ ਰਿਹਾ ਸੀ ਕਿ ਮੈਂ ਹੈਰਾਨ ਹਾਂ, ਇੰਨੀ ਆਰਥਿਕ ਤੰਗੀ ਦੇ ਬਾਵਜੂਦ, ਕਿਸ ਤਰੀਕੇ ਨਾਲ ਸਰਦਾਰ ਮਨਪ੍ਰੀਤ ਸਿੰਘ ਬਾਦਲ, ਸਾਡੇ ਖਜ਼ਾਨਾ ਮੰਤਰੀ ਸਾਹਿਬ ਸਰਕਾਰ ਨੂੰ ਅੱਗੇ ਲੈ ਕੇ ਜਾ ਰਹੇ ਹਨ। ਹੁਣੇ ਹੀ ਤੁਸੀਂ ਦੇਖਿਆ ਹੈ, ਜਿਸ ਦਿਨ ਬਜਟ ਪੇਸ਼ ਕੀਤਾ, ਪੈਟਰੋਲ 5/- ਰੁਪਏ ਲੀਟਰ ਘਟਾ ਕੇ ਚੱਕ ਤੇ ਫੱਟੇ ਅਤੇ ਡੀਜ਼ਲ ਦਾ ਰੇਟ ਵੀ ਘੱਟ ਕੀਤਾ। ਪਹਿਲਿਆਂ ਨੂੰ ਇਹ ਕਿਉਂ ਨਾ ਸੁਝਿਆ? ਅੱਜ ਕਿੰਨਾ ਵੱਡਾ ਫ਼ਾਇਦਾ ਪੰਜਾਬ ਦੇ ਹਰ ਵਰਗ ਨੂੰ ਹੋਇਆ ਹੈ। ਸੋ, ਮੈਂ ਇਸ ਦੇ ਲਈ ਮਾਨਯੋਗ ਖਜ਼ਾਨਾ ਮੰਤਰੀ ਸਾਹਿਬ ਨੂੰ ਬਹੁਤ-ਬਹੁਤ ਵਧਾਈ ਦਿੰਦਾ ਹਾਂ ਕਿ ਜਿਥੇ ਬਾਕੀ ਹਰ ਵਰਗ ਦੀ ਗੱਲ ਕੀਤੀ ਹੈ, ਉਥੇ ਮਾਨਯੋਗ ਸੀ.ਐਮ. ਸਾਹਿਬ ਅਤੇ ਮਾਨਯੋਗ ਖਜ਼ਾਨਾ ਮੰਤਰੀ ਸਾਹਿਬ ਨੇ ਵੀ ਇਹ ਵਾਅਦਾ ਕੀਤਾ ਸੀ ਕਿ ਪੰਜਾਬ ਦੇ ਗਰੀਬਾਂ ਦਾ ਕਰਜ਼ਾ ਵੀ ਮੁਆਫ਼ ਕੀਤਾ ਜਾਵੇਗਾ, ਇਸ ਲਈ ਵੀ ਮੈਂ ਇਨ੍ਹਾਂ ਦਾ ਕੋਟਾਨਿ ਕੋਟ ਧੰਨਵਾਦ ਕਰਦਾ ਹਾਂ।

ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਜਿਥੋਂ ਤੱਕ ਵਿਕਾਸ ਦੀ ਗੱਲ ਲਈਏ, ਉਹੀ ਸੜਕਾਂ ਹਨ, ਉਹੀ ਠੇਕੇਦਾਰ ਹਨ, ਉਹੀ ਇੰਜੀਨੀਅਰ ਹਨ, ਪਿਛਲੇ ਦਸ ਸਾਲਾਂ ਵਿੱਚ ਇਨ੍ਹਾਂ ਸਾਡੇ ਸਾਥੀਆਂ ਨੇ ਕੁੱਲ 42,000 ਕਿਲੋਮੀਟਰ ਸੜਕਾਂ ਦੀ ਰਿਪੇਅਰ ਕੀਤੀ ਹੈ। ਮੈਂ ਮਾਨਯੋਗ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਦੇ ਆਪਣੇ ਪਹਿਲੇ ਵਰ੍ਹੇ ਵਿੱਚ ਹੀ 31,000 ਕਿਲੋਮੀਟਰ ਸੜਕ ਦੀ ਰਿਪੇਅਰ ਸ਼ੁਰੂ ਹੋ ਗਈ। ਪੰਜਾਬ ਵਿੱਚ ਕੁੱਲ 62,000 ਕਿਲੋਮੀਟਰ ਸੜਕਾਂ ਹਨ। ਹੁਣ ਨੈਕਸਟ ਫੇਜ਼ ਵਿੱਚ ਫ਼ਿਰ 31,000 ਕਿਲੋਮੀਟਰ ਸੜਕ ਦੀ ਰਿਪੇਅਰ ਸ਼ੁਰੂ ਕਰਨ ਲੱਗੇ ਹਨ। ਮੇਰੇ ਨੇੜੇ ਤੇੜੇ ਦੇ ਐਮ.ਐਲ.ਏ. ਸਾਹਿਬਾਨ ਵੀ ਇਥੇ ਬੈਠੇ ਹਨ। ਮੇਰਾ ਹਲਕਾ ਰਾਜਪੁਰਾ Gateway of Punjab ਹੈ। ਤਿੰਨ ਵੱਡੀਆਂ ਜਰਨੈਲੀ ਸੜਕਾਂ ਇਸ ਵਿੱਚੋਂ ਕਰਾਸ ਹੋ ਕੇ ਜਾਂਦੀਆਂ ਹਨ। ਇਨ੍ਹਾਂ ਸੜਕਾਂ ਉਤੇ ਵਸਦਾ ਇਹ ਪੰਜਾਬ ਦਾ ਪਹਿਲਾ ਸ਼ਹਿਰ ਹੈ, ਜਿਸ ਨੂੰ ਅਸੀਂ Gateway of Punjab ਕਹਿ ਸਕਦੇ ਹਾਂ। ਪਹਿਲਾਂ ਵੀ ਇਹ ਪੰਜਾਬ ਦਾ ਪਹਿਲਾ ਸ਼ਹਿਰ ਸੀ ਤੇ ਅੱਜ ਵੀ ਹੈ। ਹੁਣ ਤੁਸੀਂ ਰਾਜਪੁਰੇ ਵਿਚ ਵੜ ਕੇ ਵੇਖ ਲਵੋ ਕਿ ਅਸੀਂ ਕਿੰਨਾ

[ਸਰਦਾਰ ਹਰਦਿਆਲ ਸਿੰਘ ਕੰਬੋਜ]

ਸੋਹਣਾ-ਸੁਨੱਖਾ ਸ਼ਹਿਰ ਬਣਾਉਣ ਵਿੱਚ ਲੱਗੇ ਹਾਂ। ਹਰ ਪੱਧਰ ਦੇ ਵਿਕਾਸ ਦੇ ਕੰਮ ਇਸ ਹਲਕੇ ਵਿਚ ਚੱਲ ਰਹੇ ਹਨ।

ਜਿਥੋਂ ਤੱਕ ਮੈਂ ਵਿਕਾਸ ਦੀ ਗੱਲ ਕੀਤੀ ਹੈ, ਮੈਂ ਦੁਬਾਰਾ ਐਫ.ਐਮ. ਸਾਹਿਬ ਦੇ ਸਾਹਮਣੇ ਆਪਣੀ ਗੱਲ ਰੱਖਾਂਗਾ ਕਿ ਪੰਜਾਬ ਦੀ ਇੰਡਸਟਰੀ ਜੋ ਇਸ ਦੇ ਵਿਕਾਸ ਨਾਲ ਜੁੜੀ ਹੋਈ ਸੀ, ਜੇ ਇਥੇ ਸੜਕਾਂ ਢੰਗ ਦੀਆਂ ਬਣੀਆਂ ਹੁੰਦੀਆਂ ਤਾਂ ਕੋਈ ਇੱਥੇ ਬਾਹਰੋਂ ਆਉਂਦਾ, ਜੇ ਇਥੋਂ ਦਾ ਮਾਹੌਲ ਚੰਗਾ ਹੁੰਦਾ ਕਿਉਂਕਿ ਇੱਥੇ ਸ਼ਰੇਆਮ ਗੁੰਡਾਗਰਦੀ ਹੁੰਦੀ ਸੀ, ਗੈਂਗਸਟਰ ਸ਼ਰੇਆਮ ਜਨਤਾ ਨੂੰ ਮਾਰ ਕੇ ਚਲੇ ਜਾਂਦੇ ਸਨ, ਇਸ ਤਰ੍ਹਾਂ ਜਿਹੜਾ ਖੌਫ਼ ਸੀ ਉਹ ਕੈਪਟਨ ਅਮਰਿੰਦਰ ਸਿੰਘ ਜੀ ਨੇ ਪੰਜਾਬ ਦੇ ਲੋਕਾਂ ਦੇ ਮਨਾਂ ਵਿਚੋਂ ਅਤੇ ਬਾਹਰਲੇ ਇਨਵੈਸਟਰਜ਼ ਦੇ ਮਨਾਂ ਵਿਚੋਂ ਕੱਢਿਆ । ਮੈਂ ਮਾਨਯੋਗ ਖਜ਼ਾਨਾ ਮੰਤਰੀ ਸਾਹਿਬ ਜੀ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਪੰਜਾਬ ਦੇ ਉਦਯੋਗ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰਨ ਵਾਸਤੇ ਇੰਨਾ ਵੱਡਾ ਕਦਮ ਚੁੱਕਿਆ ਹੈ। ਮੰਡੀ ਗੋਬਿੰਦਗੜ੍ਹ ਵਿਖੇ ਤਕਰੀਬਨ ਸਾਡੀ ਇੰਡਸਟਰੀ ਸੀ, ਉਥੇ ਟੋਟਲ ਚਿਮਨੀਆਂ ਵਿਚੋਂ ਧੂੰਆਂ ਨਿਕਲਣਾ ਬੰਦ ਹੋ ਗਿਆ ਸੀ ਲੇਕਿਨ ਅੱਜ ਜੇ ਤੁਸੀਂ ਉੱਧਰੋਂ ਲੰਘਦੇ ਹੋ ਤਾਂ ਹਰ ਚਿਮਨੀ ਵਿਚੋਂ ਧੂੰਆਂ ਨਿਕਲਦਾ ਨਜ਼ਰ ਆਉਂਦਾ ਹੈ। ਇਹੀ ਨਹੀਂ, ਪੁਰਾਣੇ ਉਦਯੋਗਾਂ ਨੂੰ ਵੀ ਸ਼ੁਰੂ ਕਰਵਾਇਆ ਅਤੇ ਨਵੇਂ ਹੋਰ ਐਮ.ਓ.ਯੂਜ਼ ਕੀਤੇ ਹਨ, ਜੋ ਕਿ 1000 ਕਰੋੜ ਰੁਪਏ ਦੇ ਨੇੜੇ-ਤੇੜੇ ਹਨ। ਇਸ ਨਾਲ ਬਹੁਤ ਵੱਡੀ ਇੰਡਸਟਰੀ ਆਉਣ ਕਾਰਨ ਇਲਾਕੇ ਦੇ ਬੱਚਿਆਂ ਨੂੰ ਰੁਜ਼ਗਾਰ ਮਿਲਿਆ ਹੈ।

ਜਿਥੇ ਮੈਂ ਮੰਡੀ ਗੋਬਿੰਦਗੜ੍ਹ ਦੀ ਗੱਲ ਕਰਦਾ ਹਾਂ, ਉਥੇ ਮੈਂ ਇੱਕ ਹੋਰ ਗੱਲ ਕਰਨੀ ਚਾਹੁੰਦਾ ਹਾਂ ਕਿ ਕੁਝ ਦਿਨ ਪਹਿਲਾਂ ਕੁਆਰਕ ਕੰਪਨੀ, ਜਿਹੜੀ ਵਰਲਡ ਦੀ ਵੱਡੀ ਕੰਪਨੀ ਹੈ, ਉਨ੍ਹਾਂ ਨੇ ਮੋਹਾਲੀ ਵਿਖੇ ਬਹੁਤ ਵੱਡਾ ਸੈਟ-ਅੱਪ ਕੀਤਾ ਹੋਇਆ ਹੈ। ਮੇਰੇ ਹਲਕੇ ਰਾਜਪੁਰਾ ਦੇ ਨੇੜੇ ਹੀ ਪਿੰਡ ਚਮਾਰੂ ਵਿਚ ਸਾਲ 2006 ਵਿਚ ਕੁਆਰਕ ਕੰਪਨੀ ਨੇ 700 ਏਕੜ ਦੇ ਨੇੜੇ-ਤੇੜੇ ਜ਼ਮੀਨ ਲਈ ਸੀ ਤਾਂ ਕਿ ਇਥੇ ਉਦਯੋਗ ਲਗਾਏ ਜਾਣ ਪਰ ਉਹ 12 ਸਾਲ (2006 - 2018 ਤੱਕ) ਬੰਦ ਰਹੀ। ਕੁਝ ਦਿਨ ਪਹਿਲਾਂ ਅਸੀਂ ਵੀ ਅਤੇ ਐਫ.ਐਮ. ਸਾਹਿਬ ਨੇ ਉਸ ਵਾਸਤੇ ਬੜੀ ਕੋਸ਼ਿਸ਼ ਕੀਤੀ। ਹੁਣ ਕੁਆਰਕ ਕੰਪਨੀ ਨੇ ਉਥੇ ਸੈਕਿੰਡ ਫੇਜ਼ ਦੀ ਸ਼ੁਰੂਆਤ ਕੀਤੀ ਹੈ। ਕੁਆਰਕ ਕੰਪਨੀ ਦੇ ਚੈਅਰਮੇਨ ਮਿ. ਥਰੈਟ ਇਬਰਾਹੀਮ ਉਥੇ ਬੜੀ ਵੱਡੀ ਪਬਲਿਕ ਮੀਟਿੰਗ ਵਿਚ ਬੋਲ ਰਹੇ ਸਨ, ਜਿਸ ਵਿੱਚ ਇਲਾਕੇ ਦੇ ਹਜ਼ਾਰਾਂ ਲੋਕ ਇਕੱਠੇ ਹੋਏ ਹੋਏ ਸਨ, ਬੋਲਦਿਆਂ ਹੋਇਆਂ ਉਨ੍ਹਾਂ ਦੀਆਂ ਅੱਖਾਂ ਵਿੱਚ ਪਾਣੀ ਭਰ ਆਇਆ। ਉਹ ਕਹਿਣ ਲੱਗੇ ਕਿ ਜਿਸ ਦਿਨ ਮੈਂ ਇਹ ਜ਼ਮੀਨ ਲਈ ਸੀ, ਮੇਰਾ ਸੁਪਨਾ ਸੀ ਕਿ ਮੈਂ ਬੱਚਿਆਂ ਨੂੰ ਰੁਜ਼ਗਾਰ ਪੈਦਾ ਕਰਕੇ ਦਿਆਂਗਾ। ਡਿਪਟੀ ਸਪੀਕਰ ਸਾਹਿਬ, ਤੁਸੀਂ ਉਸ ਦਿਨ

ਦੀ ਵੀਡਿਓ ਕੱਢਵਾ ਕੇ ਦੇਖ ਲਵੋ। ਉਨ੍ਹਾਂ ਨੇ ਕਿਹਾ ਕਿ ਪਿਛਲੀ ਸਰਕਾਰ ਨੇ ਮੈਨੂੰ ਇੰਨਾ ਜ਼ਲੀਲ ਕੀਤਾ, ਮੇਰਾ ਦਿਲ ਕਰਿਆ ਕਿ ਮੈਂ ਸਾਰਾ ਕੁਝ ਸਮੇਟ ਕੇ ਪੰਜਾਬ ਵਿਚੋਂ ਚਲਾ ਜਾਵਾਂ ਅਤੇ ਮੁੜ ਕੇ ਮੈਂ ਪੰਜਾਬ ਵਿਚ ਨਾ ਵੜਾਂ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਬਹਾਦਰ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਅਤੇ ਪੰਜਾਬ ਦੇ ਸਿਆਣੇ ਖਜ਼ਾਨਾ ਮੰਤਰੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਦੇ ਉੱਦਮ ਸਦਕਾ, ਉਨ੍ਹਾਂ ਨੂੰ ਦੁਬਾਰਾ ਕਾਲ ਕੀਤੀ ਗਈ। ਉਨ੍ਹਾਂ ਨੇ ਕਿਹਾ ਕਿ ਮੈਨੂੰ ਇੱਕ ਦਿਨ ਵੀ ਕਿਸੇ ਦਫ਼ਤਰ ਵਿਚ ਧੱਕੇ ਨਹੀਂ ਖਾਣੇ ਪਏ, ਮੇਰੀਆਂ ਸਾਰੀਆਂ ਐਨ.ਓ.ਸੀਜ਼ ਇੱਕ ਸਿੰਗਲ ਵਿੰਡੋ ਸਿਸਟਮ ਰਾਹੀਂ ਅਪਰੂਵ ਹੋਈਆਂ। ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੇ 300 ਏਕੜ ਵਿੱਚ 2000 ਕਰੋੜ ਰੁਪਿਆ ਲਗਾ ਕੇ ਇੰਡਸਟਰੀਅਲ ਯੂਨਿਟਸ ਸ਼ੁਰੂ ਕੀਤੇ ਹਨ, ਜਿਸ ਨਾਲ ਇਲਾਕੇ ਦੇ 15,000 ਬੱਚਿਆਂ ਨੂੰ ਇੰਪਲਾਇਮੈਂਟ ਮਿਲੇਗੀ। ਇਸ ਦਾ ਸਿਹਰਾ ਵੀ ਮੈਂ ਪੰਜਾਬ ਦੀ ਸਰਕਾਰ ਨੂੰ ਦੇਣਾ ਚਾਹੁੰਦਾ ਹਾਂ, ਮਾਨਯੋਗ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੂੰ ਦੇਣਾ ਚਾਹੁੰਦਾ ਹਾਂ, ਮਾਨਯੋਗ ਮਨਪ੍ਰੀਤ ਸਿੰਘ ਬਾਦਲ ਜੀ ਨੂੰ..

**Mr. Deputy Speaker :** Thank you, ਸਰਦਾਰ ਹਰਦਿਆਲ ਸਿੰਘ ਜੀ। Please wind up ਕਰੋ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਕਮਾਲ ਹੈ, ਦੋਸਤੀ ਨਿਭਾ ਲਵੋ। ਥੋੜ੍ਹਾ ਜਿਹਾ ਪੰਜ-ਸੱਤ ਮਿੰਟ ਹੋਰ ਦੇ ਦਿਉ। ਕੋਈ ਗੱਲ ਨਹੀਂ, ਮੈਂ ਆਪਣੇ ਸਾਥੀਆਂ ਨੂੰ ਸਮਝਾ ਲਵਾਂਗਾ। ਪਲੀਜ਼, ਮੈਨੂੰ ਤੁਸੀਂ ਦੋ ਕੁ ਮਿੰਟ ਹੋਰ ਦਿਉ, ਜਿਹੜੀਆਂ ਜ਼ਰੂਰੀ ਗੱਲਾਂ ਹਨ ਜਿਹੜੀਆਂ ਕਰਨ ਵਾਲੀਆਂ ਹਨ..

**ਮਾਨਯੋਗ ਡਿਪਟੀ ਸਪੀਕਰ:** ਦੋ ਮਿੰਟ ਲੈ ਲਵੋ।

**Sardar Hardial Singh Kamboj :** Thank you very much. ਮੈਂ ਲਾਸਟ ਪੰਨੇ ਤੇ ਆ ਗਿਆ ਹਾਂ। ਮੈਂ ਜਿਥੇ ਬਾਕੀ ਗੱਲਾਂ ਕੀਤੀਆਂ ਹਨ, ਮੈਂ ਆਪਣੇ ਹਲਕੇ ਬਾਰੇ ਵੀ ਥੋੜ੍ਹੀ ਜਿਹੀ ਗੱਲ ਕਰਨੀ ਚਾਹੁੰਦਾ ਹਾਂ। ਮੈਂ ਕੈਪਟਨ ਅਮਰਿੰਦਰ ਸਿੰਘ ਜੀ ਦਾ ਇਸ ਵਾਸਤੇ ਵੀ ਕੋਟਾਨਿ ਕੋਟਿ ਧੰਨਵਾਦ ਕਰਦਾ ਹਾਂ ਕਿ ਬਨੂੜ ਕੈਨਾਲ, ਜਿਹੜੀ ਮੇਰੇ ਹਲਕੇ ਵਿੱਚ ਪੈਂਦੀ ਹੈ, ਪਹਿਲੀ ਕਾਂਗਰਸ ਸਰਕਾਰ ਵੇਲੇ ਉਸ ਦਾ ਨੀਂਹ ਪੱਥਰ ਵੀ ਉਨ੍ਹਾਂ ਨੇ ਹੀ ਰੱਖਿਆ ਸੀ ਪਰ ਬਾਅਦ ਵਿੱਚ ਉਹ ਬੰਦ ਕਰਵਾ ਦਿੱਤੀ ਗਈ। ਮੈਂ ਧੰਨਵਾਦ ਕਰਦਾ ਹਾਂ ਕਿ ਐਫ.ਐਮ. ਸਾਹਿਬ ਨੇ ਹੁਣ ਉਸ ਨਹਿਰ ਨੂੰ ਪੂਰਾ ਕਰਨ ਲਈ ਬਹੁਤ ਵੱਡਾ ਯੋਗਦਾਨ ਦਿੱਤਾ ਹੈ ਅਤੇ ਉਹ ਨਹਿਰ ਹੁਣ ਆਪਣੇ ਅੰਤਿਮ ਰੂਪ ਵਿਚ ਪਹੁੰਚ ਗਈ ਹੈ। ਇਨ੍ਹਾਂ ਨੇ ਹੁਣੇ ਹੀ 15 ਕਰੋੜ ਰੁਪਏ ਦੀ ਰਾਸ਼ੀ ਜਿਹੜੀ

ਦਿੱਤੀ ਹੈ, ਜਿਸ ਨਾਲ ਮੈਨੂੰ ਉਮੀਦ ਹੈ ਕਿ 15 ਅਪ੍ਰੈਲ ਤੱਕ ਉਸ ਨਹਿਰ ਵਿਚ ਪਾਣੀ ਚਲਦਾ ਹੋਵੇਗਾ ਅਤੇ ਇਲਾਕੇ ਦੀ 60,000 ਏਕੜ ਜ਼ਮੀਨ ਨੂੰ ਪਾਣੀ ਲੱਗ ਜਾਣਾ ਹੈ। ਇਸ ਨਹਿਰ ਦਾ ਪਾਣੀ ਦੋ ਹਲਕਿਆਂ ਵਿੱਚ ਜਾਣਾ ਹੈ।(ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ)

**Mr. Deputy Speaker :** Thank you, thank you.

**ਸਰਦਾਰ ਹਰਦਿਆਲ ਸਿੰਘ ਕੰਬੋਜ:** ਦੋ-ਤਿੰਨ ਦਿਨ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਜੀ ਘਨੌਰ ਵਿਖੇ ਗਏ ਸਨ, ਇਨ੍ਹਾਂ ਦਾ ਬਹੁਤ-ਬਹੁਤ ਧੰਨਵਾਦ। ਸਾਡੇ ਇਲਾਕੇ ਵਿੱਚ ਪੀਣ ਵਾਲੇ ਪਾਣੀ ਦੀ ਬਹੁਤ ਵੱਡੀ ਸਮੱਸਿਆ ਹੈ। ਉਥੇ ਪਾਣੀ 1000 ਫੁੱਟ ਤੋਂ ਵੀ ਡੂੰਘਾ ਚਲਾ ਗਿਆ ਹੈ। ਪੀਣ ਵਾਲਾ ਪਾਣੀ ਬਹੁਤ ਖਰਾਬ ਹੋ ਜਾਣ ਕਾਰਨ ਸਾਡੇ ਇਲਾਕੇ ਵਿੱਚ ਹੱਡੀਆਂ ਦੀ ਬਿਮਾਰੀ ਫੈਲ ਗਈ ਹੈ। ਇਨ੍ਹਾਂ ਨੇ 470 ਕਰੋੜ ਰੁਪਏ ਨਾਲ ਨਹਿਰੀ ਪਾਣੀ ਦੇ ਪ੍ਰਾਜੈਕਟ ਦੀ ਸ਼ੁਰੂਆਤ ਕੀਤੀ ਹੈ ਜਿਸ ਨਾਲ ਲਗਭਗ 600 ਪਿੰਡਾਂ ਨੂੰ ਫ਼ਾਇਦਾ ਪਹੁੰਚੇਗਾ। ਇਸ ਵਿੱਚ ਰਾਜਪੁਰਾ ਦੇ 100 ਪਿੰਡ, ਫਤਹਿਗੜ੍ਹ ਸਾਹਿਬ, ਬਸੀ ਪਠਾਣਾਂ, ਘਨੌਰ ਅਤੇ ਸਨੌਰ ਦੇ ਪਿੰਡ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਪੀਣ ਵਾਲਾ ਸਾਫ਼ ਸੁਥਰਾ ਪਾਣੀ ਮਿਲੇਗਾ।(ਥੰਪਿੰਗ) ਇਸ ਨਾਲ ਆਰ.ਓ. ਵੀ ਲਗਾਉਣ ਦੀ ਲੋੜ ਨਹੀਂ ਹੈ, ਮੈਂ ਇਸ ਵਾਸਤੇ ਵੀ ਧੰਨਵਾਦ ਕਰਦਾ ਹਾਂ। ਜਿਵੇਂ ਮੈਂ ਪਹਿਲਾਂ ਕਿਹਾ ਹੈ ਕਿ ਮੇਰਾ ਸ਼ਹਿਰ Gateway of Punjab ਹੈ, ਉਥੇ ਵਾਸਤੇ ਖੇਡ ਸਟੇਡੀਅਮ ਦਿੱਤਾ ਹੈ, ਉਸ ਲਈ ਵੀ ਆਪ ਜੀ ਦਾ ਧੰਨਵਾਦ। ਜੇਕਰ ਸੜਕਾਂ ਬਾਰੇ ਗੱਲ ਕਰਾਂਗਾ ਤਾਂ ਗੱਲ ਲੰਬੀ ਚਲੀ ਜਾਵੇਗੀ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਫ.ਐਮ. ਸਾਹਿਬ ਨਾਲ ਇੱਕ-ਦੋ ਗੱਲਾਂ ਕਰਨੀਆਂ ਹਨ। ਐਫ.ਐਮ. ਸਾਹਿਬ, ਤੁਸੀਂ ਮੈਨੂੰ ਇਸ ਵਾਸਤੇ ਜਵਾਬ ਦਿਓ ਪਰ ਮੈਂ ਇਹ ਵੀ ਨਹੀਂ ਕਹਿੰਦਾ ਕਿ ਹੁਣੇ ਹੀ ਦਿਓ। ਸਾਡੇ ਇਲਾਕੇ ਵਿੱਚ ਨਾਭਾ ਪਾਵਰ ਪਲਾਂਟ ਤੋਂ ਜਿਹੜੀ ਨਹਿਰ ਨਿਕਲਦੀ ਹੈ, ਉਥੋਂ ਪਾਣੀ ਆਉਂਦਾ ਹੈ। ਉਸ ਨਹਿਰ ਵਿੱਚੋਂ ਸਾਨੂੰ ਕੁਝ ਕਿਊਸਿਕ ਪਾਣੀ ਹੀ ਬਚਦਾ ਹੈ।ਉਥੇ Lift Irrigation system ਤੇ ਲਗਭਗ 7-8 ਕਰੋੜ ਰੁਪਏ ਰਾਸ਼ੀ ਦਾ ਖਰਚਾ ਹੈ। ਮੇਰੀ ਬੇਨਤੀ ਹੈ ਕਿ ਜੇਕਰ ਇਸ ਸਕੀਮ ਵਾਸਤੇ ਪੈਸਾ ਦੇ ਦਿਓ ਤਾਂ ਮੇਰੇ ਇਲਾਕੇ ਦੇ 20-25 ਪਿੰਡਾਂ ਵਿੱਚ 10,000 ਏਕੜ ਤੋਂ ਵੱਧ ਜ਼ਮੀਨ ਇਰੀਗੇਟ ਹੋਵੇਗੀ ਕਿਉਂਕਿ ਇਹ vegetable growing area ਹੈ। ਮੈਂ ਤੁਹਾਡਾ ਪਹਿਲਾਂ ਹੀ ਧੰਨਵਾਦ ਕਰਦਾ ਹਾਂ ਕਿਉਂਕਿ ਇਸ ਦੀ ਬਹੁਤ ਜ਼ਰੂਰਤ ਹੈ। ਮੈਂ ਹਮੇਸ਼ਾ ਨਾਪ-ਤੋਲ ਕੇ ਗੱਲ ਕਰਦਾ ਹਾਂ ਅਤੇ ਉਹ ਗੱਲ ਕਰਦਾ ਹਾਂ ਜਿਸ ਦੀ ਮੈਨੂੰ ਜ਼ਰੂਰਤ ਹੋਵੇ।

ਸਾਡੇ ਸ਼ਹਿਰ ਰਾਜਪੁਰਾ ਵਿੱਚ ਕੁਝ ਏਰੀਆ ਘਨੌਰ ਦਾ ਪੈ ਜਾਣ ਕਾਰਨ ਸ਼ਹਿਰ ਬਹੁਤ ਜ਼ਿਆਦਾ ਵੱਧ ਗਿਆ ਹੈ। ਕੁਝ ਪਿੰਡ ਵੀ ਸ਼ਹਿਰ ਵਿੱਚ ਇਨਕਲੂਡ ਹੋ ਗਏ ਹਨ, ਐਮ.ਐਲ.ਏ. ਘਨੌਰ ਇੱਥੇ ਬੈਠੇ ਨਹੀਂ ਹਨ, ਉਨ੍ਹਾਂ ਨੇ ਮੇਰੇ ਨਾਲੋਂ ਜ਼ਿਆਦਾ ਰੌਲਾ ਪਾਉਣਾ ਸੀ ਕਿਉਂਕਿ ਉਨ੍ਹਾਂ ਦਾ ਏਰੀਆ ਜ਼ਿਆਦਾ ਹੈ। ਸਾਢੇ 18 ਕਰੋੜ ਰੁਪਏ ਦਾ ਸੀਵਰੇਜ ਵਾਸਤੇ ਐਸਟੀਮੇਟ ਬਣ ਕੇ ਆਇਆ ਹੋਇਆ ਹੈ, ਉਹ ਜ਼ਰੂਰ ਸ਼ੁਰੂ ਕੀਤਾ ਜਾਵੇ।

**Mr. Deputy Speaker :** Please wind up ਕਰੋ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਬਸ ਜੀ, ਆਖਰੀ ਗੱਲ ਕਹਿਣੀ ਹੈ।ਸ਼੍ਰੀ ਬ੍ਰਹਮ ਮਹਿੰਦਰਾ ਜੀ ਬੈਠੇ ਹਨ, ਇਨ੍ਹਾਂ ਤੋਂ ਲੈਣਾ ਹੈ, ਇਨ੍ਹਾਂ ਨੇ ਇਕ ਟਰੋਮਾ ਸੈਂਟਰ ਵਾਸਤੇ 'ਹਾਂ' ਵੀ ਕੀਤੀ ਹੋਈ ਹੈ। ਇਸ ਦੀ ਬਹੁਤ ਜ਼ਰੂਰਤ ਹੈ ਕਿਉਂਕਿ ਇਹ ਨੈਸ਼ਨਲ ਹਾਈਵੇਅ ਹੈ ਅਤੇ ਪੰਜਾਬ ਦੀ ਐਂਟਰੀ ਹੈ। ਉਥੇ ਹਸਪਤਾਲ ਬਹੁਤ ਸੋਹਣਾ ਬਣ ਗਿਆ ਹੈ ਸਿਰਫ ਟਰੋਮਾ ਸੈਂਟਰ ਦੀ ਉਥੇ ਬਹੁਤ ਜ਼ਰੂਰਤ ਹੈ ਅਤੇ ਇਨ੍ਹਾਂ ਨੂੰ ਵੀ ਪਤਾ ਹੈ। ਹੋ ਸਕਦਾ ਹੈ ਕਿ ਇਨ੍ਹਾਂ ਦੀ ਕੋਈ ਮਜਬੂਰੀ ਹੋਵੇ ਪਰ ਮੈਨੂੰ ਉਮੀਦ ਹੈ ਕਿ ਖਜ਼ਾਨਾ ਮੰਤਰੀ ਜੀ ਦੇ ਕੋਲ ਵਾਲੀ ਸੀਟ ਹੈ, ਉਨ੍ਹਾਂ ਤੋਂ ਇੰਨੇ ਕੁ ਪੈਸੇ ਜ਼ਰੂਰ ਲੈ ਲੈਣਗੇ ਤਾਂ ਕਿ ਰਾਜਪੁਰਾ ਵਿਖੇ ਟਰੋਮਾ ਸੈਂਟਰ ਜ਼ਰੂਰ ਬਣਾਇਆ ਜਾਵੇ। ਬਨੂੜ ਦੇ ਹਸਪਤਾਲ ਨੂੰ ਵੀ ਵਧੀਆ ਤਰੀਕੇ ਦਾ ਬਣਾਇਆ ਜਾਵੇ। ਇਹ ਸਾਰਾ ਇਲਾਕਾ ਨੈਸ਼ਨਲ ਹਾਈਵੇਅ ਤੇ ਪੈਂਦਾ ਹੈ। ਇਥੋਂ ਤਿੰਨ ਨੈਸ਼ਨਲ ਹਾਈਵੇਅ ਨਿਕਲਦੇ ਹਨ - NH 1, NH 7, NH 205A, ਇਹ ਤਿੰਨ ਨੈਸ਼ਨਲ ਹਾਈਵੇਅ ਇਥੋਂ ਨਿਕਲਦੇ ਹਨ। ਇਸ ਕਰਕੇ ਮੈਂ ਇਨ੍ਹਾਂ ਹਸਪਤਾਲਾਂ ਬਾਰੇ ਬੋਲ ਰਿਹਾ ਹਾਂ। ਅਖੀਰ ਵਿੱਚ ਮੈਂ ਆਪਣੀ ਗੱਲ ਨੂੰ ਸਮਾਪਤ ਕਰਾਂਗਾ। ਜਿੱਥੇ ਇਨ੍ਹਾਂ ਤੋਂ ਮੈਂ ਇਹ ਮੰਗਾਂ ਮੰਗੀਆਂ ਹਨ, ਮੈਂ ਇਹ ਵੀ ਮੰਗ ਕਰਾਂਗਾ ਕਿ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਨੂੰ 100 ਸਾਲ ਪੂਰੇ ਹੋਣ ਲੱਗੇ ਹਨ। ਉਥੇ ਬੜੇ ਸ਼ਹੀਦਾਂ ਦਾ ਖ਼ੂਨ ਡੁੱਲ੍ਹਿਆ ਸੀ। ਸਿੱਖਾਂ ਦਾ, ਮੁਸਲਮਾਨਾਂ ਦਾ, ਹਿੰਦੂਆਂ ਦਾ, ਸਾਰੇ ਵਰਗਾਂ ਦਾ ਖ਼ੂਨ ਉਥੇ ਡੁੱਲ੍ਹਿਆ ਸੀ। ਇਕ ਬਹਾਦਰ ਯੋਧਾ ਸ਼ਹੀਦ ਊਧਮ ਸਿੰਘ ਹੋਇਆ ਸੀ, ਜਿਸ ਨੇ ਜਲ੍ਹਿਆਂ ਵਾਲੇ ਬਾਗ ਦਾ ਬਦਲਾ ਗੋਰਿਆਂ ਦੀ ਧਰਤੀ ਲੰਦਨ ਦੇ ਕੈਕਸਟਨ ਹਾਲ ਵਿੱਚ ਜਾ ਕੇ ਲਿਆ ਸੀ। ਮੁੱਖ ਮੰਤਰੀ ਸਾਹਿਬ ਦੋ ਦਿਨ ਪਹਿਲਾਂ ਗਵਰਨਰ ਸਾਹਿਬ ਦੇ ਭਾਸ਼ਣ ਤੇ ਕਨਕਲੂਡ ਕਰ ਰਹੇ ਸੀ, ਮੈਂ ਉਨ੍ਹਾਂ ਨੂੰ ਕਿਹਾ ਸੀ ਅਤੇ ਉਨ੍ਹਾਂ ਨੇ ਮੇਰੀ ਗੱਲ ਨੂੰ ਪੂਰਾ ਵੀ ਕੀਤਾ ਹੈ। ਉਨ੍ਹਾਂ ਨੇ ਸ਼ਹੀਦ ਊਧਮ ਸਿੰਘ ਦੇ ਨਾਂ ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਚੇਅਰ ਸਥਾਪਤ ਕਰਨ ਦਾ ਐਲਾਨ ਕੀਤਾ ਸੀ, ਮੈਂ ਐਫ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸੇ ਬਜਟ ਵਿਚ ਉਸ ਦੀ ਪ੍ਰੋਵੀਜ਼ਨ ਵੀ ਰੱਖੀ ਜਾਵੇ। ਅੰਤ ਵਿੱਚ ਮੈਂ ਜਿਥੇ ਮਾਨਯੋਗ ਚੀਫ਼ ਮਨਿਸਟਰ ਸਾਹਿਬ ਦਾ ਧੰਨਵਾਦ

[ਸਰਦਾਰ ਹਰਦਿਆਲ ਸਿੰਘ ਕੰਬੋਜ]

ਕਰਦਾ ਹਾਂ, ਉਥੇ ਮਾਨਯੋਗ ਖਜ਼ਾਨਾ ਮੰਤਰੀ ਸਾਹਿਬ ਦਾ ਕੋਟਾਨਿ ਕੋਟਿ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਪੰਜਾਬ ਦੀ ਜਨਤਾ ਵਾਸਤੇ ਬਹੁਤ ਹੀ ਵਧੀਆ ਬਜਟ ਦਿੱਤਾ ਹੈ। ਮੈਂ ਇਸ ਬਜਟ ਦੀ ਪੂਰਨ ਤੌਰ ਤੇ ਹਮਾਇਤ ਕਰਦਾ ਹਾਂ। ਬਹੁਤ ਬਹੁਤ ਧੰਨਵਾਦ ਜੀ।

**ਮਾਨਯੋਗ ਡਿਪਟੀ ਸਪੀਕਰ:** ਬੀਬੀ ਸਰਵਜੀਤ ਕੌਰ ਮਾਣੂਕੇ ਜੀ। ਬੀਬੀ ਜੀ, ਤੁਹਾਡੇ ਕੋਲ ਸਿਰਫ਼ ਪੰਜ ਮਿੰਟ ਹਨ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਉਂ, ਐਸ.ਸੀ.):** ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਲਈ ਸਮਾਂ ਦਿੱਤਾ ਹੈ। ਮੈਂ ਮਾਨਯੋਗ ਸਦਨ ਵਿੱਚ ਇੱਕੋ ਹੀ ਗੱਲ ਕਹਾਂਗੀ ਕਿ ਆਪਾਂ ਸਾਰਿਆਂ ਨੂੰ ਪਤਾ ਹੈ ਕਿ ਪੰਜਾਬ ਕਿਹੜੀ ਕੰਡੀਸ਼ਨ ਵਿੱਚ ਚੱਲ ਰਿਹਾ ਹੈ। ਜੇ ਆਪਾਂ ਇਸ ਡਿਸਕਸ਼ਨ ਨੂੰ ਇਸ ਤਰ੍ਹਾਂ ਲੈ ਕੇ ਚੱਲੀਏ ਕਿ ਹੁਣ ਇਸ ਕੰਡੀਸ਼ਨ ਵਿਚੋਂ ਕਿਸ ਤਰ੍ਹਾਂ ਬਾਹਰ ਨਿਕਲਣਾ ਹੈ ਤਾਂ ਸ਼ਾਇਦ ਇਸ ਦਾ ਕੋਈ ਹੱਲ ਨਿਕਲ ਆਵੇਗਾ।

ਡਿਪਟੀ ਸਪੀਕਰ ਸਾਹਿਬ, ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਸਾਲ 2018 ਵਿਚ ਸਾਡੇ ਸੂਬੇ ਦੇ 146 ਸੀ.ਐਚ.ਸੀਜ਼ ਵਿਚੋਂ 46 ਹਸਪਤਾਲਾਂ ਨੂੰ ਗਰੇਡਿੰਗ ਲਿਸਟ ਵਿਚੋਂ ਬਾਹਰ ਕੱਢ ਦਿੱਤਾ ਗਿਆ ਹੈ। ਕਿਸੇ ਵੀ ਹਸਪਤਾਲ ਨੂੰ ਗਰੇਡਿੰਗ ਲਿਸਟ ਵਿੱਚ ਪਾਉਣ ਲਈ ਉਸ ਹਸਪਤਾਲ ਵਿੱਚ ਛੇ ਡਾਕਟਰ ਤੇ ਬਾਰਾਂ ਸਟਾਫ਼ ਨਰਸਾਂ ਦੀ ਲੋੜ ਹੁੰਦੀ ਹੈ। ਜੇ ਆਪਾਂ ਇਨ੍ਹਾਂ ਹਸਪਤਾਲਾਂ ਨੂੰ ਅਪਗ੍ਰੇਡ ਨਾ ਵੀ ਕਰੀਏ ਤਾਂ ਵੀ 2 ਡਾਕਟਰ ਤੇ 6 ਨਰਸਾਂ ਕੰਪਲਸਰੀ ਹਨ ਪਰ ਬੜੇ ਦੁੱਖ ਵਾਲੀ ਗੱਲ ਹੈ ਕਿ ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਨੇ ਸਾਲ 2018 ਵਿੱਚ ਸਾਡੇ ਹਸਪਤਾਲਾਂ ਨੂੰ ਗਰੇਡਿੰਗ ਲਿਸਟ ਵਿਚੋਂ ਬਾਹਰ ਕੱਢ ਦਿੱਤਾ ਅਤੇ ਇਸ ਦੇ ਨਾਲ ਹੀ ਪੂਰੇ ਪੰਜਾਬ ਵਿਚੋਂ ਸਿਰਫ 16 ਹਸਪਤਾਲਾਂ ਨੂੰ ਪੰਜ ਗਰੇਡ ਪ੍ਰਾਪਤ ਹੋਏ ਹਨ, 35 ਨੂੰ ਤਿੰਨ ਗਰੇਡ ਪ੍ਰਾਪਤ ਹੋਏ ਹਨ। ਇਹ ਵੀ ਬੜੀ ਮਾੜੀ ਗੱਲ ਹੈ ਕਿ ਸਾਡੇ ਛੇ ਕਮਿਊਨਿਟੀ ਸੈਂਟਰਾਂ ਨੂੰ ਉਨ੍ਹਾਂ ਨੇ ਅਯੋਗ ਕਰਾਰ ਦਿੱਤਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਸਦਨ ਵਿੱਚ ਇਹ ਗੱਲ ਕਹਿਣੀ ਚਾਹੁੰਦੀ ਹਾਂ ਕਿ ਕਿਸਾਨੀ ਨੂੰ ਪਿੱਛੇ ਜਿਹੇ ਮਾਰ ਪੈ ਕੇ ਹਟੀ ਹੈ। ਰੱਬ ਨਾ ਕਰੇ ਜੇ ਕਿਸੇ ਕਿਸਾਨ ਦਾ ਬੱਚਾ ਬਿਮਾਰ ਹੋ ਜਾਵੇ, ਸਾਡੇ ਕੋਲ ਉਨ੍ਹਾਂ ਦਾ ਇਲਾਜ ਕਰਵਾਉਣ ਵਾਸਤੇ ਹਸਪਤਾਲ ਨਹੀਂ ਹਨ। ਅਸੀਂ ਵਧੀਆ ਇਲਾਜ ਕਰਵਾਉਣ ਲਈ ਸਰਕਾਰੀ ਹਸਪਤਾਲਾਂ ਵਿੱਚ ਨਹੀਂ ਜਾ ਸਕਦੇ। ਕਿਸਾਨ, ਮਜ਼ਦੂਰ ਜਾਂ ਗਰੀਬ ਵਰਗ ਹੋਵੇ, 50% ਲੋਕ ਗਰੀਬੀ ਰੇਖਾ ਤੋਂ ਥੱਲੇ ਆ ਗਏ ਹਨ ਅਤੇ ਜਦੋਂ ਕੋਈ ਬਿਮਾਰੀ ਉਨ੍ਹਾਂ ਦੇ ਪਰਿਵਾਰ ਵਿੱਚ ਆ ਜਾਵੇ ਤਾਂ ਉਨ੍ਹਾਂ ਕੋਲ ਪ੍ਰਾਈਵੇਟ ਹਸਪਤਾਲਾਂ

ਵਿੱਚ ਇਲਾਜ ਕਰਵਾਉਣ ਦੀ ਸਹਿਣ ਸ਼ਕਤੀ ਨਹੀਂ ਹੈ। ਕੁਦਰਤ ਦੀ ਵਾਰ-ਵਾਰ ਕਰੋਪੀ ਨੇ ਵੀ ਇਨ੍ਹਾਂ ਵਰਗਾਂ ਨੂੰ ਮਾਰ ਸੁੱਟਿਆ ਹੈ। ਕੁਦਰਤ ਨੇ ਤਾਂ ਮਾਰਨਾ ਹੀ ਸੀ ਪ੍ਰੰਤੂ ਜਿਹੜੀ ਸਾਡੀ ਪ੍ਰਬੰਧਨ ਪ੍ਰਣਾਲੀ ਸੀ, ਜਿਸ ਅਧੀਨ ਸਾਨੂੰ ਪ੍ਰਬੰਧ ਕਰਨੇ ਚਾਹੀਦੇ ਸੀ, ਜਿਸ ਅਧੀਨ ਉਨ੍ਹਾਂ ਨੂੰ ਅੱਗੇ ਵਧਣਾ ਚਾਹੀਦਾ ਸੀ, ਉਸ ਸਬੰਧੀ ਅਸੀਂ ਅਜੇ ਤੱਕ ਤਿਆਰ ਹੀ ਨਹੀਂ ਹੋ ਸਕੇ ਹਾਂ। ਸਾਡੇ ਸਮਾਜ ਨੂੰ ਬਹੁਤ ਹੀ ਭਿਆਨਕ ਬਿਮਾਰੀਆਂ ਮੂੰਹ ਖੋਲ੍ਹ ਕੇ ਨਿਗਲਣ ਲਈ ਆ ਰਹੀਆਂ ਹਨ, ਜਿਨ੍ਹਾਂ ਵਿੱਚ ਡੇਂਗੂ, ਸਵਾਈਨ ਫਲੂ, ਹੈਪੇਟਾਈਟਸ, ਕੈਂਸਰ ਅਤੇ ਲੇਡੀਜ਼ ਦੀਆਂ ਕਈ ਤਰ੍ਹਾਂ ਦੀਆਂ ਪ੍ਰਾਬਲਮਜ਼ ਤੋਂ ਇਲਾਵਾ ਸੈਰੇਬ੍ਰਲ ਪਾਲਸੀ, ਗਠੀਆ ਸਾਡਾ ਮੂੰਹ ਤੋੜ ਰਿਹਾ ਹੈ। ਜੇ ਅਸੀਂ ਇਨ੍ਹਾਂ ਨੂੰ ਸਮੇਂ ਸਿਰ ਨਹੀਂ ਨਜਿੱਠਿਆ ਬੇਸ਼ੱਕ ਅਸੀਂ ਜਿੰਨੀ ਮਰਜ਼ੀ ਵੱਡੀ ਇੰਡਸਟਰੀ ਖੜ੍ਹੀ ਕਰ ਲਈਏ, ਜੇ ਸਾਡਾ ਸਮਾਜ ਹੀ ਬਿਮਾਰ ਹੋ ਗਿਆ ਤਾਂ ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਇੰਡਸਟਰੀਜ਼ ਵਿੱਚ ਕਿਸ ਨੂੰ ਬਿਠਾਉਣਾ ਹੈ, ਕਿਸ ਨੂੰ ਪਾਲਣਾ ਹੈ? ਅਸੀਂ ਤੁਰਨਾ ਕਿੱਥੇ ਹੈ?

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਇਕ ਹੋਰ ਗੱਲ ਕਰਨੀ ਚਾਹੁੰਦੀ ਹਾਂ। ਮੈਂ ਪਹਿਲਾਂ ਵੀ ਇਹ ਗੱਲ ਕੀਤੀ ਸੀ ਕਿ ਕਈ ਬਿਮਾਰੀਆਂ ਤਾਂ ਸਿਰਫ਼ ਇਸ ਕਰਕੇ ਵੱਧ ਰਹੀਆਂ ਹਨ ਕਿਉਂਕਿ ਸਾਡੇ ਸਮਾਜ ਵਿਚ ਉਸ ਚੀਜ਼ ਦੀ ਇਗਨੋਰੈਂਸ ਹੈ। ਸਾਡੇ ਸਮਾਜ ਵਿਚ ਬੱਚੀਆਂ ਨੂੰ ਉਸ ਚੀਜ਼ ਲਈ ਪਰਾਪਰ ਅਵੇਅਰ ਨਹੀਂ ਕੀਤਾ ਜਾਂਦਾ। ਕਈ ਚੀਜ਼ਾਂ ਅਜਿਹੀਆਂ ਹਨ ਜਿਨ੍ਹਾਂ ਵਿੱਚ ਸਰਕਾਰ ਲੋਕਾਂ ਦੀ ਥੋੜ੍ਹੀ ਜਿਹੀ ਹੈਲਪ ਲੈ ਕੇ ਬੜੇ ਅਰਾਮ ਨਾਲ ਕਰ ਸਕਦੀ ਹੈ। ਸਾਡੇ ਕੋਲ ਆਂਗਨਵਾੜੀ ਵਰਕਰਜ਼ ਹਨ, ਆਸ਼ਾ ਵਰਕਰਜ਼ ਹਨ, ਇਨ੍ਹਾਂ ਨੇ ਡੇਲੀ ਪਿੰਡ ਪੱਧਰ ਤੇ ਹਰ ਘਰ ਵਿੱਚ ਇਕ ਜਾਂ ਦੋ ਵਾਰੀ ਅਪਰੋਚ ਕਰਨੀ ਹੁੰਦੀ ਹੈ, ਪਹੁੰਚ ਕਰਨੀ ਹੁੰਦੀ ਹੈ। ਜੇ ਇਨ੍ਹਾਂ ਆਂਗਨਵਾੜੀ ਵਰਕਰਜ਼ ਨੂੰ female hygiene ਬਾਰੇ ਨਾਲੇਜ ਅਤੇ ਦਵਾਈ ਦਿੱਤੀ ਜਾਵੇ, ਜਿਵੇਂ ਮੈਂ ਪਹਿਲਾਂ ਵੀ ਕਿਹਾ ਸੀ, ਉਹ ਲੇਡੀਜ਼ ਨੂੰ ਜ਼ਿਆਦਾ ਵਧੀਆ ਗਾਈਡ ਕਰ ਸਕਦੀਆਂ ਹਨ। ਪ੍ਰੰਤੂ ਹਾਲਤ ਇਹ ਹੈ ਕਿ ਸਾਡੇ ਸਮਾਜ ਦਾ ਤਾਣਾ-ਬਾਣਾ ਉਲਝਿਆ ਪਿਆ ਹੈ। ਆਪਾਂ ਬੇਸ਼ੱਕ ਫਾਈਨਾਂਸ ਮੰਤਰੀ ਸਾਹਿਬ ਨੂੰ ਕਹਿ ਵੀ ਦੇਈਏ ਕਿ ਸਾਨੂੰ ਇਹ ਚਾਹੀਦਾ ਹੈ, ਸਾਨੂੰ ਉਹ ਚਾਹੀਦਾ ਹੈ ਸ਼ਾਇਦ ਉਹ ਵਿੱਤੋਂ ਬਾਹਰ ਹੋ ਕੇ ਕਰ ਵੀ ਦੇਣ ਪਰ ਸਾਨੂੰ ਵੀ ਦੇਖਣਾ ਚਾਹੀਦਾ ਹੈ ਕਿ ਸਾਡੇ ਬਜਟ ਦਾ ਵੱਡਾ ਹਿੱਸਾ ਅਸੀਂ ਆਪਣੀ ਰੋਟੀ ਦੀ ਜ਼ਰੂਰਤ ਤੇ ਹੀ ਕੱਢ ਰਹੇ ਹਾਂ। ਜਿਹੜੇ ਮੁਲਾਜ਼ਮ ਧਰਨਿਆਂ ਤੇ ਬੈਠਦੇ ਹਨ, ਸਾਨੂੰ ਆਪਣੇ ਮੈਨੀਫੈਸਟੋ ਦੇ ਵਿੱਚ ਇਨ੍ਹਾਂ ਚੀਜ਼ਾਂ ਨੂੰ ਲਿਆਉਣ ਤੇ ਕੰਟਰੋਲ ਕਰਨਾ ਚਾਹੀਦਾ ਹੈ। ਉਸ ਚੀਜ਼ ਤੇ ਪਹਿਲਾਂ ਰਿਵਿਊ ਕਰਨਾ ਚਾਹੀਦਾ ਹੈ। ਮੇਰੀ ਤੁਹਾਡੇ ਮਾਰਫ਼ਤ ਇੱਕੋ ਹੀ ਬੇਨਤੀ ਹੈ ਕਿ ਸਾਡੇ ਬੱਚੇ ਸਰਕਾਰੀ ਹਸਪਤਾਲਾਂ ਵਿੱਚ ਘੱਟ

ਫ਼ੀਸ ਤੇ ਪੜ੍ਹਦੇ ਹਨ ਜਦਕਿ ਬਾਹਰ ਫ਼ੀਸ ਬਹੁਤ ਮਹਿੰਗੀ ਹੈ ਪਰ ਜਦੋਂ ਉਨ੍ਹਾਂ ਨੇ ਸਰਵਿਸ ਕਰਨੀ ਹੁੰਦੀ ਹੈ ਤਾਂ ਉਹ ਸਰਕਾਰੀ ਹਸਪਤਾਲਾਂ ਵਿੱਚ ਨਹੀਂ ਕਰਨਾ ਚਾਹੁੰਦੇ ਕਿਉਂਕਿ ਉਨ੍ਹਾਂ ਨੂੰ ਉਥੇ appropriate ਮਾਹੌਲ ਨਹੀਂ ਮਿਲਦਾ, ਉਹ ਬਾਹਰ ਜਾਣਾ ਪਸੰਦ ਕਰਦੇ ਹਨ। ਜੇ ਅਸੀਂ ਸਾਰੇ ਰਲ ਕੇ ਕਿਸੇ ਨਾ ਕਿਸੇ ਤਰ੍ਹਾਂ ਦੀ ਪ੍ਰੋਵੀਜ਼ਨ ਕਰ ਲਈਏ ਕਿ ਕਿਸੇ ਨਾ ਕਿਸੇ ਤਰੀਕੇ ਉਹ ਆਪਣੇ ਦੇਸ਼ ਦੀ ਘੱਟੋ-ਘੱਟ 6 ਮਹੀਨੇ ਤਾਂ ਸੇਵਾ ਕਰ ਸਕਣ ਤਾਂ ਸ਼ਾਇਦ ਕੋਈ ਹੱਲ ਨਿਕਲ ਸਕਦਾ ਹੈ।

**Mr. Deputy Speaker :** Thank you ਜੀ, ਸਰਦਾਰ ਕੁਲਦੀਪ ਸਿੰਘ ਵੈਦ। ਵੈਦ ਜੀ, ਤੁਹਾਡੇ ਕੋਲ 10 ਮਿੰਟ ਦਾ ਟਾਈਮ ਹੈ।

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ) (ਗਿੱਲ,ਐਸ.ਸੀ.):** ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਟਾਈਮ ਦਿੱਤਾ ਹੈ। ਮੈਂ ਤਿੰਨ ਘੰਟੇ ਤੋਂ ਇਸ ਸਦਨ ਵਿੱਚ ਬੈਠਾ ਹਾਂ ਅਤੇ ਆਪਣੇ ਟਾਈਮ ਦੀ ਵੇਟ ਕਰ ਰਿਹਾ ਹਾਂ। ਮੈਂ ਬੇਨਤੀ ਕਰਾਂਗਾ ਕਿ 2-3 ਬੜੇ ਅਹਿਮ ਮੁੱਦੇ ਹਨ ਜਿਨ੍ਹਾਂ ਉੱਤੇ ਮੈਂ ਬੋਲਣਾ ਚਾਹੁੰਦਾ ਹਾਂ ਜਿਸ ਵਿੱਚ ਤੁਹਾਡਾ ਵੀ ਬੈਨੀਫਿਟ ਹੈ ਅਤੇ ਸਾਰੇ ਐਮ.ਐਲ.ਏਜ਼. ਦਾ ਵੀ ਬੈਨੀਫਿਟ ਹੈ। ਇਸ ਲਈ ਟਾਈਮ ਦਾ ਥੋੜ੍ਹਾ ਜਿਹਾ ਜ਼ਰੂਰ ਧਿਆਨ ਰੱਖਿਓ ਕਿਉਂਕਿ ਇਹ ਪੰਜਾਬ ਦੇ ਬੜੇ ਅਹਿਮ ਮੁੱਦੇ ਹਨ। ਅਕਸਰ ਜਦੋਂ ਦਲਿਤਾਂ ਦੀ ਗੱਲ ਹੁੰਦੀ ਹੈ, ਪੱਛੜੇ ਹੋਏ ਸਮਾਜ ਦੀ ਗੱਲ ਹੁੰਦੀ ਹੈ ਤਾਂ ਉਥੇ ਕਾਂਗਰਸ ਪਾਰਟੀ ਦਾ ਜ਼ਿਕਰ ਆਉਂਦਾ ਹੈ। ਚਾਹੇ ਕਾਂਗਰਸ ਪਾਰਟੀ ਸੈਂਟਰ ਵਿੱਚ ਪਾਵਰ ਵਿੱਚ ਹੋਵੇ ਜਾਂ ਪੰਜਾਬ ਵਿੱਚ ਹੋਵੇ, ਬਾਬਾ ਸਾਹਿਬ ਅੰਬੇਦਕਰ ਨੂੰ ਬਹੁਤ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਨੇ Constitution ਬਣਾਇਆ, ਉਨ੍ਹਾਂ ਨੇ ਪਛਾੜੇ ਹੋਏ ਲੋਕਾਂ ਵਾਸਤੇ, ਜਿਨ੍ਹਾਂ ਦਾ ਕੋਈ ਵਾਲੀ-ਵਾਰਸ ਨਹੀਂ ਸੀ, ਉਨ੍ਹਾਂ ਨੂੰ ਰਿਜ਼ਰਵੇਸ਼ਨ ਦਿੱਤੀ। ਬਾਬਾ ਸਾਹਿਬ ਅੰਬੇਦਕਰ ਦਾ ਲੋਕ ਧੰਨਵਾਦ ਕਰਦੇ ਹਨ, ਉਨ੍ਹਾਂ ਨੂੰ ਮੰਨਦੇ ਹਨ। ਉਥੇ ਹੀ ਮੈਂ ਪੰਡਿਤ ਜਵਾਹਰ ਲਾਲ ਨਹਿਰੂ ਜੀ ਦਾ ਵੀ ਅਤੇ ਉਨ੍ਹਾਂ ਦੇ ਸਾਥੀਆਂ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹਾਂ ਕਿਉਂਕਿ ਬਾਬਾ ਸਾਹਿਬ ਅੰਬੇਦਕਰ ਜੀ ਨੇ Constitution ਬਣਾਉਣ ਸਮੇਂ ਜੋ ਪ੍ਰੋਵੀਜ਼ਨਜ਼ ਰੱਖੀਆਂ, ਉਸ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਉਨ੍ਹਾਂ ਦੇ ਸਾਥੀਆਂ ਦਾ ਵੀ ਬਹੁਤ ਵੱਡਾ ਯੋਗਦਾਨ ਸੀ। ਉਨ੍ਹਾਂ ਨੂੰ ਵੀ ਉਸ ਸਮੇਂ ਪਤਾ ਸੀ ਕਿ ਹਿੰਦੁਸਤਾਨ ਦੀ ਤਰੱਕੀ ਉਦੋਂ ਹੋਵੇਗੀ, ਜਦੋਂ ਸਾਡੇ ਦਲਿਤ ਪਰਿਵਾਰ, ਸਾਡੇ ਪਛਾੜੇ ਹੋਏ ਵੀਰ ਤਰੱਕੀ ਕਰਨਗੇ।

ਸਭ ਤੋਂ ਪਹਿਲਾਂ ਮੈਂ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੂੰ ਮੁਬਾਰਕਬਾਦ ਦੇਣੀ ਚਾਹਾਂਗਾ, ਪਿਛਲੀ ਵਾਰ ਜਦੋਂ ਬਜਟ ਪੇਸ਼ ਹੋਇਆ ਸੀ, ਸਾਡੇ ਐਕਸ ਡਿਪਟੀ

ਸੀ.ਐਮ. ਅਤੇ ਐਕਸ ਫਾਇਨਾਂਸ ਮਨਿਸਟਰ ਇੱਥੇ ਮੌਜੂਦ ਨਹੀਂ ਸਨ। ਇੱਥੇ ਬੜਾ hue and cry ਕੀਤਾ ਗਿਆ। ਸਰਦਾਰ ਮਨਪ੍ਰੀਤ ਸਿੰਘ ਬਾਦਲ ਦੇ character ਉੱਤੇ ਅਤੇ ਉਨ੍ਹਾਂ ਦੀ ਕਾਬਲੀਅਤ ਦੇ ਬਾਰੇ ਬੜਾ ਕੁਝ ਕਿਹਾ ਗਿਆ। ਮੈਂ ਉਦੋਂ ਵੀ ਇਹ ਗੱਲ ਕਹੀ ਸੀ ਕਿ ਉਹ ਸਮਾਂ ਸੀ ਜਦੋਂ ਸਰਦਾਰ ਮਨਪ੍ਰੀਤ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦਾ ਬਜਟ ਪੇਸ਼ ਕਰਦੇ ਹੁੰਦੇ ਸਨ ਤੇ ਉਦੋਂ ਦੇ ਮੁੱਖ ਮੰਤਰੀ, ਉਦੋਂ ਦੇ ਡਿਪਟੀ ਮੁੱਖ ਮੰਤਰੀ ਤਾਰੀਫ਼ਾਂ ਕਰਨੋਂ ਨਹੀਂ ਹਟਦੇ ਸੀ। ਅੱਜ ਢੀਂਡਸਾ ਸਾਹਿਬ ਬੈਠੇ ਨਹੀਂ ਹਨ, ਮੈਂ ਚਾਹੁੰਦਾ ਸੀ ਕਿ ਉਹ ਇੱਥੇ ਸਾਹਮਣੇ ਹੁੰਦੇ ਕਿਉਂਕਿ ਉਨ੍ਹਾਂ ਨੂੰ ਬਜਟ ਦਾ ਵੀ ਗਿਆਨ ਹੈ ਅਤੇ ਇਕਨਾਮਿਕਸ ਦਾ ਵੀ ਗਿਆਨ ਹੈ। ਬਦਕਿਸਮਤੀ ਹੈ ਕਿ ਆਪੋਜ਼ੀਸ਼ਨ ਦਾ ਕੰਮ ਇਹੀ ਹੈ ਕਿ ਬਜਟ ਪੜ੍ਹੋ, ਇਸ ਦੀਆਂ ਫਿੱਗਰਜ਼ ਪੜ੍ਹੋ ਤੇ ਕ੍ਰਿਟੀਸੀਜ਼ਮ ਸ਼ੁਰੂ ਕਰ ਦਿਓ। ਇਥੇ ਮੇਰੇ ਆਮ ਆਦਮੀ ਪਾਰਟੀ ਦੇ ਵੀਰ ਵੀ ਬੈਠੇ ਹਨ। ਮੈਂ ਗੁਸਤਾਖੀ ਕਰਾਂਗਾ ਕਿ ਸਾਡੇ ਬੜੇ ਬੰਦਿਆਂ ਨੂੰ ਇਕਨਾਮਿਕਸ ਦਾ ਪਤਾ ਹੀ ਨਹੀਂ ਹੁੰਦਾ। ਉਹ ਫਿੱਗਰਜ਼ ਬਜਟ ਦੀਆਂ ਪੜ੍ਹਦੇ ਹਨ ਕਿ ਇੱਥੇ ਫਲਾਣਾ ਨਹੀਂ ਹੋਇਆ, ਇਥੇ ਫਲਾਣਾ ਨਹੀਂ ਹੋਇਆ ਪਰ ਮੁਆਫ਼ ਕਰਨਾ brother, I am very sorry for that, ਢੀਂਡਸਾ ਸਾਹਿਬ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਇੱਕ ਗੱਲ ਐਡਮਿਟ ਕੀਤੀ ਕਿ ਸਾਨੂੰ ਨਹੀਂ ਪਤਾ ਕਿ ਪੰਜਾਬ ਕਿੱਧਰ ਨੂੰ ਜਾ ਰਿਹਾ ਹੈ। ਭਾਈ, ਜਿੱਧਰ ਨੂੰ ਤੁਸੀਂ ਤੋਰਿਆ ਸੀ, ਉੱਧਰ ਨੂੰ ਗਿਆ ਪਰ ਅਸੀਂ ਤਾਂ ਰੋਕਿਆ ਹੈ। ਮੈਂ ਕੈਪਟਨ ਅਮਰਿੰਦਰ ਸਿੰਘ ਜੀ ਦਾ ਅਤੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਦਾ ਧੰਨਵਾਦੀ ਹਾਂ। ਯਾਰ! ਥੋੜ੍ਹਾ ਜਿਹਾ ਥਪਥਪਾ ਦਿਓ, (ਟਰੇਜ਼ਰੀ ਬੈਂਚਿੰਜ਼ ਵਲੋਂ ਥੰਪਿੰਗ) ਮੈਂ ਚਾਹੁੰਦਾ ਸੀ ਕਿ ਸਾਡੇ ਜ਼ਿਆਦਾ ਮੈਂਬਰ ਬੈਠੇ ਹੁੰਦੇ ਤਾਂ ਪਤਾ ਲਗਦਾ ਕਿ ਸਰਦਾਰ ਮਨਪ੍ਰੀਤ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਜੀ ਦੀ ਕੀ ਸੋਚ ਸੀ। ਢੀਂਡਸਾ ਸਾਹਿਬ ਨੂੰ ਚਾਹੀਦਾ ਸੀ ਕਿ ਇੱਥੇ ਬੈਠੇ ਹੁੰਦੇ। ਮੇਰੇ ਵੀਰਾਂ ਨੇ ਜਿੱਧਰ ਨੂੰ ਪੰਜਾਬ ਪਿਛਲੇ 10 ਸਾਲਾਂ ਵਿੱਚ ਤੋਰਿਆ ਸੀ, ਅਸੀਂ ਤਾਂ ਉਸ ਨੂੰ ਬਰੇਕਾਂ ਲਾਈਆਂ ਹਨ।

**ਸ਼੍ਰੀ ਅਮਨ ਅਰੋੜਾ:** ਇਕਨਾਮਿਕਸ ਬਾਰੇ ਥੋੜ੍ਹਾ ਜਿਹਾ ਦੱਸ ਦਿਓ ਜੀ। (ਹਾਸਾ)

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ) :** ਮੈਂ ਇਸ ਬਾਰੇ ਬੋਲਣਾ ਹੈ ਅਤੇ ਅੱਜ ਤਾਂ ਮੈਂ ਧੱਕੇ ਨਾਲ ਬੋਲਣਾ ਹੈ ਕਿਉਂਕਿ ਮਸਾਂ ਤਾਂ ਟਾਈਮ ਮਿਲਿਆ ਹੈ। First timer ਨੂੰ ਤਾਂ ਜ਼ਿਆਦਾ ਟਾਈਮ ਦੇਣਾ ਚਾਹੀਦਾ ਹੈ। ਹਰ ਵਾਰ ਇਸੇ ਤਰ੍ਹਾਂ ਹੀ ਟਾਈਮ ਲੰਘ ਜਾਂਦਾ ਹੈ। ਇਹ ਜਿਹੜਾ ਬਜਟ ਹੈ, ਇਸ ਦੀ ਇਕਨਾਮਿਕਸ ਬਾਰੇ ਸ਼੍ਰੋਮਣੀ ਅਕਾਲੀ ਦਲ ਦੇ ਸਾਡੇ ਪੁਰਾਣੇ ਫਾਈਨਾਂਸ ਮਨਿਸਟਰ ਅਤੇ even ਕੁਝ ਆਮ ਆਦਮੀ ਪਾਰਟੀ ਦੇ ਵੀਰਾਂ ਨੂੰ ਮੈਂ challenge ਕਰਦਾ ਹਾਂ ਕਿ ਇਸ ਨੂੰ ਪਰਾਪਰ ਸਟੱਡੀ ਕਰਕੇ ਆਇਆ ਕਰੋ। ਮੈਂ challenge ਕਰਦਾ ਹਾਂ ਕਿ ਜੇ ਇਨ੍ਹਾਂ

ਨੂੰ ਬਜਟ ਦੇ ਦਿੱਤਾ ਜਾਵੇ ਤਾਂ ਇਹ ਇਸ ਬਜਟ ਦਾ 10% ਕੰਮ ਵੀ ਨਹੀਂ ਕਰ ਸਕਦੇ। ਇਹ ਕੈਪਟਨ ਅਮਰਿੰਦਰ ਸਿੰਘ ਜੀ ਨੇ ਕੀਤਾ, ਇਹ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਕੀਤਾ ਹੈ।(ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਕਈਆਂ ਨੂੰ ਤਾਂ ਸ਼ਾਇਦ ਇਕਨਾਮਿਕਸ ਦੇ ਸਪੈਲਿੰਗ ਵੀ ਨਾ ਆਉਂਦੇ ਹੋਣ।

ਡਿਪਟੀ ਸਪੀਕਰ ਸਾਹਿਬ, ਪੋਸਟ ਮੈਟ੍ਰਿਕ ਅਤੇ ਪ੍ਰੀ ਮੈਟ੍ਰਿਕ ਦੇ ਐਸ.ਸੀ. ਅਤੇ ਓ.ਬੀ.ਸੀ. ਵਿਦਿਆਰਥੀਆਂ ਲਈ ਸਕਾਲਰਸ਼ਿਪ ਵਾਸਤੇ 938.71 ਕਰੋੜ ਰੁਪਏ ਰੱਖੇ ਗਏ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬਾਦਲ ਸਾਹਿਬ ਨੂੰ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੀ ਅਬਾਦੀ 3 ਕਰੋੜ 4 ਲੱਖ ਹੈ। ਜਿਸ ਵਿੱਚੋਂ ਤਕਰੀਬਨ 94 ਲੱਖ ਸਾਡਾ ਐਸ.ਸੀ. ਭਾਈਚਾਰਾ ਹੈ। ਮੇਰੀ ਸੋਚ ਹੈ ਕਿ ਤੁਹਾਡੇ ਮੁਤਾਬਕ ਤਾਂ ਵਧੀਆ ਹੈ ਪਰ ਇਸ ਨੂੰ ਜ਼ਰੂਰ ਵਧਾਇਆ ਜਾਵੇ ਤਾਂ ਕਿ ਉਹ ਪ੍ਰਾਪਰ ਢੰਗ ਨਾਲ ਬੁੱਕਸ ਵੀ ਲੈ ਸਕਣ, ਵਰਦੀਆਂ ਵੀ ਲੈ ਸਕਣ ਅਤੇ ਆਪਣੀ ਹਾਇਰ ਸਟੱਡੀਜ਼ ਵਿੱਚ ਵੀ ਅੱਗੇ ਵਧ ਸਕਣ। ਇਹ ਬਹੁਤ ਵਧੀਆ ਉਪਰਾਲਾ ਤੁਸੀਂ ਕੀਤਾ ਹੈ ਪਰ ਮੇਰੀ ਸੋਚ ਹੈ ਕਿ ਇਹ ਵਧਾਇਆ ਜਾਣਾ ਚਾਹੀਦਾ ਹੈ।

**ਸ਼੍ਰੀ ਬੁੱਧ ਰਾਮ (ਬੈਠੇ-ਬੈਠੇ) :** ਇਹੀ ਗੱਲ ਤਾਂ ਕਹੀ ਸੀ।

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ) :** ਜਿਹੜੀ ਤੁਹਾਡੀ ਚੰਗੀ ਗੱਲ ਹੈ, ਜ਼ਰੂਰ ਐਪਰੀਸੀਏਟ ਕਰਾਂਗੇ। ਜਿਹੜੀ ਤੁਸੀਂ ਚੰਗੀ ਗੱਲ ਕਹਿੰਦੇ ਹੋ, ਅਸੀਂ ਮੰਨਦੇ ਹਾਂ ਪਰ ਤੁਸੀਂ ਵੀ ਮੰਨਿਆ ਕਰੋ। ਸਰਦਾਰ ਮਨਪ੍ਰੀਤ ਸਿੰਘ ਬਾਦਲ ਦਾ ਬਜਟ ਐਪਰੀਸੀਏਟ ਕਰੋ। ਦੋ ਛੁੱਟੀਆਂ ਹਨ, ਇੱਕ ਵਾਰੀ ਜਾ ਕੇ ਦੁਬਾਰਾ ਬਜਟ ਪੜ੍ਹ ਲਓ, ਸੋਮਵਾਰ ਨੂੰ ਆ ਕੇ ਤਾਰੀਫ਼ ਜ਼ਰੂਰ ਕਰਿਉ ਕਿ ਬਹੁਤ ਵਧੀਆ ਬਜਟ ਦਿੱਤਾ ਹੈ। ਇੰਨੀ ਵਧੀਆ ਸੋਚ ਹੈ, ਇਕੱਲੀਆਂ ਫਿੱਗਰਾਂ ਨਾਲ ਨਹੀਂ ਗੱਲਾਂ ਬਣਨੀਆਂ.....

**ਸ਼੍ਰੀ ਬੁੱਧ ਰਾਮ :** ਪੁਆਇੰਟ ਆਫ਼ ਆਰਡਰ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਬੁੱਧ ਰਾਮ, ਸਰਦਾਰ ਜਗਦੇਵ ਸਿੰਘ ਅਤੇ ਸਰਦਾਰ ਜੈ ਕ੍ਰਿਸ਼ਨ ਸਿੰਘ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਆਗਿਆ ਮੰਗ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ :** ਤੁਸੀਂ ਬੈਠੋ।

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ) :** ਸੁਣੋ, ਸੁਣੋ, ਸੁਣੋ। ਇਕੱਲੀਆਂ ਫਿੱਗਰਾਂ ਨਾਲ ਨਹੀਂ ਗੱਲਾਂ ਬਣਨੀਆਂ, ਕ੍ਰਿਟੀਸਿਜ਼ਮ ਨਾਲ ਗੱਲ ਨਹੀਂ ਬਣਨੀ।(ਵਿਘਨ, ਸ਼ੋਰ) ਮੇਰੇ ਨਾਲ ਇਸ ਬਜਟ ਤੇ ਡਿਬੇਟ ਕਰ ਲਓ, ਆਪਾਂ ਬਾਹਰ ਬੈਠ ਜਾਂਦੇ ਹਾਂ।(ਵਿਘਨ, ਸ਼ੋਰ)

**Mr. Deputy Speaker :** Kuldeep ji, please carry on. (ਵਿਘਨ, ਸ਼ੋਰ) No point of order. ਤੁਸੀਂ ਬੈਠ ਜਾਉ।

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ):** ਡਿਪਟੀ ਸਪੀਕਰ ਸਾਹਿਬ, ਮੈਂ ਨਵਾਂ ਹਾਂ, ਹਾਲੇ ਦੋ ਸਾਲ ਹੀ ਹੋਏ ਹਨ, ਕੋਈ ਗਲਤੀ ਹੋਈ ਹੈ ਤਾਂ ਮੁਆਫ਼ੀ ਮੰਗ ਲੈਂਦੇ ਹਾਂ। ਮੈਂ ਤੁਹਾਡੇ ਰਾਹੀਂ ਮਾਨਯੋਗ ਐਫ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹ ਜਿਹੜਾ 938.71 ਕਰੋੜ ਰੁਪਿਆ ਹੈ, ਇਸ ਨੂੰ ਘੱਟੋ ਘੱਟ 1,500 ਕਰੋੜ ਕਰਨਾ ਚਾਹੀਦਾ ਹੈ। ਐਸ.ਸੀ. ਪੋਸਟਾਂ ਦਾ 4763 ਦਾ ਬੈਕਲਾਗ ਹੈ। ਕਾਫ਼ੀ ਰਿਕਰੂਟਮੈਂਟ ਹੋਈ ਹੈ ਪਰ ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਜਲਦੀ ਤੋਂ ਜਲਦੀ ਭਰਿਆ ਜਾਵੇ। ਜੇ ਪੰਜਾਬ ਦਾ ਵਿਕਾਸ ਚਾਹੁੰਦੇ ਹਾਂ, ਹਿੰਦੁਸਤਾਨ ਦਾ ਵਿਕਾਸ ਚਾਹੁੰਦੇ ਹਾਂ ਤਾਂ ਇਹ ਜਿਹੜੀਆਂ ਪੋਸਟਾਂ ਹਨ, ਇਨ੍ਹਾਂ ਨੂੰ ਭਰਿਆ ਜਾਣਾ ਚਾਹੀਦਾ ਹੈ।

ਇੱਕ ਹੋਰ ਬੜਾ ਅਹਿਮ ਮੁੱਦਾ ਬੁੱਢੇ ਨਾਲੇ ਦਾ ਹੈ। ਬੁੱਢੇ ਨਾਲੇ ਵਾਸਤੇ ਇਸ ਬਜਟ ਵਿੱਚ 4 ਕਰੋੜ ਰੁਪਏ ਦੀ ਪ੍ਰੋਵੀਜ਼ਨ ਰੱਖੀ ਗਈ ਹੈ। ਐਨ.ਐਚ.ਐਮ. ਲਈ 978 ਕਰੋੜ ਰੁਪਿਆ ਅਤੇ ਕੈਂਸਰ ਇੰਸਟੀਚਿਊਟ ਵਾਸਤੇ 60 ਕਰੋੜ ਰੁਪਿਆ ਰੱਖਿਆ ਗਿਆ ਹੈ। ਮੇਰੀ ਬੇਨਤੀ ਹੈ ਕਿ ਅਸੀਂ ਇੰਨਾ ਪੈਸਾ ਰੱਖਿਆ ਹੈ, ਬੜੀ ਚੰਗੀ ਗੱਲ ਹੈ we appreciate ਕਿ ਐਨ.ਐਚ.ਐਮ. ਵਾਸਤੇ ਅਤੇ ਇੰਸਟੀਚਿਊਟ ਵਾਸਤੇ ਇੰਨੇ ਪੈਸੇ ਰੱਖੇ ਹਨ ਪਰ ਮੈਂ ਤੁਹਾਡੇ ਰਾਹੀਂ ਐਫ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਬੁੱਢੇ ਨਾਲੇ ਤੋਂ 80% ਕੈਂਸਰ ਰੋਗਾਂ ਦਾ ਓਰੀਜਿਨ ਹੁੰਦਾ ਹੈ। ਜੇ ਅਸੀਂ ਬੁੱਢਾ ਨਾਲਾ ਸੰਭਾਲ ਲਈਏ, ਸਮਾਰਟ ਸਿਟੀ ਲੁਧਿਆਣਾ ਦੀ ਗੱਲ ਕੀਤੀ ਗਈ ਹੈ, ਲੁਧਿਆਣਾ ਸਮਾਰਟ ਸਿਟੀ ਤਾਂ ਹੀ ਬਣਨਾ ਹੈ ਜੇਕਰ ਬੁੱਢੇ ਨਾਲੇ ਦਾ ਵਿਕਾਸ ਹੋਵੇਗਾ। ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਐਫ.ਐਮ. ਸਾਹਿਬ ਦੇ ਥਰੂ ਕੋਈ ਕਮੇਟੀ ਬਣਾ ਦਿਉ ਨਹੀਂ ਤਾਂ ਆਪਾਂ ਸਮਾਰਟ ਵਰਡ ਹੀ ਭੁੱਲ ਜਾਵਾਂਗੇ ਸ਼ਾਇਦ ਸਿਟੀ ਵੀ ਨਾ ਬਚੇ। ਮੇਰੀ ਬੇਨਤੀ ਹੈ ਕਿ ਜਿਹੜਾ ਬੁੱਢਾ ਨਾਲਾ ਹੈ, ਇਸ ਵੱਲ ਧਿਆਨ ਦੇਈਏ। ਇਹ ਇਕੱਲੇ ਲੁਧਿਆਣਾ ਦੀ ਪ੍ਰਾਬਲਮ ਨਹੀਂ ਹੈ, ਮੇਰੇ ਗਿੱਲ ਹਲਕੇ ਵਿੱਚੋਂ ਵੀ ਬੁੱਢਾ ਨਾਲਾ ਲੰਘਦਾ ਹੈ, ਉਸ ਦੀ ਬਹੁਤ ਮਾੜੀ ਦੁਰਦਸ਼ਾ ਹੈ। ਜੇ ਅਸੀਂ ਵਾਕਿਆ ਹੀ ਪੰਜਾਬ ਦਾ ਭਲਾ ਚਾਹੁੰਦੇ ਹਾਂ, ਜਿੱਥੇ ਆਪਾਂ ਇੰਨੇ ਪੈਸੇ ਰੱਖੇ ਹਨ, ਉਸ ਨਾਲੇ ਨੂੰ ਵੀ ਸੰਵਾਰਨਾ ਚਾਹੀਦਾ ਹੈ।

ਮੈਂ ਚਾਹੁੰਦਾ ਸੀ ਕਿ ਪੰਜਾਬੀ ਵਾਸਤੇ ਬਜਟ ਵਿੱਚ ਵੱਧ ਪ੍ਰੋਵੀਜ਼ਨ ਹੁੰਦੀ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਅੱਜ ਪੰਜਾਬ ਦੀ ਹਾਲਤ ਇਹ ਹੈ ਕਿ ਜਿਹੜੇ ਸਾਡੇ ਪ੍ਰਾਈਵੇਟ ਸਕੂਲਜ਼ ਹਨ, ਉਨ੍ਹਾਂ

ਵਿੱਚ ਪੰਜਾਬੀ ਨੂੰ ਹੇਠ ਕਰਨਾ ਸਿਖਾਇਆ ਜਾਂਦਾ ਹੈ। No doubt ਅੰਗਰੇਜ਼ੀ ਜ਼ਰੂਰੀ ਹੈ, ਮੈਂ ਵੀ ਪੜ੍ਹਿਆ ਹਾਂ ਅਤੇ ਅੱਜ ਗਲੋਬਲਾਈਜ਼ੇਸ਼ਨ ਕਾਰਨ ਬੱਚਿਆਂ ਨੇ ਆਈਲੈਟਸ ਦੇ ਥਰੂ ਅੰਗਰੇਜ਼ੀ ਦਾ ਐਗਜ਼ਾਮ ਦੇ ਕੇ ਬਾਹਰ ਵੀ ਜਾਣਾ ਹੈ ਪਰ ਪੰਜਾਬੀ ਵਿੱਚ ਜਿੰਨਾ ਕੰਮ ਹੋਣਾ ਚਾਹੀਦਾ ਹੈ, ਉਹ ਨਹੀਂ ਹੋ ਰਿਹਾ। ਪੰਜਾਬੀ ਜਿਹੜੀ ਸਾਡੀ ਮਾਤ ਭਾਸ਼ਾ ਹੈ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੂੰ ਪੰਜਾਬੀ ਬੋਲੀ ਵਾਸਤੇ ਜਿੰਨੀਆਂ ਵੀ ਪ੍ਰੋਵੀਜ਼ਨ ਹਨ, ਉਨ੍ਹਾਂ ਨੂੰ ਸਟ੍ਰਿਕਟਲੀ ਲਾਗੂ ਕਰਨਾ ਚਾਹੀਦਾ ਹੈ। ਮੈਂ ਪਰਸੋਂ ਟੀ.ਵੀ. ਤੇ ਡਿਬੇਟ ਦੇਖ ਰਿਹਾ ਸੀ, ਉਹ ਗੱਲ ਕਰਦੇ ਸੀ ਕਿ ਸ਼ਾਇਦ ਪੰਜਾਬੀ, ਜਿਹੜੀ ਸਾਡੀ ਬੋਲੀ ਹੈ, ਮਾਤ ਭਾਸ਼ਾ ਹੈ, ਉਹ ਅਲੋਪ ਹੋ ਜਾਵੇਗੀ। ਮੈਂ ਉਨ੍ਹਾਂ ਵੀਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਕਦੇ ਵੀ ਇਹ ਭਾਸ਼ਾ ਅਲੋਪ ਨਹੀਂ ਹੋਵੇਗੀ ਪਰ ਜੇ ਇਹੀ ਕੰਡੀਸ਼ਨ ਰਹੀ ਤਾਂ ਸ਼ਾਇਦ ਕਈ ਵਾਰੀ ਮੇਰੇ ਮਨ ਵਿੱਚ ਵੀ ਵਿਚਾਰ ਆਉਂਦਾ ਹੈ ਕਿ ਜਿਹੜੀ ਪੰਜਾਬੀ ਭਾਸ਼ਾ ਹੈ, ਇਹ ਸੌ-ਦੋ ਸੌ ਸਾਲ ਤੱਕ ਕਿਤੇ ਐਲੀਮੀਨੇਟ ਹੀ ਨਾ ਹੋ ਜਾਵੇ। ਇਸ ਤੇ ਸਾਨੂੰ ਕੰਮ ਕਰਨ ਦੀ ਜ਼ਰੂਰਤ ਹੈ।

ਡਿਪਟੀ ਸਪੀਕਰ ਸਾਹਿਬ, ਇੱਕ ਬਹੁਤ ਹੀ ਅਹਿਮ ਮੁੱਦਾ ਸਾਡੀ ਬਿਊਰੋਕ੍ਰੇਸੀ ਅਤੇ ਚੁਣੇ ਹੋਏ ਨੁਮਾਇੰਦਿਆਂ ਦੀ ਸਾਈਕਾਲੋਜੀ ਸਬੰਧੀ ਹੈ। ਮੈਂ 29 ਸਾਲ ਬਤੌਰ ਪੀ.ਸੀ.ਐਸ./ਆਈ.ਏ.ਐਸ. ਨੌਕਰੀ ਕੀਤੀ ਹੈ। ਅਫ਼ਸੋਸ ਵੀ ਹੁੰਦਾ ਹੈ ਅਤੇ ਦੁੱਖ ਵੀ ਹੁੰਦਾ ਹੈ। ਪਿਛਲੇ ਦਸ ਸਾਲਾਂ ਦੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵਿੱਚ ਬਿਊਰੋਕ੍ਰੇਸੀ ਤੇ ਐਮ.ਐਲ.ਏਜ਼ ਵਿੱਚ ਇੰਨਾ ਗੈਪ ਆ ਗਿਆ ਕਿ ਬੜੀ ਹਾਹਾਕਾਰ ਮਚੀ। ਮੈਂ ਇਹ ਨਹੀਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਕੋਈ ਚੰਗੀਆਂ ਗੱਲਾਂ ਨਹੀਂ ਕੀਤੀਆਂ ਹਨ ਪਰ ਇਨ੍ਹਾਂ ਨੇ ਮਾੜੀਆਂ ਗੱਲਾਂ ਇੰਨੀਆਂ ਕਰ ਲਈਆਂ ਕਿ ਇਨ੍ਹਾਂ ਦੀਆਂ ਚੰਗੀਆਂ ਵੀ ਸਾਈਡ ਤੇ ਰਹਿ ਗਈਆਂ। ਇਹ ਸ਼੍ਰੋਮਣੀ ਅਕਾਲੀ ਦਲ ਦੀ ਸਥਿਤੀ ਹੈ। ਮੇਰੇ ਦੋਸਤਾਂ ਨੇ ਕਿਹਾ ਸੀ ਕਿ ਸ਼੍ਰੋਮਣੀ ਵਰਡ ਨਾ ਯੂਜ਼ ਕਰੋ, ਇਹ ਅਕਾਲੀ ਦਲ (ਬਾਦਲ) ਪਾਰਟੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਉਦਾਹਰਣ ਦੇਣੀ ਚਾਹੁੰਦਾ ਹਾਂ ਕਿ ਜਦੋਂ ਬਿਊਰੋਕ੍ਰੇਸੀ ਅਤੇ ਐਮ.ਐਲ.ਏਜ਼ ਵਿੱਚ ਬਹੁਤ ਜ਼ਿਆਦਾ ਡਿਫਰੈਂਸਿਜ਼ ਆ ਗਏ ਤਾਂ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਇੱਕ ਹੁਕਮ ਕੀਤਾ ਕਿ ਸਾਰੇ ਡੀ.ਸੀਜ਼, ਸਾਰੇ ਕਮਿਸ਼ਨਰ (ਪੁਲਿਸ) ਤੇ ਐਸ.ਐਸ.ਪੀਜ਼. ਆਪਣੇ ਰੈਜ਼ੀਡੈਂਸ ਤੇ ਐਮ.ਐਲ.ਏਜ਼ ਤੇ ਮੁਹਤਬਰ ਬੰਦਿਆਂ ਨੂੰ ਬੁਲਾ ਕੇ ਚਾਹ-ਪਾਣੀ ਤੇ ਡਿਨਰ ਵਗੈਰਾ ਕਰਵਾਉਣਗੇ। ਇਹ ਬਹੁਤ ਵਧੀਆ ਸਟੈੱਪ ਸੀ। ਮੈਂ ਸ਼੍ਰੋਮਣੀ ਅਕਾਲੀ ਦਲ ਦੇ ਬੰਦਿਆਂ ਨੂੰ ਮੁਬਾਰਕਬਾਦ ਵੀ ਦਿੰਦਾ ਹਾਂ। ਉਸ ਨਾਲ ਕੀ ਹੋਇਆ ਕਿ ਐਮ.ਐਲ.ਏਜ਼ ਦਾ ਬਿਊਰੋਕ੍ਰੇਸੀ ਜਾਂ ਐਡਮਨਿਸਟ੍ਰੇਸ਼ਨ ਨਾਲ ਵਧੀਆ ਰਾਬਤਾ ਹੋ

ਗਿਆ। ਸਾਡੀ ਬਿਊਰੋਕ੍ਰੇਸੀ ਦੀ ਸਾਇਕਾਲੋਜੀ ਨੂੰ ਵੀ ਥੋੜ੍ਹਾ ਚੇਂਜ ਕਰਨ ਦੀ ਜ਼ਰੂਰਤ ਹੈ। ਸਰਦਾਰ ਮਨਪ੍ਰੀਤ ਸਿੰਘ ਬਾਦਲ ਬੈਠੇ ਹਨ, ਮੈਂ ਤੁਹਾਡੀ ਮਾਰਫ਼ਤ ਇਹ ਕਹਿਣਾ ਚਾਹਾਂਗਾ ਕਿ ਇਹੋ ਜਿਹੀ ਕੋਆਰਡੀਨੇਸ਼ਨ ਹੋਵੇ ਤਾਂ ਕਿ ਗਵਰਨੈਂਸ ਵਧੀਆ ਹੋਵੇ।(.....ਵਿਘਨ) ਇਸ ਤਰ੍ਹਾਂ ਨਾ ਕਰਿਆ ਕਰੋ। ਤੁਸੀਂ ਵੀ ਕੋਈ ਚੰਗੀਆਂ ਗੱਲਾਂ ਕਿਹਾ ਕਰੋ, ਕੈਪਟਨ ਅਮਰਿੰਦਰ ਸਿੰਘ ਬਹੁਤ ਚੰਗੀਆਂ ਗੱਲਾਂ ਕਰ ਰਹੇ ਹਨ, ਇਨ੍ਹਾਂ ਵਰਗਾ ਬੰਦਾ ਨਹੀਂ ਪੈਦਾ ਹੋਣਾ।

*2.01 ਵਜੇ ਬਾਅਦ ਦੁਪਹਿਰ) (*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਸਪੀਕਰ ਸਾਹਿਬ, ਜਦੋਂ ਢੀਂਡਸਾ ਸਾਹਿਬ ਬੋਲ ਰਹੇ ਸੀ ਤਾਂ ਉਨ੍ਹਾਂ ਨੇ ਬਹੁਤ ਨੁਕਤਾਚੀਨੀ ਕੀਤੀ। ਮੈਨੂੰ ਉਨ੍ਹਾਂ ਦਾ ਸ਼ੇਅਰ ਪੂਰਾ ਨਹੀਂ ਸੁਣਿਆ ਅਤੇ ਨਾ ਹੀ ਮੈਨੂੰ ਕੋਈ ਜ਼ਿਆਦਾ ਸਮਝ ਆਈ। ਮੈਂ ਕਹਿਣਾ ਤਾਂ ਨਹੀਂ ਚਾਹੁੰਦਾ ਸੀ, ਸਾਡੇ ਇੱਕ ਬਾਬਾ ਫ਼ਰੀਦ ਜੀ ਹੋਏ ਹਨ, ਮੈਨੂੰ ਉਨ੍ਹਾਂ ਦੀਆਂ ਚਾਰ ਲਾਈਨਾਂ ਯਾਦ ਆ ਗਈਆਂ:

ਸੀਨ ਸੁਣਾਏ ਖਲਕ ਨੂੰ, ਕਰ ਕਰ ਮਸਲੇ ਜ਼ੋਰ,
ਲੋਕਾਂ ਦੇਵੇ ਨਸੀਹਤਾਂ ਅੰਦਰ ਤੇਰੇ ਚੋਰ,
ਕੀ ਹੋਇਆ ਜੇ ਲੱਦਿਆਂ ਗਧਾ ਕਿਤਾਬਾਂ ਨਾਲ,
ਲੇਖਾ ਰੱਬ ਮੰਗੇਸੀਆ ਤੂੰ ਕਾਦਰ ਜਲਾਲ।

ਉਸ ਅਕਾਲ ਪੁਰਖ ਦੀ ਅਦਾਲਤ ਵਿੱਚ ਵੀ ਅਸੀਂ ਲੋਕਾਂ ਨੇ ਜਾਣਾ ਹੈ, ਉੱਥੇ ਵੀ ਬੜੇ ਫ਼ੈਸਲੇ ਹੋਣੇ ਹਨ। ਸੋ, ਇਕੱਲਾ ਕ੍ਰਿਟੀਸਿਜ਼ਮ ਵੱਲ ਧਿਆਨ ਨਾ ਦਿਆ ਕਰੋ, ਚੰਗੀਆਂ ਗੱਲਾਂ ਨੂੰ ਵੀ ਅਡਾਪਟ ਕਰਿਆ ਕਰੋ। ਮੈਂ ਕੈਪਟਨ ਅਮਰਿੰਦਰ ਸਿੰਘ ਜੀ ਦਾ ਧੰਨਵਾਦੀ ਹਾਂ। ਸਪੀਕਰ ਸਾਹਿਬ, ਮੈਂ ਇੱਕ ਬੜਾ ਜ਼ਰੂਰੀ ਮੁੱਦਾ ਬਿਊਰੋਕ੍ਰੇਸੀ vs ਚੁਣੇ ਹੋਏ ਨੁਮਾਇੰਦੇ ਡਿਸਕਸ ਕਰ ਰਿਹਾ ਸੀ ਕਿ ਇਨ੍ਹਾਂ ਦੀ ਸਾਈਕਾਲੋਜੀ ਵੀ ਬਦਲਣ ਵਾਲੀ ਹੈ। ਮੇਰੇ ਕੋਲ ਉਦਾਹਰਣਾਂ ਤਾਂ ਬਹੁਤ ਹਨ ਪਰ ਮੈਂ ਸਦਨ ਵਿੱਚ ਦੇਣੀਆਂ ਨਹੀਂ ਚਾਹੁੰਦਾ ਹਾਂ। ਇਹ ਮੇਰੀ ਫੀਲਿੰਗ ਹੈ ਅਤੇ ਹੋ ਸਕਦਾ ਹੈ ਕਿ ਮੇਰੇ ਵੀਰਾਂ ਨੂੰ ਇਹ ਮਾੜਾ ਵੀ ਲੱਗੇ, ਲੱਗੇਗਾ ਵੀ। ਜਦੋਂ ਵੀ ਸਾਡਾ ਕੋਈ ਐਮ.ਐਲ.ਏ ਕਿਸੇ ਸੀਨੀਅਰ ਬਿਊਰੋਕ੍ਰੇਟ ਕੋਲ ਜਾਂਦਾ ਹੈ, ਮੈਨੂੰ ਲਗਦਾ ਹੈ ਕਿ ਅਸੀਂ ਸ਼ਾਇਦ ਸੈਕਿੰਡ ਗਰੇਡ ਸਿਟੀਜ਼ਨਸ ਹਾਂ, ਫਸਟ ਗ੍ਰੇਡ ਨਹੀਂ ਹਾਂ। ਕਾਗਜ਼ਾਂ ਵਿੱਚ ਇੱਕ ਐਮ.ਐਲ.ਏ. ਨੂੰ ਚੀਫ਼ ਸਕੱਤਰ ਦੇ ਅਹੁਦੇ ਤੋਂ ਉੱਚਾ ਕਿਹਾ ਗਿਆ ਹੈ। ਅਹੁਦੇ ਤੋਂ ਉੱਚਾ ਕਿਵੇਂ ਹੋਇਆ? ਉਸ ਦੀ ਤਿੰਨ ਲੱਖ ਤਨਖਾਹ ਹੈ ਤੇ ਸਾਡੀ ਪੱਚੀ ਹਜ਼ਾਰ ਤਨਖਾਹ ਹੈ। ਕੀ

[ਸਰਦਾਰ ਕੁਲਦੀਪ ਸਿੰਘ ਵੈਦ ਬੁਲਾਰਾ]

ਕਦੇ ਬਿਊਰੋਕ੍ਰੇਸੀ ਵਿੱਚ ਅਜਿਹਾ ਹੋਇਆ ਹੈ ਕਿ ਇੱਕ ਐਸ.ਡੀ.ਐਮ. ਦੀ ਤਨਖਾਹ ਲੱਖ ਰੁਪਏ ਹੋਵੇ ਅਤੇ ਮੁੱਖ ਸਕੱਤਰ ਦੀ ਜਾਂ ਡੀ.ਸੀ. ਦੀ ਤਨਖਾਹ ਤੀਹ ਹਜ਼ਾਰ ਰੁਪਏ ਹੋਵੇ? ਇਹ ਜਿਹੜਾ ਡਿਫ਼ਰੈਂਸ ਹੈ, ਇਸ ਨੂੰ ਕੱਢਣਾ ਚਾਹੀਦਾ ਹੈ। ਮੇਰੇ ਜਿਹੜੇ ਵੀਰ ਬੈਠੇ ਹਨ, ਪਿਛਲੀ ਵਾਰੀ ਕਈਆਂ ਨੇ ਕਹਿ ਦਿੱਤਾ ਕਿ ਐਮ.ਐਲ.ਏਜ਼ ਨੂੰ ਸੈਲਰੀ ਦੀ ਲੋੜ ਨਹੀਂ ਹੈ, ਸਾਨੂੰ ਤਾਂ ਲੋੜ ਹੈ।

**ਸ਼੍ਰੀ ਐਨ.ਕੇ. ਸ਼ਰਮਾ (ਬੈਠੇ-ਬੈਠੇ):** ਟੀਚਰਾਂ ਦੀ ਤਰ੍ਹਾਂ ਚੀਫ਼ ਸਕੱਤਰ ਦੀ ਤਨਖਾਹ ਵੀ ਘਟਾ ਦਿਓ।

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ):** ਤੁਸੀਂ ਦਸ ਸਾਲ ਸਿਵਾਏ ਲੁੱਟ ਤੋਂ ਕੁਝ ਨਹੀਂ ਕੀਤਾ ਹੈ। ਕੁਝ ਗੱਲਾਂ ਵੱਲ ਤਾਂ ਧਿਆਨ ਦੇ ਲੈਂਦੇ। ਤੁਹਾਡੇ ਚੰਗੇ ਕੰਮ ਵੀ ਮਾੜੇ ਹੋ ਗਏ। ਸੋਚ ਲੈਂਦੇ ਕਿ ਤੁਸੀਂ ਦਸ ਸਾਲ ਕੀ ਕੀਤਾ ਹੈ? ਸਪੀਕਰ ਸਾਹਿਬ, ਢੀਂਡਸਾ ਸਾਹਿਬ ਹੁਣੇ ਮੰਨ ਕੇ ਗਏ ਹਨ ਕਿ ਪਤਾ ਨਹੀਂ ਪੰਜਾਬ ਕਿੱਧਰ ਨੂੰ ਜਾ ਰਿਹਾ ਹੈ। ਜਿੱਧਰ ਨੂੰ ਤੁਸੀਂ ਤੋਰਿਆ ਸੀ ਉੱਧਰ ਹੀ ਗਿਆ ਹੈ, ਅਸੀਂ ਤਾਂ ਸਿਰਫ਼ ਬਰੇਕਾਂ ਮਾਰੀਆਂ ਹਨ। ਅਸੀਂ ਵਧੀਆ ਚਲਾਵਾਂਗੇ। ਕੈਪਟਨ ਅਮਰਿੰਦਰ ਸਿੰਘ ਜੀ ਦੀ ਦੋ ਸਾਲ ਵਧੀਆ ਕਾਰਗੁਜ਼ਾਰੀ ਰਹੀ ਹੈ। ਸੋ, ਮੈਂ ਐਮ.ਐਲ.ਏਜ਼ ਦਾ ਸੈਲਰੀ ਵਾਲਾ ਮਸਲਾ ਵੀ ਬਿਊਰੋਕ੍ਰੇਸੀ vs ਚੁਣੇ ਹੋਏ ਨੁਮਾਇੰਦੇ ਨਾਲ ਜੋੜਿਆ ਹੈ। ਬਿਊਰੋਕ੍ਰੇਸੀ ਦੀ ਸਾਇਕਾਲੋਜੀ ਚੇਂਜ ਹੋਣੀ ਚਾਹੀਦੀ ਹੈ ਤਾਂ ਹੀ ਵਧੀਆ ਗਵਰਨੈਂਸ ਹੋ ਸਕਦੀ ਹੈ। ਮੈਂ ਕੈਪਟਨ ਅਮਰਿੰਦਰ ਸਿੰਘ ਜੀ ਦਾ ਅਤੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਦਾ ਧੰਨਵਾਦੀ ਹਾਂ। ਇੱਥੇ ਫਿਸਕਲ ਡੈਫੀਸਿਟ ਦੀ ਗੱਲ ਕੀਤੀ ਗਈ ਹੈ ਕਿ ਸਾਲ 2019-20 ਵਿੱਚ 3.40% ਹੈ। ਇਹ ਮੈਂ ਤਾਂ ਪੜ੍ਹ ਰਿਹਾ ਹਾਂ ਕਿਉਂਕਿ ਸਾਡੇ ਕਈ ਮੈਂਬਰਾਂ ਨੇ ਇਤਰਾਜ਼ ਕੀਤਾ ਸੀ। 15ਵੇਂ ਫਾਈਨਾਂਸ ਕਮਿਸ਼ਨ ਨੇ ਕੈਪਟਨ ਅਮਰਿੰਦਰ ਸਿੰਘ ਜੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਔਰ ਪੰਜਾਬ ਸਰਕਾਰ ਨੂੰ ਵਧੀਆ ਕਾਰਗੁਜ਼ਾਰੀ ਵਾਸਤੇ ਮੁਬਾਰਕਬਾਦ ਦਿੱਤੀ ਹੈ। ਪੰਜਾਬ ਸਰਕਾਰ ਨੇ ਇੰਨਾ ਵਧੀਆ ਕੰਮ ਕੀਤਾ ਹੈ ਕਿ ਫਾਈਨਾਂਸ ਕਮਿਸ਼ਨ ਜਿਹੜਾ ਕਿ ਸੈਂਟਰ ਸਰਕਾਰ ਦਾ ਹੈ, ਉਨ੍ਹਾਂ ਨੂੰ ਮਜ਼ਬੂਰੀ ਵਿੱਚ ਸਾਨੂੰ ਐਪਰੀਸ਼ੀਏਟ ਕਰਨਾ ਪਿਆ। ਇਸੇ ਤਰ੍ਹਾਂ ਜਿਹੜਾ ਡੈੱਟ ਰਿਲੀਫ਼ ਹੈ, ਕਈ ਮੈਂਬਰ ਸਾਡੀ ਨੁਕਤਾਚੀਨੀ ਕਰਦੇ ਹਨ, ਮੈਂ ਇੱਕ ਗੱਲ ਕਹਿਣ ਲੱਗਿਆ ਹਾਂ ਕਿ ਤੁਸੀਂ ਤਾੜੀਆਂ ਮਾਰਿਓ, (ਆਮ ਆਦਮੀ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਤੁਸੀਂ ਇਹ ਗੱਲ ਨਹੀਂ ਸੋਚੀ ਸੀ।

(ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮਨ ਅਰੋੜਾ ਅਤੇ ਸ਼੍ਰੀਮਤੀ ਸਰਣਜੀਤ ਕੌਰ ਮਾਣੂਕੇ ਵੱਲੋਂ ਅਵਾਜ਼ਾਂ: ਤਾੜੀਆਂ ਮਾਰਾਂਗੇ ਜੀ।)(ਹਾਸਾ)

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ):** ਸਪੀਕਰ ਸਾਹਿਬ, Debt relief to farmers ਬਾਰੇ ਕਿਸੇ ਨੇ ਨਹੀਂ ਸੋਚਿਆ ਸੀ ਕਿ ਇੰਨੇ ਸੁਸਾਈਡ ਹੋ ਗਏ। ਇਹ 10 ਸਾਲ ਇੱਥੇ ਰਹੇ ਪਰ ਇਹ 3 ਲੱਖ ਦਾ ਨਜ਼ਾਰਾ ਹੀ ਲੈਂਦੇ ਰਹੇ ਕਿ ਜਿਹੜਾ ਕਿਸਾਨ ਮਰ ਗਿਆ, ਉਸ ਨੂੰ 3 ਲੱਖ ਦੇ ਦਿਉ। ਮੈਨੂੰ ਲਗਦਾ ਹੈ ਕਿ ਕਈ ਸਾਡੇ ਵੀਰ 3 ਲੱਖ ਦੇ ਲਾਲਚ ਵਿੱਚ ਹੀ ਨਾ ਮਰ ਗਏ ਹੋਣ। ਸੋ, ਇਹ ਤੁਹਾਡੀ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) ਕਾਰਗੁਜ਼ਾਰੀ ਹੈ, ਤੁਸੀਂ ਬੁਰਾ ਨਾ ਮਨਾਇਆ ਕਰੋ। ਕੈਪਟਨ ਅਮਰਿੰਦਰ ਸਿੰਘ ਐਸੇ ਸ਼ਖਸ ਹਨ, ਜਿਨ੍ਹਾਂ ਨੇ ਇਸ ਸਾਲ 2019-20 ਵਾਲੇ ਬਜਟ ਵਿੱਚ 3,000 ਕਰੋੜ ਰੁਪਏ ਦੀ ਪ੍ਰੋਵੀਜ਼ਨ ਰੱਖੀ ਹੈ। 5.83 ਲੱਖ marginal and small farmers ਦਾ 4736 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕੀਤਾ ਹੈ, ਕਿਸੇ ਨੇ ਇਸ ਬਾਰੇ ਨਹੀਂ ਸੋਚਿਆ ਸੀ। ਆਮ ਆਦਮੀ ਪਾਰਟੀ ਦੇ ਮੇਰੇ ਇੱਕ ਵੀਰ, ਮੈਂ ਉਸ ਦਾ ਨਾਂ ਭੁੱਲ ਗਿਆ, ਉਸ ਨੇ ਕਿਹਾ ਸੀ ਕਿ ਇਹ ਘੱਟ ਹੈ। ਅਸੀਂ ਮੰਨਦੇ ਹਾਂ ਕਿ ਇਹ ਘੱਟ ਹੈ ਪਰ ਐਪਰੀਸ਼ੀਏਟ ਕਰੋ ਕਿ ਪੰਜਾਬ ਸਰਕਾਰ ਇਹੋ ਜਿਹੇ ਹਾਲਾਤਾਂ ਵਿੱਚ 8,000 ਕਰੋੜ ਰੁਪਿਆ ਦੇ ਰਹੀ ਹੈ ਜਿਹੋ ਜਿਹੇ ਹਾਲਾਤਾਂ ਵਿੱਚ ਉਹ ਛੱਡ ਕੇ ਗਏ ਸੀ। ਹੁਣ ਮਾਰੋ ਤਾੜੀਆਂ।

(ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮਨ ਅਰੋੜਾ ਅਤੇ ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਵੱਲੋਂ ਅਵਾਜ਼ਾਂ: ਤਾੜੀਆਂ ਮਾਰ ਰਹੇ ਹਾਂ ਜੀ, ਤਾੜੀਆਂ ਮਾਰ ਰਹੇ ਹਾਂ।)

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ):** ਤੁਸੀਂ ਤਾੜੀਆਂ ਨਹੀਂ ਮਾਰੀਆਂ, ਭੈਣ ਜੀ, ਸਵਾਦ ਨਹੀਂ ਆਇਆ। ਭੈਣ ਜੀ, ਜਿਹੜੀ ਤੁਸੀਂ ਗੱਲ ਕੀਤੀ ਸੀ, ਉਹ ਬਹੁਤ ਵਧੀਆ ਕੀਤੀ ਸੀ।

**ਸ਼੍ਰੀ ਅਮਨ ਅਰੋੜਾ:** ਸਰ, ਇੱਕ ਮਿੰਟ ਪੁਆਇੰਟ ਆਫ਼ ਆਰਡਰ ਦੇ ਦਿਉ।

**ਮਾਨਯੋਗ ਸਪੀਕਰ:** ਜ਼ਰਾ ਅਮਨ ਜੀ ਦੀ ਗੱਲ ਸੁਣ ਲਈਏ।

**ਸ਼੍ਰੀ ਅਮਨ ਅਰੋੜਾ:** ਬਹੁਤ-ਬਹੁਤ ਧੰਨਵਾਦ ਸਪੀਕਰ ਸਾਹਿਬ। ਇਹ ਮੇਰੇ ਬਹੁਤ ਕਾਬਲ ਦੋਸਤ ਹਨ, ਮੈਂ ਇਨ੍ਹਾਂ ਦਾ ਬਹੁਤ ਸਤਿਕਾਰ ਕਰਦਾ ਹਾਂ। ਇਨ੍ਹਾਂ ਨੇ ਸਾਨੂੰ ਇਕਨਾਮਿਕਸ ਬਾਰੇ ਥੋੜ੍ਹਾ ਜਿਹਾ ਆਪਣੇ ਨਾਮ ਮੁਤਾਬਿਕ ਵੈਦ ਸਾਹਿਬ ਨੇ ਪੁੜੀਆਂ ਦੇਣ ਦੀ ਕੋਸ਼ਿਸ਼ ਕੀਤੀ ਸੀ ਪਰ ਕਿਹੜੀਆਂ-ਕਿਹੜੀਆਂ ਪੁੜੀਆਂ ਦਿੱਤੀਆਂ ਹਨ, ਮੈਂ ਜ਼ਰਾ ਉਹ ਗਿਣਾ ਦਿੰਦਾ ਹਾਂ।(ਵਿਘਨ..ਸ਼ੋਰ) ਇੱਕ ਮਿੰਟ, ਇਵੇਂ ਨਾ ਕਰੋ।

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ):** ਨਹੀਂ, ਨਹੀਂ ਅਮਨ ਜੀ ਬੋਲੋ।

**ਸ਼੍ਰੀ ਅਮਨ ਅਰੋੜਾ:** ਸਰ, ਗੱਲ ਇੰਨੀ ਹੈ ਕਿ ਇਨ੍ਹਾਂ ਨੇ ਬਹੁਤ ਤਾਰੀਫ਼ ਕੀਤੀ। ਜਿੱਥੇ ਤਾਰੀਫ਼ ਦੀ ਗੱਲ ਹੋਈ, ਅਸੀਂ ਤਾਰੀਫ਼ ਕਰਾਂਗੇ। We are not here just to criticise, we are here to analyse. ਐਫ.ਐਮ. ਸਾਹਿਬ ਦੇ ਬਜਟ ਦੀ ਬਹੁਤ ਵਧੀਆ ਤਾਰੀਫ਼ ਕੀਤੀ ਹੈ। ਇਨ੍ਹਾਂ ਨੇ ਆਪ ਹੀ ਗੱਲ ਕੀਤੀ ਹੈ ਕਿ ਐਸ.ਸੀ./ਬੀ.ਸੀ. ਦੀਆਂ 1500 ਪੋਸਟਾਂ ਭਰੀਆਂ ਨਹੀਂ ਗਈਆਂ, ਉਹ ਭਰਨੀਆਂ ਚਾਹੀਦੀਆਂ ਹਨ, ਪਹਿਲੀ ਤਾਰੀਫ਼। ਇਨ੍ਹਾਂ ਨੇ ਬੁੱਢੇ ਨਾਲੇ ਦੀ ਗੱਲ ਕੀਤੀ ਹੈ। ਜੇ ਅੱਜ ਬੁੱਢੇ ਨਾਲੇ ਦਾ ਹਾਲ ਵੇਖਿਆ ਜਾਵੇ, ਕੀ ਹਾਲਤ ਹੋਈ ਪਈ ਹੈ, ਆਪਾਂ ਸਾਰਿਆਂ ਨੂੰ ਪਤਾ ਹੀ ਹੈ। ਉਸ ਲਈ ਮਹਿਜ਼ 4 ਕਰੋੜ ਰੱਖੇ ਗਏ ਹਨ, ਵੱਧ ਰੱਖਣੇ ਚਾਹੀਦੇ ਸਨ, ਦੂਜੀ ਤਾਰੀਫ਼। (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਦੀਪ ਸਿੰਘ ਵੈਦ ਵੱਲ ਇਸ਼ਾਰਾ)ਬਾਈ ਜੀ, ਮੈਂ ਗਿਣਾ ਰਿਹਾ ਹਾਂ, ਮੈਂ ਤਾੜੀਆਂ ਮਾਰਾਂਗਾ, ਬੇਫ਼ਿਕਰ ਰਹੋ, ਇੱਕ ਮਿੰਟ ਲਈ ਬੈਠ ਜਾਓ। ਤੀਜੀ ਗੱਲ, ਸਮਾਰਟ ਸਿਟੀ ਲੁਧਿਆਣਾ ਬਣਾਉਣਾ ਚਾਹੀਦਾ ਹੈ, ਉਸ ਦੇ ਲਈ ਕੁਝ ਨਹੀਂ ਰੱਖਿਆ ਗਿਆ। ਚੌਥੀ ਤਾਰੀਫ਼ ਲਈ ਇਨ੍ਹਾਂ ਦਾ ਧੰਨਵਾਦ। ਪੰਜਾਬੀ ਦੀ ਗੱਲ ਕੀਤੀ ਹੈ, ਅਸੀਂ ਐਪਰੀਸ਼ੀਏਟ ਕਰਦੇ ਹਾਂ ਕਿ ਅਜਿਹਾ ਹੋਣਾ ਚਾਹੀਦਾ ਹੈ ..... (ਵਿਘਨ..ਸ਼ੋਰ).....

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਵਤਾਰ ਸਿੰਘ ਜੂਨੀਅਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ ਪਰ ਮਾਈਕ ਬੰਦ ਹੋਣ ਕਰਕੇ ਕੁਝ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ:** ਸ਼੍ਰੀ ਅਵਤਾਰ ਸਿੰਘ ਜੀ, ਤੁਸੀਂ ਬੈਠੋ। ਇੱਕ ਮਿੰਟ ਅਮਨ ਜੀ, ਸ਼੍ਰੀ ਅਵਤਾਰ ਸਿੰਘ ਜੀ ਟਾਈਮ ਦੀ ਮੈਨੇਜਮੈਂਟ ਮੇਰੇ ਕੋਲ ਹੈ। You don't know, you don't know, tell him whatever he says.

**ਸ਼੍ਰੀ ਅਮਨ ਅਰੋੜਾ:** ਅਗਲੀ ਗੱਲ ਜਿਹੜੀ ਬਿਓਰੋਕਰੇਸੀ ਦੀ ਗੱਲ ਕੀਤੀ ਹੈ, ਉਸ ਬਾਰੇ ਅਸੀਂ ਸ਼ੁਰੂ ਤੋਂ ਕਹਿੰਦੇ ਆ ਰਹੇ ਹਾਂ ਕਿ ਕਿਸ ਤਰੀਕੇ ਨਾਲ ਪੰਜਾਬ ਵਿੱਚ ਬਿਓਰੋਕਰੇਸੀ ਚੱਲ ਰਹੀ ਹੈ ਅਤੇ ਇਹ ਸਭ ਤੋਂ ਵੱਡੀ ਗੱਲ ਹੈ.....

**ਮਾਨਯੋਗ ਸਪੀਕਰ:** ਤੁਸੀਂ ਹੁਣ ਭਾਸ਼ਣ ਨਾ ਕਰੋ, ਭਾਸ਼ਣ ਨਾ ਕਰੋ, ਭਾਸ਼ਣ ਨਾ ਕਰੋ।

**ਸ਼੍ਰੀ ਅਮਨ ਅਰੋੜਾ:** ਬਾਕੀ ਬਾਈ ਜੀ, ਫਿਸਕਲ ਡੈਫੀਸਿੱਟ ਹੁੰਦਾ ਹੈ, ਫਿਜ਼ੀਕਲ ਡੈਫੀਸਿੱਟ ਨਹੀਂ ਹੁੰਦਾ। ਇਹ ਇਕਨਾਮਿਕਸ...

**ਮਾਨਯੋਗ ਸਪੀਕਰ:** ਚਲੋ ਹੋ ਗਿਆ, ਹੁਣ ਬੈਠ ਜਾਓ।

**ਸ਼੍ਰੀ ਅਮਨ ਅਰੋੜਾ:** ਸਰ, ਚੌਥੀ ਗੱਲ।

**ਮਾਨਯੋਗ ਸਪੀਕਰ:** ਬੈਠ ਜਾਓ। ਤੁਸੀਂ ਭਾਸ਼ਣ ਨਹੀਂ ਦੇ ਸਕਦੇ।

**ਸ਼੍ਰੀ ਅਮਨ ਅਰੋੜਾ:** ** **

**ਮਾਨਯੋਗ ਸਪੀਕਰ:** ਨਹੀਂ, ਤੁਸੀਂ ਭਾਸ਼ਣ ਨਹੀਂ ਦੇ ਸਕਦੇ।

**ਸ਼੍ਰੀ ਅਮਨ ਅਰੋੜਾ:** ** **

**ਮਾਨਯੋਗ ਸਪੀਕਰ:** ਜਗਦੇਵ ਜੀ ਨੇ ਬੋਲਣਾ ਹੈ, ਉਨ੍ਹਾਂ ਨੂੰ ਬੋਲ ਲੈਣ ਦਿਉ।

**ਸ਼੍ਰੀ ਅਮਨ ਅਰੋੜਾ:** ** **

**ਮਾਨਯੋਗ ਸਪੀਕਰ:** ਸਰਦਾਰ ਕੁਲਦੀਪ ਸਿੰਘ ਵੈਦ ਜੀ।

**ਸ਼੍ਰੀ ਅਮਨ ਅਰੋੜਾ:** ** **

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ):** ਸਪੀਕਰ ਸਾਹਿਬ, ਮੈਂ ਅਮਨ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਸ਼ਾਇਦ ਗਲਤ ਸੁਣਿਆ ਹੋਵੇਗਾ। It's a fiscal deficit. ਇਨ੍ਹਾਂ ਨੂੰ ਫਿਜ਼ੀਕਲ ਲੱਗਿਆ, ਮੈਂ ਇਨ੍ਹਾਂ ਦੀ ਕੁਰੈਕਸ਼ਨ ਕਰਨੀ ਚਾਹੁੰਦਾ ਹਾਂ।(ਵਿਘਨ..ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮਨ ਅਰੋੜਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਪਰ ਮਾਈਕ ਬੰਦ ਹੋਣ ਕਰਕੇ ਕੁਝ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ:** ਤੁਸੀਂ ਬੋਲੋ, ਬੋਲੋ ਸਰਦਾਰ ਕੁਲਦੀਪ ਸਿੰਘ ਜੀ। No point of order, ਅਮਨ ਜੀ ਤੁਸੀਂ ਬੈਠੋ।

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ):** ਅਮਨ ਜੀ, ਤੁਸੀਂ ਇਸ ਬਾਰੇ ਮੇਰੇ ਨਾਲ ਡਿਬੇਟ ਕਰ ਲੈਣਾ, ਇਹ ਸਾਰੇ ਤੁਹਾਡੇ ਹੀ ਵਰਡਜ਼ ਹਨ।

**ਮਾਨਯੋਗ ਸਪੀਕਰ:** ਅਮਨ ਜੀ, ਟਾਈਮ ਨਹੀਂ ਰਿਹਾ। ਸਾਰੇ ਵੀਹ ਮਿੰਟ ਰਹਿ ਗਏ ਹਨ।(ਵਿਘਨ, ਸ਼ੋਰ) ਉਨ੍ਹਾਂ ਦਾ ਇੱਕ ਬੁਲਾਰਾ ਚਲਾ ਗਿਆ ਹੈ। ਤੁਸੀਂ ਹਰ ਆਦਮੀ ਤੇ ਇਤਰਾਜ਼ ਕਰਦੇ ਹੋ। ਮੇਰੀ ਗੱਲ ਸੁਣੋ let me answer. let me answer. ਪਹਿਲਾਂ ਤੁਸੀਂ ਗੱਲ ਸੁਣੋ (ਵਿਘਨ, ਸ਼ੋਰ) ਤੁਸੀਂ ਟਾਈਮ ਦੀ ਗੱਲ ਕੀਤੀ ਹੈ।(ਵਿਘਨ, ਸ਼ੋਰ) ਤੁਸੀਂ ਸੁਣਨਾ ਵੀ ਹੈ ਜਾਂ ਬੋਲਣਾ ਹੀ ਹੈ।(ਵਿਘਨ, ਸ਼ੋਰ) ਵੈਦ ਜੀ, ਬੋਲੋ.. ਵੈਦ ਜੀ, ਬੋਲੋ। ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਰਿਕਾਰਡ ਨਾ ਕੀਤਾ ਜਾਵੇ।

---

**Expunged/ Not recorded as ordered by the Chair.

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ) :** ਸਪੀਕਰ ਸਾਹਿਬ, ਮੇਰੇ ਆਮ ਆਦਮੀ ਪਾਰਟੀ ਦੇ ਵੀਰਾਂ ਨੂੰ ਜੇ ਮੇਰੇ ਵੱਲੋਂ ਕਹੇ ਗਏ ਕਿਸੇ ਵਰਡ ਦਾ ਬੁਰਾ ਲੱਗਿਆ ਹੈ ਤਾਂ ਮੈਂ ਉਸ ਵਾਸਤੇ ਮੁਆਫ਼ੀ ਮੰਗਦਾ ਹਾਂ। ਮੇਰਾ ਕਿਸੇ ਨੂੰ intentionally harm ਕਰਨ ਦਾ ਜਾਂ ਨਿੱਜੀ ਤੌਰ ਤੇ ਕਿਸੇ ਨੂੰ ਡੀਗਰੇਡ ਕਰਨ ਦਾ ਕੋਈ ਮਕਸਦ ਨਹੀਂ ਹੈ। ਮੈਂ ਤਾਂ ਜੋ reality ਹੈ, ਉਹ ਦੱਸੀ ਹੈ। Even then ਅਗਰ ਇਹ ਮਹਿਸੂਸ ਕਰਦੇ ਹਨ ਤਾਂ I am sorry for that. ਮੇਰਾ ਹੋਰ ਕੋਈ ਪਰਪਜ਼ ਨਹੀਂ ਹੈ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਤੁਸੀਂ ਬੋਲੋ ਜੀ। (ਵਿਘਨ, ਸ਼ੋਰ)

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ) :** ਅਮਨ ਜੀ, ਸੁਣ ਲਓ। (ਵਿਘਨ, ਸ਼ੋਰ) ਸੁਣਨ ਦਾ ਮਾਦਾ ਵੀ ਰੱਖਿਆ ਕਰੋ, ਅਸੀਂ ਵੀ ਤੁਹਾਡੀ ਹਰ ਗੱਲ ਸੁਣਦੇ ਹਾਂ।

**ਮਾਨਯੋਗ ਸਪੀਕਰ:** ਵੈਦ ਜੀ, address the Chair.

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ) :** ਸਪੀਕਰ ਸਾਹਿਬ, ਸਾਡੀ ਸਰਕਾਰ ਨੂੰ ਮੈਂ appreciate ਕਰਦਾ ਹਾਂ, ਉਸ ਦੀ ਉਪਲਬਧੀ ਇਹ ਵੀ ਹੈ ਕਿ 17.2 ਲੱਖ Soil Health Card prepare ਕਰਕੇ distribute ਕਰ ਦਿੱਤਾ ਗਿਆ ਹੈ। ਕੈਪਟਨ ਅਮਰਿੰਦਰ ਸਿੰਘ ਜੀ ਨੇ ਜਿਹੜੀ ਸਾਨੂੰ ਕਿਸਾਨ ਪੱਖੀ ਸਰਕਾਰ ਦਿੱਤੀ ਹੈ, ਇਸ ਵਾਸਤੇ ਮੇਰੇ ਕੋਲ ਲਫ਼ਜ਼ ਨਹੀਂ ਹਨ ਕਿ ਕਿਹੜੇ ਲਫ਼ਜ਼ਾਂ ਨਾਲ ਧੰਨਵਾਦ ਕਰਾਂ।

**ਮਾਨਯੋਗ ਸਪੀਕਰ:** ਠੀਕ ਹੈ ਜੀ, ਬੈਠੋ। Thank you, ਬੈਠੋ।

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ) :** ਸਪੀਕਰ ਸਾਹਿਬ, ਬਸ ਲਾਸਟ ਹੈ ਜੀ। ਮੈਂ ਸਿਰਫ਼ ਚਾਰ ਲਾਈਨਾਂ ਬੋਲਣਾ ਚਾਹੁੰਦਾ ਹਾਂ, ਮੈਂ ਤੁਹਾਡਾ ਧੰਨਵਾਦੀ ਹਾਂ। ਗੁਰਭਜਨ ਗਿੱਲ ਸਾਡੇ ਕਵੀ ਹੋਏ ਹਨ, ਉਨ੍ਹਾਂ ਨੇ ਮਹਾਰਾਜਾ ਸਾਹਿਬ ਵਾਸਤੇ ਲਿਖਿਆ ਹੈ, ਇਹ ਲਾਈਨਾਂ ਹੂ-ਬ-ਹੂ ਮਹਾਰਾਜਾ ਸਾਹਿਬ ਉੱਤੇ ਢੁਕਦੀਆਂ ਹਨ -

ਮੈਂ ਹਾਂ ਪੰਜਾਬ ਦਾ ਜੰਮਿਆ, ਜਿਸ ਦੀ ਉੱਚੀ ਸ਼ਾਨ,
ਅਣਖ ਦੀ ਖਾਤਿਰ ਹੋ ਜਾਂਦੇ ਨੇ, ਜਿਸ ਦੇ ਪੁੱਤ ਕੁਰਬਾਨ,
ਸ਼ੇਰ ਮਰਦ, ਸੂਰਮਾ ਇਸ ਪੰਜਾਬ ਦਾ ਮਾਲੀ (ਕੈਪਟਨ ਅਮਰਿੰਦਰ ਸਿੰਘ)
ਫੁੱਲ, ਕਲੀਆਂ, ਹਰ ਬੂਟੇ ਦਾ ਜੋ ਰੱਖਦਾ ਸਦਾ ਧਿਆਨ,
ਉਸ ਦੇ ਹੱਥ ਵਿੱਚ ਸਦਾ ਸਲਾਮਤ ਏਸ ਪੰਜਾਬ ਦੀ ਸ਼ਾਨ
ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਹੈ ਸਾਡਾ, ਇਹ ਹੈ ਦਾਨਵੀਰ ਇਨਸਾਨ। (ਥੰਪਿੰਗ)

ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ ਅਤੇ ਮੇਰੇ ਆਪੋਜ਼ੀਸ਼ਨ ਵੀਰਾਂ ਦਾ ਵੀ ਬਹੁਤ-ਬਹੁਤ ਧੰਨਵਾਦ।

**Mr. Speaker :** Thank you, thank you. ਐਨ.ਕੇ. ਸ਼ਰਮਾ। ਸ਼ਰਮਾ ਜੀ, ਸਮੇਂ ਦਾ ਖਿਆਲ ਆਪ ਰੱਖੋ ਜੀ।

**ਸ਼੍ਰੀ ਐਨ.ਕੇ. ਸ਼ਰਮਾ:** ਸਪੀਕਰ ਸਾਹਿਬ, ਕਿੰਨਾ ਟਾਈਮ ਹੈ ਜੀ। ਤੁਸੀਂ ਹੀ ਮੈਨੂੰ ਦੱਸ ਦਿਓ ਜੀ।

**ਮਾਨਯੋਗ ਸਪੀਕਰ:** ਤੁਹਾਡੇ ਦੋ ਮਿੰਟ ਬੱਚਦੇ ਹਨ।

**ਸ਼੍ਰੀ ਐਨ.ਕੇ. ਸ਼ਰਮਾ :** ਸਪੀਕਰ ਸਾਹਿਬ, ਨਹੀਂ, ਨਹੀਂ ਜੀ। ਪਲੀਜ਼, ਇਸ ਤਰ੍ਹਾਂ ਨਾ ਕਰੋ। ਮੇਰੇ 14 ਮਿੰਟ ਸੀ, ਤੁਸੀਂ ਦੱਸੋ ਕਿੰਨਾ ਦਿੰਦੇ ਹੋ ?

**ਮਾਨਯੋਗ ਸਪੀਕਰ:** ਨਹੀਂ, ਨਹੀਂ। ਦੋ ਮਿੰਟ ਤੁਹਾਡੇ ਬੱਚਦੇ ਹਨ ਪਰ ਤੁਹਾਨੂੰ ਫਾਲਤੂ ਦੇਵਾਂਗੇ ਜੀ। 22 ਮਿੰਟਾਂ ਵਿੱਚੋਂ 20 ਮਿੰਟ ਢੀਂਡਸਾ ਸਾਹਿਬ ਬੋਲ ਕੇ ਚਲੇ ਗਏ ਹਨ।

**ਸ਼੍ਰੀ ਐਨ.ਕੇ. ਸ਼ਰਮਾ :** ਸਪੀਕਰ ਸਾਹਿਬ, ਮੇਰੇ ਕੋਲ ਇੰਨੇ ਪੇਜ਼ ਹਨ, ਤੁਸੀਂ ਟਾਈਮ ਦੱਸੋ ਕਿ ਕਿੰਨਾ ਦੇਵੋਗੇ? ਫਿਰ ਮੈਂ ਉਸ ਹਿਸਾਬ ਨਾਲ ਹੀ ਬੋਲਾਂਗਾ।

**ਮਾਨਯੋਗ ਸਪੀਕਰ:** ਤੁਸੀਂ ਬੋਲੋ ਜੀ। ਟਾਈਮ ਵਧਾ ਦੇਵਾਂਗੇ। ਤੁਸੀਂ ਪੰਜ-ਸੱਤ ਮਿੰਟ ਲਗਾ ਲਓ।

**ਸ਼੍ਰੀ ਐਨ.ਕੇ. ਸ਼ਰਮਾ :** ਸਪੀਕਰ ਸਾਹਿਬ, ਸੱਤ ਮਿੰਟ ਨਹੀਂ ਜੀ, ਮੈਨੂੰ ਦਸ ਮਿੰਟ ਦੇ ਦਿਓ।

**ਮਾਨਯੋਗ ਸਪੀਕਰ:** ਠੀਕ ਹੈ ਜੀ, ਲਗਾ ਲਓ।

**ਸ਼੍ਰੀ ਐਨ.ਕੇ. ਸ਼ਰਮਾ (ਡੇਰਾਬੱਸੀ) :** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਲਈ ਫਾਲਤੂ ਟਾਈਮ ਦਿੱਤਾ। ਅੱਜ ਬਜਟ ਤੇ ਚਰਚਾ ਹੋ ਰਹੀ ਹੈ। ਵੱਡੇ-ਵੱਡੇ ਸ਼ਾਇਰ ਅਲਾਮਾ ਇਕਬਾਲ ਤੇ ਜ਼ਿਆਦਾ ਚਰਚਾ ਹੋਈ ਹੈ। ਸਪੀਕਰ ਸਾਹਿਬ, ਅਸੀਂ ਪਿੰਡਾਂ ਵਿੱਚ ਪੈਦਾ ਹੋਏ ਹਾਂ। ਸਾਡਾ ਇਲਾਕਾ ਪੁਆਧ ਹੈ। ਅਸੀਂ ਕਦੇ ਅਲਾਮਾ ਇਕਬਾਲ ਨਹੀਂ ਸੁਣਿਆ ਜੀ। ਸਾਡੇ ਹਲਕੇ ਵਿੱਚ ਆਸਾ ਰਾਮ ਜੀ ਭਗਤ ਹੋਏ ਹਨ, ਉਹ ਪੁਆਧੀ ਵਿੱਚ ਬੋਲਦੇ ਸਨ। ਇੱਥੇ ਬਹੁਤਿਆਂ ਨੂੰ ਪੁਆਧੀ ਸਮਝ ਨਹੀਂ ਆਉਣੀ। ਬਾਪੂ ਆਸਾ ਰਾਮ ਜੀ ਦੀ ਪੁਆਧੀ ਦੀਆਂ ਕੁਝ ਲਾਈਨਾਂ ਨੂੰ ਦਰੁਸਤ ਕਰਕੇ ਪੜ੍ਹਾਂਗਾ। ਉਹ ਇਲਾਕੇ ਦੀ ਗੱਲ ਕਰਦੇ ਸਨ।

**ਮਾਨਯੋਗ ਸਪੀਕਰ:** ਤੁਸੀਂ ਬਾਪੂ ਨੂੰ ਯਾਦ ਨਾ ਕਰੋ, ਤੁਸੀਂ ਸੋਹਾਣੇ ਵਾਲਿਆਂ ਦੀ ਗੱਲ ਕਰੋ।

**ਸ਼੍ਰੀ ਐਨ.ਕੇ. ਸ਼ਰਮਾ :** ਸਪੀਕਰ ਸਾਹਿਬ, ਬਾਪੂ ਆਸਾ ਰਾਮ ਸੋਹਾਣੇ ਵਾਲਿਆਂ ਦੀ ਹੀ ਕਰ ਰਿਹਾ ਹਾਂ ਜੀ। ਮੈਂ ਬਜਟ ਤੇ ਬੋਲਣ ਤੋਂ ਪਹਿਲਾਂ ਉਨ੍ਹਾਂ ਦੀਆਂ ਕੁਝ ਲਾਈਨਾਂ ਬੋਲਣਾ ਚਾਹੁੰਦਾ ਹਾਂ, ਜੋ ਮੈਂ ਰਾਤ ਨੂੰ ਲਿਖੀਆਂ ਹਨ। ਜਦੋਂ ਇਹ ਸਰਕਾਰ ਬਣੀ ਤਾਂ ਲੋਕਾਂ ਦੀਆਂ ਭਾਵਨਾਵਾਂ ਬੜੀਆਂ ਉੱਚੀਆਂ ਸਨ। ਇਸ ਕਰਕੇ 70 ਸੀਟਾਂ ਤੁਹਾਨੂੰ ਦਿੱਤੀਆਂ ਪਰੰਤੂ ਇਨ੍ਹਾਂ ਬਜਟਾਂ ਨੇ ਲੋਕਾਂ ਦਾ ਦਿਲ ਹੀ ਤੋੜ ਦਿੱਤਾ। ਇਸ ਬਜਟ ਨੂੰ ਮੈਂ ** ** ਇੱਕ ਸਿਰਲੇਖ ਦਿੱਤਾ ਹੈ। ਪੁਲੰਦਾ ਨੂੰ ਸਾਡੀ ਪੁਆਧੀ ਵਿੱਚ ਬੰਡਲ ਕਹਿੰਦੇ ਹਨ। ਮੈਂ ਆਸਾ ਰਾਮ ਜੀ ਦੀਆਂ ਲਾਈਨਾਂ ਵਿੱਚ ਕੁਝ ਲਿਖਿਆ ਹੈ : ** **

**ਸ਼੍ਰੀ ਸੁਰਿੰਦਰ ਕੁਮਾਰ ਡਾਵਰ(ਬੈਠੇ-ਬੈਠੇ) :** 'ਨਸ਼ੇ ਬੰਦ ਕਰ ਦਿਆਂਗੇ' ਨਹੀਂ, ਲੱਕ ਤੋੜ ਦਿਆਂਗੇ' ਸੀ। ਇਹ ਸੋਧ ਕਰ ਲਓ।

**ਸ਼੍ਰੀ ਐਨ.ਕੇ. ਸ਼ਰਮਾ :** ਪਤਾ ਨਹੀਂ, ਪਰ ਤੁਸੀਂ ਤਾਂ ਲੱਤ ਵੀ ਨਹੀਂ ਤੋੜੀ।(ਹਾਸਾ) ** ** ਅੱਗੇ ਸੁਣੋ ਜੀ, ਤੁਸੀਂ ਕਿਹਾ ਸੀ ਕਿ ਅਸੀਂ 90,000 ਕਰੋੜ ਰੁਪਿਆ ਕਿਸਾਨਾਂ ਦਾ ਮੁਆਫ਼ ਕਰਾਂਗੇ।

ਕਿਹਾ ਕਿ 100% ਕਰਜ਼ਾ ਥੋੜਾ ਮਾਫ਼ ਕਰੂੰਗਾ ਮੈਂ,

ਕਈਆਂ ਨੇ ਬੈਂਕਾਂ ਤੋਂ, ਕਈਆਂ ਨੇ ਕੋਆਪ੍ਰੇਟਿਵ ਤੋਂ ਅਤੇ ਕਈਆਂ ਨੇ ਆੜ੍ਹਤੀਆਂ ਤੋਂ ਕਰਜ਼ੇ ਲਏ ਹਨ।

ਤੁਸੀਂ ਲੰਮੀਆਂ ਤਾਣ ਕੇ ਸੌਂ ਜੋ, ਕਰਜ਼ਾ ਆਪ ਭਰੂੰਗਾ ਮੈਂ,
ਆਟਾ ਦਾਲ ਤੇ ਚਾਹ-ਚੀਨੀ ਥੋੜੇ ਘਰ ਪਹੁੰਚਾਵਾਂਗਾ,
ਰਾਸ਼ਨ ਛੱਡੋ, ਪੈਨਸ਼ਨ ਬੈਂਕਾਂ ਵਿਚ ਨਾ ਬਹੁੜ੍ਹਦੀ ਏ,
ਸੋਚਣ ਵਾਲਾ ਮਸਲਾ ਭਾਈ ਗੱਲ ਨਾ ਚੌੜਦੀ ਏ,
ਬੋਲਣਾ ਏ ਸੱਚ ਮੈਂ ਜਮ੍ਹਾਂ ਨੀਂ ਡੋਲਣਾ, ** **
ਕੋਈ ਰੋਕੇ ਜਿੰਨਾ ਮਰਜ਼ੀ ਅੱਜ ਮੈਂ ਬੋਲਣਾ।

ਸਪੀਕਰ ਸਾਹਿਬ, ਡਿਵੈੱਲਪਮੈਂਟ ਦੀਆਂ ਬੜੀਆਂ ਗੱਲਾਂ ਹੋਈਆਂ (ਵਿਘਨ...ਸ਼ੋਰ) ਦੇਖੋ, ਮੈਂ ਕਿਸੇ ਨੂੰ ਨਹੀਂ ਟੋਕਿਆ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

** **Expunged as ordered by the Hon'ble Speaker.

**ਮਾਨਯੋਗ ਸਪੀਕਰ :** ਬੈਠੋ, ਬੈਠੋ, ਬੈਠੋ।

**ਸ਼੍ਰੀ ਐਨ.ਕੇ. ਸ਼ਰਮਾ:** ਸਪੀਕਰ ਸਾਹਿਬ, ਅਸੀਂ ਪੰਜਾਬ ਵਿਚ ਸੜਕਾਂ ਬਣਾਈਆਂ, ਬਿਜਲੀ ਬਣਾਈ, ਏਅਰਪੋਰਟ ਬਣਾਏ, ਪ੍ਰਸ਼ਾਸਕੀ ਸੁਧਾਰ ਲਾਗੂ ਕੀਤੇ, ਨਾਈਪਰ ਲਿਆਏ, ਨੈਰੋਲੈਕ ਲੈ ਕੇ ਆਏ, ਇਨਫੋਸਿਸ ਲਿਆਏ, ਐਰੋਸਿਟੀ ਬਣਾਈ, ਐਜੂਕੇਸ਼ਨ ਸਿਟੀ ਬਣਾਈ, ਮੈਡੀਸਿਟੀ ਬਣਾਈ, ਸਾਈਕਲ ਵੈਲੀ ਬਣਾਈ। ਹੁਣ ਤੁਸੀਂ ਦੇਖੋ –

ਲੰਮੀਆਂ ਸੜਕਾਂ ਵਾਲੇ ਅਸੀਂ ਤਾਂ ਜਾਲ ਵਿਛਾਏ ਸੀ,
ਯਾਦਗਾਰਾਂ ਬਣਾਈਆਂ ਵੱਡੇ ਬੋਰਡ ਵੀ ਲਾਏ ਸੀ,
ਦੋ ਸੌ ਯੂਨਿਟ ਬਿਜਲੀ ਦਿੱਤੀ ਮੁਫ਼ਤ ਲੁਕਾਈ ਨੂੰ,
ਵੱਡੇ ਵੱਡੇ ਬਿਜਲੀ ਵਾਲੇ ਬਿਲ ਤੁਸੀਂ ਲਾ ਦਿੱਤੇ,
ਰੋਂਦੀ ਫਿਰਦੀ ਬਚਨੀ, ਓਹਨੂੰ ਸਿਆਪੇ ਪਾ ਦਿੱਤੇ

ਬਚਨੀ ਸਾਡੇ ਪਿੰਡਾਂ ਵਿਚ ਜਿਹੜੇ ਗਰੀਬ ਲੋਕ ਹਨ, ਉਨ੍ਹਾਂ ਨੂੰ ਸੰਬੋਧਨ ਕੀਤਾ ਗਿਆ ਹੈ।

ਚਾਹੇ ਗਿੱਟੇ-ਗੋਡੇ ਲੱਗੇ ਮੈਂ ਤਾਂ ਸੱਚ ਬੋਲਣਾ, ** **
ਕੋਈ ਰੋਕੇ ਜਿੰਨਾ ਮਰਜ਼ੀ ਮੈਂ ਤਾਂ ਸੱਚ ਬੋਲਣਾ ** **

ਸਪੀਕਰ ਸਾਹਿਬ, ਜੇ ਮੇਰੇ ਤੋਂ ਕੁਝ ਗਲਤ ਬੋਲਿਆ ਗਿਆ ਹੋਵੇ ਤਾਂ ਮੈਂ ਪਹਿਲਾਂ ਹੀ ਮੁਆਫ਼ੀ ਮੰਗ ਲੈਂਦਾ ਹਾਂ ਜੀ। ਮੈਨੂੰ ਬੋਲ ਲੈਣ ਦਿਓ।(ਵਿਘਨ...ਸ਼ੋਰ) ਜਿਸ ਦਾ ਬਿਲ ਮਾਫ਼ ਸੀ, ਉਹ ਵਿਚਾਰੀ ਅੱਜ ਰੋਂਦੀ ਫਿਰ ਰਹੀ ਹੈ।

ਸਪੀਕਰ ਸਾਹਿਬ, ਬਾਦਲ ਸਾਹਿਬ ਦੀ ਅਮਨ-ਸ਼ਾਂਤੀ ਤੇ ਭਾਈਚਾਰਕ ਸਾਂਝ ਸੋਚ ਨੂੰ ਇੱਕ ਖਾਸ ਏਜੰਡੇ ਤਹਿਤ ਅੱਜ ਖਤਮ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ।

ਬਰਗਾੜੀ ਵਾਲੇ ਕਠਪੁਤਲੀਆਂ ਥੋਡੇ ਹੱਥਾਂ ਦੀਆਂ,
ਤੁਸੀਂ ਵਾਂਗਾਂ ਘੁੱਟ ਕੇ ਫੜ੍ਹੀਆਂ, ਉਨ੍ਹਾਂ ਵਾਲੇ ਰੱਥਾਂ ਦੀਆਂ,
ਥੋਡੇ ਚਾਤਰ ਇਸ਼ਾਰਿਆਂ ਤੇ ਉਹ ਨੱਚਦੇ ਫਿਰਦੇ ਨੇ,
ਜ਼ੋਰ ਲਾ ਲਓ ਐਸਜੀਪੀਸੀ ਹੱਥ ਨਾ ਆਉਣੀ ਏ,
ਮੈਨੂੰ ਲਗਦਾ ਤੁਸੀਂ ** ** ਫੇਰ ਦੁਹਰਾਉਣੀ ਏ,
ਲੱਗੇ ਭਾਵੇਂ ਕੌੜੀ ਪਰ ਮੇਰੀ ਗੱਲ ਗੌਲਣਾ,

---

** **Expunged as ordered by the Hon'ble Speaker.

ਗੌਲਣਾ ਨੂੰ ਸਾਡੇ ਪੁਆਧ ਵਿਚ ਗੁਫ਼ਤਗੂ ਕਹਿੰਦੇ ਹਨ। ** **

ਸਪੀਕਰ ਸਾਹਿਬ, ਸਾਡੇ ਭਰਾ ਇੱਥੇ ਬੋਲ ਰਹੇ ਸੀ ਤੇ ਮੈਨੂੰ ਉਨ੍ਹਾਂ ਤੇ ਅਫ਼ਸੋਸ ਹੈ। ਬਾਦਲ ਸਾਹਿਬ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ ਹਨ ਅਤੇ ਦੇਸ਼ ਦੇ ਸਭ ਤੋਂ ਵੱਡੇ ਲੀਡਰ ਹਨ। ਉਨ੍ਹਾਂ ਨੇ ਸਤਾਰਾਂ ਸਾਲ ਜੇਲ੍ਹ ਕੱਟੀ ਹੈ। ਇਹ ਕਹਿ ਰਹੇ ਸਨ ਕਿ ਉਹ ਭੱਜ ਜਾਣਗੇ। ਬਾਦਲ ਸਾਹਿਬ ਤਾਂ ਤਿਆਰ ਹਨ, ਤੁਸੀਂ ਉਨ੍ਹਾਂ ਨੂੰ ਹੁਣ ਫੋਨ ਕਰੋ। ਮੈਂ ਮੁਆਫ਼ੀ ਮੰਗ ਲੈਂਦਾ ਹਾਂ ਜੀ। ਰਾਜਾ ਜੀ, ਮੈਂ ਤੁਹਾਡੇ ਤੋਂ ਮੁਆਫ਼ੀ ਮੰਗ ਲੈਂਦਾ ਹਾਂ ਜੇ ਕੋਈ ਗਲਤੀ ਹੋ ਗਈ ਹੋਵੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਸ਼ਰਮਾ ਜੀ, ਨਬੇੜੋ। ਸ਼ਰਮਾ ਜੀ, ਟਾਈਮ ਹੋ ਗਿਆ। ਨਹੀਂ, ਨਹੀਂ ਟਾਈਮ ਹੋ ਗਿਆ।

**ਸ਼੍ਰੀ ਐਨ.ਕੇ. ਸ਼ਰਮਾ :** ਨਹੀਂ ਜੀ, ਮੈਂ ਤਾਂ ਹਾਲੇ ਸ਼ੁਰੂ ਕਰਨਾ ਹੈ

**ਮਾਨਯੋਗ ਸਪੀਕਰ :** ਨਹੀਂ, ਨਹੀਂ ਟਾਈਮ ਹੋ ਗਿਆ।

**ਸ਼੍ਰੀ ਐਨ.ਕੇ. ਸ਼ਰਮਾ :** ** **

**ਮਾਨਯੋਗ ਸਪੀਕਰ :** ਬੈਠ ਜਾਓ, ਬੈਠ ਜਾਓ। ਸਰਦਾਰ ਜਗਦੇਵ ਸਿੰਘ ਕਮਾਲੂ ਜੀ, ਜਗਦੇਵ ਸਿੰਘ ਜੀ।

**ਸ਼੍ਰੀ ਐਨ.ਕੇ. ਸ਼ਰਮਾ :** ਸਪੀਕਰ ਸਾਹਿਬ, ਤੁਸੀਂ ਸੱਤ ਮਿੰਟ ਕਿਹਾ ਸੀ। ਹਾਲੇ ਚਾਰ ਮਿੰਟ ਹੋਏ ਹਨ।

**ਮਾਨਯੋਗ ਸਪੀਕਰ :** ਬੈਠੋ, ਬੈਠੋ ਟਾਈਮ ਦੇਖ ਲਓ। ਟਾਈਮ ਓਵਰ ਹੋ ਗਿਆ ਜੀ।(ਵਿਘਨ, ਸ਼ੋਰ) ਬੈਠ ਜਾਓ, ਬੈਠ ਜਾਓ। ਤੁਸੀਂ ਬੋਲ ਲਏ, ਬੋਲ ਲਏ।(ਵਿਘਨ, ਸ਼ੋਰ) ਹੋ ਗਿਆ, ਹੋ ਗਿਆ, ਬਹੁਤ ਹੋ ਗਿਆ। ਕਮਾਲੂ ਜੀ ਨੂੰ ਬੋਲ ਲੈਣ ਦਿਓ। ਉਹ ਪਹਿਲੀ ਵਾਰ ਬੋਲਣ ਲੱਗੇ ਹਨ। ਸ਼ਰਮਾ ਜੀ, ਉਹ ਪਹਿਲੀ ਵਾਰ ਬੋਲਣ ਲੱਗੇ ਹਨ ...(ਵਿਘਨ)...

**ਸ਼੍ਰੀ ਐਨ.ਕੇ. ਸ਼ਰਮਾ :** ਸਪੀਕਰ ਸਾਹਿਬ, ਇੱਕ ਮਿੰਟ। ਮੈਂ ਇਨ੍ਹਾਂ ਦੀ (ਆਮ ਆਦਮੀ ਪਾਰਟੀ ਵੱਲ ਇਸ਼ਾਰਾ) ਤਾਰੀਫ਼ ਕਰਨੀ ਹੈ ....(ਵਿਘਨ)....

**ਮਾਨਯੋਗ ਸਪੀਕਰ :** ਦੱਸੋ ਕੀ ਕਹਿਣਾ ਹੈ? ਇੱਕ ਮਿੰਟ ਜਗਦੇਵ ਜੀ।

---

** **Expunged as ordered by the Hon'ble Speaker.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਤੇ ਮੈਂਬਰ, ਸ਼੍ਰੀ ਸੁਰਿੰਦਰ ਕੁਮਾਰ ਡਾਵਰ ਅਤੇ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸ਼੍ਰੀ ਐਨ.ਕੇ. ਸ਼ਰਮਾ ਨੂੰ ਸੰਬੋਧਨ ਕਰਕੇ ਬਿਨਾਂ ਆਗਿਆ ਤੋਂ ਕੁਝ ਬੋਲ ਰਹੇ ਸਨ ਜੋ ਕਿ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਸ਼੍ਰੀ ਐਨ.ਕੇ. ਸ਼ਰਮਾ :** ਇੱਕ ਮਿੰਟ ਜੀ। ਮੈਂ ਇਨ੍ਹਾਂ ਦੀ (ਆਮ ਆਦਮੀ ਪਾਰਟੀ ਵੱਲ ਇਸ਼ਾਰਾ) ਤਾਰੀਫ਼ ਕਰਨੀ ਹੈ। ...(ਵਿਘਨ)... ਮੈਂ ਹੁਣ ਇਨ੍ਹਾਂ ਦੀ ਤਾਰੀਫ਼ ਕਰਨੀ ਹੈ।........ਆਪੋਜ਼ੀਸ਼ਨ ਵਿੱਚ ਬੈਠਣਾ .....

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਤੁਸੀਂ ਕੀ ਕਰ ਰਹੇ ਹੋ? ਬਜਟ ਤੇ ਬੋਲ ਰਹੇ ਹੋ ਕਿ ਕੀ ਕਰ ਰਹੇ ਹੋ? ....(ਵਿਘਨ)....

**ਸ਼੍ਰੀ ਐਨ.ਕੇ. ਸ਼ਰਮਾ :** ਬਜਟ ਤੇ ਬੋਲ ਰਿਹਾ ਹਾਂ ਜੀ, ਤੁਸੀਂ ਮੈਨੂੰ ਬੋਲ ਲੈਣ ਦਿਓ ....(ਵਿਘਨ)... ਬੋਲ ਲੈਣ ਦੇ ਭਾਈ ........ਆਪੋਜ਼ੀਸ਼ਨ ਵਿੱਚ ਬੈਠਣਾ ...(ਵਿਘਨ)...ਮੈਂ ਇਨ੍ਹਾਂ ਦੀ (ਆਮ ਆਦਮੀ ਪਾਰਟੀ ਵੱਲ ਇਸ਼ਾਰਾ) ਤਾਰੀਫ਼ ਕਰ ਰਿਹਾ ਹਾਂ, ਤੁਹਾਨੂੰ ਇਨ੍ਹਾਂ ਤੋਂ ਕੀ ਤਕਲੀਫ਼ ਹੈ? ....(ਵਿਘਨ).... ਸਾਰੇ ਬਜਟ ਤੇ ਬੋਲ ਕੇ ਗਏ ਹਨ ....(ਵਿਘਨ)... ਸਪੀਕਰ ਸਾਹਿਬ, ਬੋਲ ਲੈਣ ਦਿਓ, ਇੱਕ ਮਿੰਟ ਹੈ ਹੁਣ।

**ਮਾਨਯੋਗ ਸਪੀਕਰ :** ਤੁਸੀਂ ਤਾਂ ਬੋਲਦੇ ਨਹੀਂ ਹੁਣ?

**ਸ਼੍ਰੀ ਐਨ.ਕੇ. ਸ਼ਰਮਾ :** ਆਪੋਜ਼ੀਸ਼ਨ ਵਿੱਚ ਬੈਠਣਾ ਸੌਖਾ ਹੁੰਦਾ ਹੈ

ਪਰ ਨੌ ਚੇਲਿਆਂ ਨਾਲ ਮੋਢੀ ਬਣਨਾ ਔਖਾ ਹੁੰਦਾ ਹੈ।

ਦੇ ਅਸਤੀਫ਼ਾ ਮੁੜ ਮੁੜ ਕੁਰਸੀ ਸਾਂਭੀ ਜਾਂਦੇ ਆਂ

ਆਹ ** ** ਕੋਈ ਨਾ ਵਾਲੀ ਹੈ

ਭਾਰੀ ਛੇਕਾਂ ਨਾਲ ਆਪ ਵਾਲਿਓ ਥੋਡੀ ਥਾਲੀ ਹੈ।

**ਮਾਨਯੋਗ ਸਪੀਕਰ :** ਬੈਠੋ ਹੁਣ। ...(ਵਿਘਨ)... ਸਰਦਾਰ ਜਗਦੇਵ ਸਿੰਘ ਕਮਾਲੂ ਜੀ ... ਕਮਾਲੂ ਜੀ, ਕਮਾਲੂ ਜੀ। ** ** ਬਾਰੇ ਐਕਸਪੰਜ ਕਰ ਦਿਓ। ...(ਵਿਘਨ)... ਬੋਲੋ ਜੀ, ਬੋਲੋ।

---

** **Expunged as ordered by the Chair.

**ਸਰਦਾਰ ਜਗਦੇਵ ਸਿੰਘ (ਮੌੜ) :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਬਜਟ ਤੇ ਬੋਲਣ ਦਾ ਸਮਾਂ ਦਿੱਤਾ ਹੈ....

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਪੀਕਰ ਸਾਹਿਬ......

**ਮਾਨਯੋਗ ਸਪੀਕਰ :** ਉਹ ਐਕਸਪੰਜ ਕਰ ਦਿੱਤਾ ਜੀ, ਐਕਸਪੰਜ ਕਰ ਦਿੱਤਾ ਹੈ।

**ਸਰਦਾਰ ਜਗਦੇਵ ਸਿੰਘ :** ਇਕ ਵਾਰ ਸਾਡੇ ਉਧਰਲੇ ਭਰਾਵਾਂ ਨੇ ਤਾਰੀਫ਼ ਕਰਦੇ ਹੋਏ ਕਿਹਾ ਸੀ ਕਿ ਅਸੀਂ ਪੰਜ ਥਰਮਲਾਂ ਦੀਆਂ ਚਿਮਨੀਆਂ ਦਾ ਧੂੰਆਂ ਕੱਢਣ ਲਗਾ ਦਿੱਤਾ ਹੈ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਥਰਮਲਾਂ ਦੀਆਂ ਚਿਮਨੀਆਂ ਵਿੱਚੋਂ ਧੂੰਆਂ ਤਾਂ ਜ਼ਰੂਰ ਨਿਕਲਦਾ ਹੈ ਪਰ ਉਸ ਧੂੰਏਂ ਨਾਲ ਕਿਸਾਨਾਂ ਦਾ ਨੁਕਸਾਨ ਹੋ ਰਿਹਾ ਹੈ। ਮੇਰੇ ਹਲਕੇ ਦੇ ਨੇੜੇ ਪਿੰਡ ਬਣਾਂਵਾਲੀ ਥਰਮਲ ਹੈ, ਉਥੇ ਬਾਗ ਲੱਗੇ ਹੋਏ ਹਨ, ਉਨ੍ਹਾਂ ਬਾਗਾਂ ਨੂੰ ਜਦੋਂ ਫ਼ਲ ਲਗਦਾ ਹੈ ਤਾਂ ਉਹ ਧੂੰਆਂ ਜਦੋਂ ਪੈਂਦਾ ਹੈ ਤਾਂ ਬਾਗਾਂ ਦਾ ਫ਼ਲ ਅੱਧਾ ਰਹਿ ਜਾਂਦਾ ਹੈ। ਕੀ ਸਰਕਾਰ ਉਨ੍ਹਾਂ ਬਾਗਬਾਨਾਂ ਨੂੰ ਕੋਈ ਰਿਆਇਤ ਦੇ ਰਹੀ ਹੈ ਜਾਂ ਉਨ੍ਹਾਂ ਥਰਮਲ ਵਾਲਿਆਂ ਤੋਂ ਦਿਵਾਵੇਗੀ, ਜਿਨ੍ਹਾਂ ਦਾ ਧੂੰਆਂ ਉਨ੍ਹਾਂ ਦੀਆਂ ਫ਼ਸਲਾਂ ਦਾ 50% ਨੁਕਸਾਨ ਕਰ ਦਿੰਦਾ ਹੈ।

ਦੂਜੀ ਗੱਲ, ਬਜਟ ਵਿੱਚ ਨਸ਼ਾ ਰੋਕਣ ਬਾਰੇ ਕਿਹਾ ਗਿਆ ਹੈ। ਮੈਂ ਪਿਛਲੀ ਵਾਰ ਵੀ ਇਹ ਬੇਨਤੀ ਕੀਤੀ ਸੀ ਕਿ ਜਿਹੜੇ ਨਸ਼ਾ ਛੁਡਾਊ ਕੇਂਦਰ ਹਨ, ਉਨ੍ਹਾਂ ਵਿੱਚ ਨੌਜਵਾਨਾਂ ਦਾ ਨਸ਼ਾ ਸਿਰਫ਼ ਨਸ਼ੇ ਵਾਲੀਆਂ ਗੋਲੀਆਂ ਦੇ ਕੇ ਹੀ ਛੁਡਾਇਆ ਜਾਂਦਾ ਹੈ। ਜਦੋਂ ਮਰੀਜ਼ ਉਹ ਗੋਲੀਆਂ ਲੈਣੀਆਂ ਬੰਦ ਕਰ ਦਿੰਦਾ ਹੈ ਤਾਂ ਉਹ ਫਿਰ ਨਸ਼ਾ ਖਾਣਾ ਸ਼ੁਰੂ ਕਰ ਦਿੰਦਾ ਹੈ। ਕਿਸੇ ਵੀ ਨਸ਼ਾ ਛੁਡਾਊ ਕੇਂਦਰ ਵਿੱਚ ਮਿਨਰਲਜ਼ ਜਾਂ ਵਿਟਾਮਿਨਜ਼ ਦੀ ਦਵਾਈ ਨਹੀਂ ਦਿੱਤੀ ਜਾਂਦੀ, ਜਿਸ ਨਾਲ ਉਸ ਦਾ ਮਨ ਨਸ਼ੇ ਲਈ ਨਾ ਕਰੇ।

ਸਪੀਕਰ ਸਾਹਿਬ, ਇਸ ਬਜਟ ਵਿੱਚ 128 ਨੰਬਰ ਤੇ ਲਿਖਿਆ ਹੋਇਆ ਹੈ – "ਇਹ ਬੜੀ ਸੰਤੁਸ਼ਟੀ ਵਾਲੀ ਗੱਲ ਹੈ ਕਿ ਸਾਡੀ ਸਰਕਾਰ 239 ਮੁੱਢਲੇ ਸਿਹਤ ਕੇਂਦਰਾਂ ਅਤੇ 190 ਸਬਸਿਡੀਅਰੀ ਸਿਹਤ ਕੇਂਦਰਾਂ ਨੂੰ ਸਿਹਤ ਅਤੇ ਤੰਦਰੁਸਤੀ ਕੇਂਦਰਾਂ (ਹੈਲਥ ਐਂਡ ਵੈਲਨੈਸ ਸੈਂਟਰ) ਦੇ ਰੂਪ ਵਿੱਚ ਅਪਗ੍ਰੇਡ ਕਰਕੇ ਜਨਤਾ ਨੂੰ ਵਿਸਤ੍ਰਿਤ ਸੇਵਾਵਾਂ ਪ੍ਰਦਾਨ ਕਰ ਰਹੀ ਹੈ। ਇਸ ਤੋਂ ਇਲਾਵਾ 258 ਹੋਰ ਕੇਂਦਰ ਸਥਾਪਤ ਕੀਤੇ ਜਾਣਗੇ ਅਤੇ 800 ਸਿਹਤ ਅਤੇ ਤੰਦਰੁਸਤੀ ਕੇਂਦਰਾਂ ਦਾ ਮਜ਼ਬੂਤੀਕਰਨ ਕਰਕੇ ਸਾਲ 2019-20 ਵਿੱਚ ਉਨ੍ਹਾਂ ਨੂੰ ਕਾਰਜਸ਼ੀਲ ਕਰ ਦਿੱਤਾ ਜਾਵੇਗਾ। ਮੈਂ ਇਸ ਸਾਲ ਦੌਰਾਨ ਇਸ ਮੰਤਵ ਲਈ 2,250 ਕਰੋੜ ਰੁਪਏ ਦਿੱਤੇ ਜਾਣ ਦੀ ਤਜਵੀਜ਼ ਰੱਖਦਾ ਹਾਂ।" ਸ਼੍ਰੀਮਾਨ ਜੀ, ਸਾਡੇ ਮੌੜ ਮੰਡੀ ਦੇ ਵਿੱਚ ਇੱਕੋ ਇੱਕ ਹਸਪਤਾਲ ਹੈ, ਜਿਹੜਾ 1970 ਵਿੱਚ ਹੋਂਦ ਵਿੱਚ ਆਇਆ ਸੀ। ਇਹ 25 ਬਿਸਤਰਿਆਂ ਦਾ ਹਸਪਤਾਲ ਬਣਾਇਆ

ਗਿਆ ਸੀ। ਜਿਸ ਨੂੰ ਸੰਨ 2000 ਵਿੱਚ 30 ਬਿਸਤਰਿਆਂ ਦਾ ਬਣਾ ਕੇ ਕਮਿਊਨਿਟੀ ਸੈਂਟਰ ਹਾਲ ਬਣਾਇਆ ਗਿਆ ਹੈ। ਉਸ ਹਸਪਤਾਲ ਵਿੱਚ ਅੱਜ ਤੱਕ ਹੁਣ ਕੋਈ ਵੀ ਡਾਕਟਰ ਨਹੀਂ, ਚਾਰ-ਪੰਜ ਡਾਕਟਰਾਂ ਦੀਆਂ ਆਸਾਮੀਆਂ ਉਥੇ .....

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ :** ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ। ਸਰ, ਅੱਜ ਸਵੇਰੇ ਇਨ੍ਹਾਂ ਦਾ ਇਸ ਇਸ਼ੂ ਤੇ ਸਵਾਲ ਲੱਗਿਆ ਹੋਇਆ ਸੀ। ਇਨ੍ਹਾਂ ਨੂੰ ਪੂਰੀ ਡਿਟੇਲ ਵਿੱਚ ਦੋ ਪੇਜ ਦਾ ਜਵਾਬ ਗਿਆ ਹੋਇਆ ਹੈ। ਉਹ ਪੂਰਾ ਪੜ੍ਹ ਲੈਣ। ਮੈਂ ਫਰਦਰ ਵੀ ਇਨਸ਼ਿਓਰ ਕਰਦਾ ਹਾਂ ਕਿ ਉਥੇ ਉਹ ਸਾਰੀ ਡਿਟੇਲ ਦਿੱਤੀ ਹੋਈ ਹੈ। ਇਨ੍ਹਾਂ ਦੇ ਜੋ ਜੋ ਕੁਐਸਚਨ ਹਨ, ਜਾਂ ਕੋਈ ਹੋਰ ਵੀ ਕਮੀ ਉਥੇ ਜਿਹੜੀ ਹੈ, ਉਹ ਵੀ ਅਸੀਂ ਪੂਰੀ ਕਰ ਦਿਆਂਗੇ।

**Mr. Speaker :** Thank you.

**ਸਰਦਾਰ ਜਗਦੇਵ ਸਿੰਘ :** ਧੰਨਵਾਦ ਜੀ। ਵੈਸੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਪੁਰਾਣੇ ਸੈਂਟਰ ਹਨ, ਉਨ੍ਹਾਂ ਨੂੰ ਹੀ ਚਾਲੂ ਕਰ ਦਿਓ। ਜਵਾਬ ਵਿੱਚ ਲਿਖਿਆ ਹੈ ਕਿ ਅਸੀਂ ਇੰਨੇ ਸੈਂਟਰ ਹੋਰ ਬਣਾ ਰਹੇ ਹਾਂ। ਮੇਰੇ ਹਲਕੇ ਦੇ ਬਹੁਤ ਸਾਰੇ ਹੈਲਥ ਸੈਂਟਰਾਂ ਵਿੱਚ ਡਾਕਟਰਾਂ ਦਾ ਪ੍ਰਬੰਧ ਨਹੀਂ ਹੈ। ਦਵਾਈ ਜ਼ਰੂਰ ਹੋ ਸਕਦਾ ਹੈ ਕਿ ਹੋਵੇਗੀ। ਤੁਸੀਂ ਇਹ ਵੀ ਲਿਖਿਆ ਹੈ ਕਿ ਜਿਹੜਾ ਮੌੜ ਹਸਪਤਾਲ ਹੈ, ਉਥੇ ਪੰਜ ਅਸਾਮੀਆਂ ਸਪੈਸ਼ੇਲਿਸਟ ਦੀਆਂ ਹਨ ਪਰ ਇਸ ਟਾਈਮ ਇੱਕ ਵੀ ਨਹੀਂ ਹੈ। ਠੀਕ ਹੈ, ਤੁਸੀਂ ਇਹ ਵੀ ਲਿਖਿਆ ਹੈ ਕਿ ਇਹ ਅਸਾਮੀਆਂ ਪੂਰੀਆਂ ਕਰਨ ਜਾ ਰਹੇ ਹਾਂ। ਮੈਂ ਤਾਂ ਦੱਸਣਾ ਹੀ ਹੈ ਅਤੇ ਇਹ ਮੇਰਾ ਹੱਕ ਦੱਸਣਾ ਬਣਦਾ ਹੈ ਕਿ ਉਥੇ ਇਹ ਹਾਲ ਹੈ। ਮੈਂ ਪਿਛਲੇ ਸੈਸ਼ਨ ਦੌਰਾਨ ਵੀ ਕਿਹਾ ਸੀ ਕਿ ਉਥੇ ਅੱਜ ਵੀ ਐਮਰਜੈਂਸੀ ਸੇਵਾਵਾਂ ਮੁਹੱਈਆਂ ਨਹੀਂ ਹੋ ਰਹੀਆਂ, ਉਥੇ ਕੋਈ ਐਮਰਜੈਂਸੀ ਡਾਕਟਰ ਨਹੀਂ ਹੈ।

ਇਸ ਤਰ੍ਹਾਂ ਬਜਟ ਦੇ ਪੈਰ੍ਹਾ ਨੰ: 165 ਵਿਚ ਲਿਖਿਆ ਹੈ ਕਿ ਪੇਂਡੂ ਖੇਤਰਾਂ ਵਿਚ ਬਹੁਤ ਸਾਰੀਆਂ ਆਬਾਦੀਆਂ ਵਿੱਚ ਪੀਣ ਯੋਗ ਪਾਣੀ ਵਿੱਚ ਆਰਸੈਨਿਕ, ਫਲੋਰਾਈਡ, ਯੂਰੇਨੀਅਮ ਅਤੇ ਹੋਰ ਭਾਰੀ ਧਾਤਾਂ ਦੀ ਮੌਜੂਦਗੀ ਹੈ, ਆਰ.ਓ. ਸਿਸਟਮ ਦੀ ਗੱਲ ਕੀਤੀ ਗਈ ਹੈ। ਮੇਰੇ ਹਲਕੇ ਮੌੜ ਮੰਡੀ ਸ਼ਹਿਰ ਵਿਚ 4 ਆਰ.ਓ. ਲੱਗੇ ਹੋਏ ਹਨ ਜਿਹੜੇ ਦੋ-ਢਾਈ ਸਾਲ ਤੋਂ ਬੰਦ ਪਏ ਹਨ, ਤਕਰੀਬਨ ਸਾਰੇ ਪਿੰਡਾਂ ਵਿਚ ਆਰ.ਓ. ਬੰਦ ਪਏ ਹਨ। ਜਿਹੜੇ ਵਾਟਰ ਵਰਕਸ ਹਨ, ਉਨ੍ਹਾਂ ਦਾ ਇਹ ਹਾਲ ਹੈ ਕਿ ਬਹੁਤੀਆਂ ਪੰਚਾਇਤਾਂ ਕੋਲ ਕੋਈ ਵੀ ਫੰਡ, ਕੋਈ ਪੈਸਾ, ਕੋਈ ਜ਼ਮੀਨ ਨਹੀਂ ਹੈ। ਉਥੇ ਵਾਟਰ ਵਰਕਸਾਂ ਦੇ ਬਿਜਲੀ ਦੇ ਬਿਲ ਕਾਫ਼ੀ ਵੱਡੇ ਹੋਏ ਪਏ ਹਨ, ਬਿਜਲੀ ਵਾਲੇ ਕੁਨੈਕਸ਼ਨ ਕੱਟ ਦਿੰਦੇ ਹਨ ਤੇ ਜਿੰਨਾ ਚਿਰ ਬਿਜਲੀ ਵਾਲਿਆਂ ਦੇ ਬਿਜਲੀ ਦੇ ਬਿਲ ਪੇਅ ਨਹੀਂ

[ ਸਰਦਾਰ ਜਗਦੇਵ ਸਿੰਘ]

ਹੁੰਦੇ ਤਾਂ ਉਨਾ ਚਿਰ ਉਹ ਵਾਟਰ ਵਰਕਸ ਚਲਦੇ ਹੀ ਨਹੀਂ ਹਨ। ਅਸੀਂ ਲੋਕਾਂ ਨੂੰ ਸਾਫ਼ ਪਾਣੀ ਕਿਵੇਂ ਦਿਆਂਗੇ? ਇਸ ਲਈ ਵਾਟਰ ਵਰਕਸਾਂ ਨੂੰ ਬਿਜਲੀ ਘੱਟੋ-ਘੱਟ ਮੁਫ਼ਤ ਦਿੱਤੀ ਜਾਵੇ ਤਾਂ ਜੋ ਲੋਕਾਂ ਨੂੰ ਪੀਣ ਵਾਲਾ ਪਾਣੀ ਮਿਲ ਸਕੇ। ਮੇਰੇ ਕੋਲ ਮੇਰੇ ਹਲਕੇ ਦੇ ਤਕਰੀਬਨ 57-58 ਆਰ.ਓਜ਼. ਦੀ ਲਿਸਟ ਹੈ, ਜਿਹੜੇ ਬੰਦ ਪਏ ਹਨ। ਫਿਰ ਅਸੀਂ ਚੰਗਾ ਪਾਣੀ ਕਿਵੇਂ ਦਿਆਂਗੇ? ਇਹ ਗੱਲਾਂ ਕੋਈ ਲਿਖਣ ਨਾਲ ਨਹੀਂ ਹੁੰਦੀਆਂ, ਗਰਾਊਂਡ ਲੈਵਲ ਤੇ ਜਾ ਕੇ ਦੇਖਿਆ ਜਾਵੇ ਕਿ ਉਥੇ ਕੀ ਹੋ ਰਿਹਾ ਹੈ? ਲੋਕ ਤਰਾਹ ਤਰਾਹ ਕਰ ਰਹੇ ਹਨ, ਲੋਕਾਂ ਤੱਕ ਕਿਸੇ ਵੀ ਤਰ੍ਹਾਂ ਦੀ ਸਹੂਲਤ ਨਹੀਂ ਅੱਪੜਦੀ। ਮਾਫ਼ ਕਰਨਾ, ਇਥੋਂ ਜ਼ਰੂਰ ਦਿੱਤੀ ਜਾਂਦੀ ਹੈ ਪਰ ਰਾਹ ਵਿਚ ਹੀ ਰਹਿ ਜਾਂਦੀ ਹੈ, ਕੋਈ ਵੀ ਆਰ.ਓ. ਸਿਸਟਮ ਨਹੀਂ ਚਲਦਾ। ਬਹੁਤ ਸਾਰੇ ਵਾਟਰ ਵਰਕਸਾਂ ਦੇ ਕੁਨੈਕਸ਼ਨ ਕੱਟੇ ਹੋਣ ਕਰਕੇ ਬੰਦ ਪਏ ਹਨ।

ਇਸੇ ਤਰ੍ਹਾਂ ਹਸਪਤਾਲਾਂ ਵਿਚ ਦਵਾਈ ਨਹੀਂ ਹੈ, ਡਾਕਟਰ ਨਹੀਂ ਹਨ। ਜੇ ਸਬੰਧਿਤ ਮੰਤਰੀ ਜੀ ਮੈਨੂੰ ਕਹਿਣ ਤਾਂ ਮੈਂ ਸਾਰੀਆਂ ਲਿਸਟਾਂ ਇਨ੍ਹਾਂ ਨੂੰ ਦੇ ਦਿਆਂਗਾ ਕਿ ਸਾਡਾ ਮੌੜ ਮੰਡੀ ਦਾ ਇਕੋ ਇਕ ਹਸਪਤਾਲ ਹੈ, ਜਿੱਥੇ ਕੋਈ ਡਾਕਟਰ ਨਹੀਂ, ਕੋਈ ਦਵਾਈ ਨਹੀਂ, ਜਿਥੇ ਕੋਈ ਐਮਰਜੈਂਸੀ ਸੇਵਾਵਾਂ ਨਹੀਂ ਹਨ। ਮੈਂ ਅੱਜ ਵੀ ਜਦੋਂ ਬੰਬ ਬਲਾਸਟ ਦੀ ਗੱਲ ਸਮੇਂ ਵਾਕ ਆਊਟ ਕੀਤਾ ਸੀ ਤਾਂ ਇਹ ਗੱਲ ਕਹੀ ਸੀ ਕਿ ਜੇ ਸਾਡੇ ਹਸਪਤਾਲ ਵਿਚ ਐਮਰਜੈਂਸੀ ਡਾਕਟਰ ਹੁੰਦਾ ਤਾਂ ਹੋ ਸਕਦਾ ਹੈ ਕਿ ਕੋਈ ਨਾ ਕੋਈ ਜਾਨ ਬਚ ਜਾਂਦੀ। ਉਥੇ 2017 ਤੋਂ ਲੈ ਕੇ ਅੱਜ ਤੱਕ ਕੋਈ ਵੀ ਐਮਰਜੈਂਸੀ ਸੇਵਾਵਾਂ ਨਹੀਂ ਦਿੱਤੀਆਂ ਜਾ ਰਹੀਆਂ। ਜਿਹੜੇ ਸਾਡੇ ਹਲਕੇ ਦੇ ਲੋਕ ਹਨ ਉਹ ਕਿੱਧਰ ਨੂੰ ਜਾਣ? ਇਹ ਦੱਸਿਆ ਜਾਵੇ ਕਿ ਉਹ ਕਿਹੜੀ ਐਮਰਜੈਂਸੀ ਵਿੱਚ ਲੈ ਕੇ ਜਾਣ? ਐਮਰਜੈਂਸੀ ਹੁੰਦੀ ਹੈ ਕਿ ਮਰੀਜ਼ ਨੂੰ ਛੇਤੀ ਤੋਂ ਛੇਤੀ ਨੇੜੇ ਦੇ ਹਸਪਤਾਲ ਵਿਚ ਪਹੁੰਚਾ ਸਕੀਏ। ਬਠਿੰਡਾ ਸਾਡੇ ਤੋਂ 50 ਕਿਲੋਮੀਟਰ ਦੀ ਦੂਰੀ ਤੇ ਹੈ ਅਤੇ 50 ਕਿਲੋਮੀਟਰ ਐਮਰਜੈਂਸੀ ਵਾਸਤੇ ਮਰੀਜ਼ ਜਾਂਦੇ ਜਾਂਦੇ ਰਾਹ ਵਿੱਚ ਮਰ ਜਾਂਦੇ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਇਹ ਜਿਹੜਾ ਬਜਟ ਪੇਸ਼ ਕੀਤਾ ਹੈ, ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਪਰ ਇਸ ਨੂੰ ਅਮਲ ਵਿਚ ਲਿਆਂਦਾ ਜਾਵੇ। ਧੰਨਵਾਦ ਜੀ।

**Mr. Speaker :** Thank you. ਹਾਂ ਜੀ, ਸਰਦਾਰ ਤਰਸੇਮ ਸਿੰਘ ਡੀ.ਸੀ. ਸਾਹਿਬ ਜੀ।

**Shri Tarsem Singh DC (Attari, S.C.):** Hon'ble Speaker Sahib, thank you very much for giving me time to speak on this Budget. I am really grateful to our Finance Minister Sardar Manpreet Singh Ji Badal and our Chief Minister Captain Amarinder Singh Ji who

have given such an innovative and novel budget which looks after the interest of the State in all round development which leads to a strong economy in the future and will also lead to inclusive growth of the State. I am not only thankful to both of them but I rather salute both of them for presenting such a beautiful piece of economics which will help the whole State in a holistic way. So, when talking about the Budget, Scheduled Castes have been benefitted much more than any other section of the society as there was need for affirmative action. ਜਿੰਨੀ ਸਕੂਲਾਂ ਨੂੰ ਰਾਸ਼ੀ ਦਿੱਤੀ ਗਈ ਹੈ, ਸ਼ਡਿਊਲਡ ਕਾਸਟਾਂ ਦੇ 80% ਬੱਚੇ ਉਥੇ ਪੜ੍ਹਦੇ ਹਨ। ਇਹ ਜਿਹੜੀ ਰਾਸ਼ੀ ਹੈ, ਇਹ ਵੱਡੇ ਰੂਪ ਵਿਚ ਉਨ੍ਹਾਂ ਬੱਚਿਆਂ ਕੋਲ ਪਹੁੰਚੇਗੀ। ਜਿਵੇਂ ਦੱਸਿਆ ਹੈ ਕਿ 261 ਹਾਈ ਸਕੂਲ ਸਮਾਰਟ ਸਕੂਲ ਬਣਾਏ ਗਏ ਹਨ ਅਤੇ 2524 ਪ੍ਰਾਇਮਰੀ ਸਕੂਲ not only by the Govt. but alongwith the help of NRIs and..

**ਮਾਨਯੋਗ ਸਪੀਕਰ :** ਹੁਣ ਸਦਨ ਸੋਮਵਾਰ, ਮਿਤੀ 25 ਫਰਵਰੀ, 2019 ਦੇ 11.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੁੰਦਾ ਹੈ।

*2.30 ਵਜੇ ਬਾ:ਦੁ: (ਇਸ *ਸਮੇਂ ਸਦਨ ਸੋਮਵਾਰ, ਮਿਤੀ 25 ਫਰਵਰੀ, 2019 ਦੇ 11.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।)

----------

© 2019

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀ ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਟਾਈਪਸੈਟ ਕਰਵਾ ਕੇ ਛਾਪੀ ਗਈ।

PGP, Mohali / 10011 / 02-2019 (1)